ਹਫਤਾਵਾਰੀ

# ਦੇਸ਼ ਦੁਆਬਾ




‘ਸਦੀਆਂ ਤੋਂ ਜਾਤੀਵਾਦ, ਨਸਲਵਾਦ ਤੇ ਮਨੂੰਵਾਦੀ ਸੋਚ ਦੇ ਅਣਮਨੁੱਖੀ ਕਾਰਨਾਮੇ’ (ਦੇਖੋ ਸਫਾ 10 ਤੇ)


VOL - 4 ISSUE - 12
June 25, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com




‘ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ’ ਪ੍ਰੋਫੈਸਰ ਐਚ. ਐਲ. ਕਪੂਰ ਦਾ ਲੇਖ ਪੜ੍ਹੋ ਸਫਾ 15 ’ਤੇ


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ, ਗੁਰੂ ਹਰਗੋਬਿੰਦ ਜੀ, ਸਤਿਗੁਰੂ ਕਬੀਰ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਇਆ (ਸਬੰਧਿਤ ਖਬਰ ਅਤੇ ਹੋਰ ਤਸਵੀਰਾਂ ਦੇਖੋ ਸਫਾ 3 ’ਤੇ)



ਗੁਰਦੁਆਰਾ ਸਾਹਿਬ ਸਟਾਕਟਨ ਵਿਚ ਜੂਨ ’84 ਦੇ ਘੱਲੂਘਾਰੇ ਨੂੰ ਕੀਤਾ ਯਾਦ (ਸਬੰਧਿਤ ਖਬਰ ਅਤੇ ਹੋਰ ਤਸਵੀਰਾਂ ਦੇਖੋ ਸਫਾ 3 ’ਤੇ)

# ਬਾਬੀ ਜਿੰਦਲ ਵੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ

## ਹਿਲੇਰੀ ਕਲਿੰਟਨ ਰਾਸ਼ਟਰਪਤੀ ਦੇ ਅਹੁਦੇ ਲਈ ਤਕੜੀ ਉਮੀਦਵਾਰ





**ਲੂਸੀਆਨਾ–** ਭਾਰਤੀ ਮੂਲ ਦੇ ਅਮਰੀਕੀ ਸੂਬੇ ਲੂਸੀਆਨਾ ਦੇ ਗਵਰਨਰ ਬਾਬੀ ਜਿੰਦਲ ਨੇ ਰਾਸ਼ਟਰਪਤੀ ਚੋਣਾਂ ਦੇ ਲਈ ਆਪਣੀ ਦਾਅਵੇਦਾਰੀ ਪੇਸ਼ ਕੀਤੀ ਹੈ। ਭਾਰਤੀ ਮੂਲ ਦੇ ਅਮਰੀਕੀ ਜਿੰਦਲ ਨੇ ਬੁੱਧਵਾਰ ਨੂੰ ਨਿਊ ਅਰਲੀਅਨਸ ਵਿਚ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਦੀ ਉਮਦੀਵਾਰੀ ਪ੍ਰਾਪਤ ਕਰਨ ਲਈ ਮੈਦਾਨ ਵਿਚ ਉਤਰਨ ਦਾ ਐਲਾਨ ਕੀਤਾ ਹੈ। ਰਿਪਬਲਿਕਨ ਬਾਬੀ ਜਿੰਦਲ ਨੇ ਕਿਹਾ, ਮੈਂ ਵਾਸ਼ਿੰਗਟਨ ਹੈਡਕੁਆਰਟਰ ਦੀ ਆਗਿਆ ਲਏ ਬਿਨਾਂ ਰਾਸ਼ਟਰਪਤੀ ਦੇਅਹੁਦੇ ਦੀ ਉਮੀਦਵਾਰੀ ਲਈ ਚੋਣ ਲੜ ਰਿਹਾ ਹੈ। ਪਹਿਲੀ ਵਾਰ ਕਿਸੇ ਭਾਰਤੀ ਮੂਲ ਦੇ ਅਮਰੀਕੀ ਨੇ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰੀ ਲਈ ਚੋਣ ਮੈਦਾਨ ਵਿਚ ਰਸਮੀ ਤੌਰ ਤੇ ਗੰਭੀਰਤਾ ਨਾਲ ਲੜਨ ਦਾ ਐਲਾਨ ਕੀਤਾ ਹੈ। ਅਗਲੇ ਸਾਲ ਨਵੰਬਰ ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਲਈ ਹੁਣ ਤੱਕ ਰਿਪਬਲਿਕਨ ਪਾਰਟੀ ਵੱਲੋਂ 13 ਉਮੀਦਵਾਰ ਮੈਦਾਨ ਵਿਚ ਆ ਚੁੱਕੇ ਹਨ। ਅਮਰੀਕਾ ਵਿਚ ਦੋ ਮੁੱਖ ਪਾਰਟੀਆਂ ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਕਨ ਪਾਰਟੀ ਵੱਲੋਂ ਅਧਿਕਾਰਿਤ ਤੌਰ ਤੇ ਉਮੀਦਵਾਰੀ ਪ੍ਰਾਪਤ ਕਰਨ ਦੀ ਪ੍ਰਕਿਰਿਆ ਕਾਫੀ ਲੰਮੀ ਅਤੇ ਜਟਿਲ ਹੈ। ਡੈਮੋਕ੍ਰੇਟਿਕ ਪਾਰਟੀ ਵੱਲੋਂ ਸਾਬਕਾ ਅਮ-ਰੀਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਰਿਪਬਲਿਕਨ ਪਾਰਟੀ ਵੱਲੋਂ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਦੇ ਭਰਾ ਜੇਬ ਬੁਸ਼ ਸਮੇਤ ਕਈ ਲੀਡਰ ਆਪਣੀ ਦਾਅਵੇਦਾਰੀ ਪੇਸ਼ ਕਰ ਚੁੱਕੇ ਹਨ।

ਹਿਲੇਰੀ ਕਲਿੰਟਨ ਦੇ ਡੈਮੋਕਰੇਟਿਕ ਪਾਰਟੀ ਦੀ ਉਮੀਦਵਾਰ ਵਜੋਂ ਚੁਣੇ ਜਾਣ ਅਤੇ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦੀਆਂ ਸੰਭਾਵਨਾਵਾਂ ਹਨ। ਵਾਲ ਸਟ੍ਰੀਟ ਰਸਾਲੇ/ਐਨ ਬੀ ਸੀ ਵੱਲੋਂ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਸ੍ਰੀਮਤੀ ਕਲਿੰਟਨ ਵੱਲੋਂ ਇਸ ਮਹੀਨੇ ਵਿੱਚ ਕੀਤੀ ਗਈ ਜਨਤਕ ਰੈਲੀ ਦੌਰਾਨ ਉਸ ਦੀ ਹਰਮਨਪਿਆਰਤਾ ਸਾਹਮਣੇ ਆਈ ਹੈ ਤੇ ਉਸ ਨੇ ਆਪਣੇ ਆਪ ਨੂੰ ਰਾਸ਼ਟਪਤੀ ਚੋਣਾਂ ਲਈ ਇਕ ਮਜ਼ਬੂਤ ਦਾਅਵੇਦਾਰ ਵਜੋਂ ਪੇਸ਼ ਕੀਤਾ ਹੈ। ਡੈਮੋਕਰੇਟਿਕ ਪਾਰਟੀ ਦੇ ਇੱਕ ਤਿਹਾਈ ਵੋਟਰਾਂ ਨੇ ਸ੍ਰੀਮਤੀ ਕਲਿੰਟਨ ਨੂੰ ਰਾਸ਼ਟਰਪਤੀ ਚੋਣਾਂ ਲਈ ਸਭ ਤੋਂ ਸਿਖਰਲੀ ਉਮੀਦਵਾਰ ਦੱਸਿਆ ਹੈ ਜਦਕਿ 15 ਫੀਸਦੀ ਨੇ ਬੇਰਨੀ ਸੈਨਰਜ਼ ਨੂੰ ਚੁਣਿਆ ਹੈ। ਚੋਣ ਸਰਵੇਖਣ ਅਨੁਸਾਰ 1000 ਵੋਟਰਾਂ ਤੋਂ

(ਬਾਕੀ ਸਫਾ 8 ਤੇ)


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

KSR AUTO REPAIR
Complete Auto Repair Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager
50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

GR Video Production
Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

BEST AUTO DEALS
Eye It!! Try it!! Buy it!!
MIKE HOTHI
(916) 991- 1778
(530) 218- 5137
649 W Elkhorn Blvd Ste 101
Rio Linda, CA 95673
bestautodeals15@gmail.com

SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 30ਵਾਂ ਸਥਾਪਨਾ ਦਿਵਸ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 26 ਜੂਨ (ਸ਼ੁੱਕਰਵਾਰ) ਸਵੇਰੇ 9 ਵਜੇ
ਨਿਸ਼ਾਨ ਸਾਹਿਬ ਦੀ ਸੇਵਾ ਸ਼ਨਿਚਰਵਾਰ 27 ਜੂਨ ਨੂੰ ਸਵੇਰੇ 11.30 ਵਜੇ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 28 ਜੂਨ (ਐਤਵਾਰ) ਸਵੇਰੇ 9 ਵਜੇ
ਭੋਗ ਤੋਂ ਬਾਅਦ 1.30 ਵਜੇ ਤੱਕ ਕੀਰਤਨ ਦੀਵਾਨ ਸਮਾਗਮ ਹੋਵੇਗਾ

ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ

**Sewadars**

| Chairman | President | General Secretary | Treasurer |
|---|---|---|---|
| Faqira Mehmi | Ramesh Suman | Dilbag Singh | Narinder Chahal |
| (925)698.1341 | (925) 366.3618 | (209)834-4641 | (209)627.7974 |

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



**Buy Quality Used Trucks**



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ**

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ (ਦੀਵਾਲੀਆਪਣ), ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।



**Call : Dharminder Singh**

**Cell : 530-870-6600**

Email: myfuturetruck@gmail.com
2535 Front St. West Sacramento, CA 95691

Cell : 530-870-6600
Fax : 530-405-1429

# ਗੁਰਦੁਆਰਾ ਸਾਹਿਬ ਸਟਾਕਟਨ ਵਿਚ ਜੂਨ '84 ਦੇ ਘੱਲੂਘਾਰੇ ਨੂੰ ਯਾਦ ਕੀਤਾ












**ਸਟਾਕਟਨ (ਬਲਵਿੰਦਰਪਾਲ ਸਿੰਘ ਖਾਲਸਾ)** ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਭਾਰਤ ਸਰਕਾਰ ਦੁਆਰਾ ਜਾਣ ਬੁੱਝ ਕੇ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਕੀਤੇ ਹਜ਼ਾਰਾਂ ਸਿੱਖਾਂ ਨੂੰ ਯਾਦ ਕਰਨ ਤੇ ਉਸ ਘੱਲੂਘਾਰੇ ਦੇ ਮਹਾਨ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੁਆਰਾ ਐਲਾਨੇ ਖਾਲਿਸਤਾਨ ਦੇ ਸੰਘਰਸ਼ ਨੂੰ ਸਫਲਤਾ ਵੱਲ ਲੈ ਜਾਣ ਲਈ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਿਸ ਵਿਚ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਹੋਈ।

ਕਥਾ ਕੀਰਤਨ ਦਾ ਪਰਵਾਹ ਚੱਲਿਆ। ਦੂਰ ਦੁਰੇਡੇ ਤੋਂ ਆਏ ਪੰਥਕ ਬੁਲਾਰਿਆਂ ਨੇ ਆਪਣੇ ਕੀਮਤੀ ਵੀਚਾਰਾਂ ਤੋਂ ਸੰਗਤਾਂ ਨੂੰ ਜਾਣੂੰ ਕਰਵਾਂਦਿਆ ਭਵਿੱਖ ਦੀ ਸਿੱਖ ਅਜ਼ਾਦੀ ਬਾਰੇ ਚਾਨਣਾ ਪਾਇਆ। ਸਭ ਤੋਂ ਪਹਿਲਾਂ ਸਿੱਖ ਕੌਮ ਦੇ ਅਨੇਕਾਂ ਬਹਾਦਰ ਜਰਨੈਲਾਂ ਵਿਚੋਂ ਭਾਈ ਜਗਤਾਰ ਸਿੰਘ ਹਵਾਰਾ ਦੇ ਮਾਤਾ ਜੀ ਬੀਬੀ ਨਰਿੰਦਰ ਕੌਰ ਹੁਰਾਂ ਨੂੰ ਵਿਸ਼ੇਸ਼ ਸੱਦੇ ਉੱਤੇ ਇਸ ਸ਼ਹੀਦੀ ਸਮਾਗਮ ਉੱਤੇ ਸੱਦਿਆ ਗਿਆ ਸੀ। ਮਾਤਾ ਜੀ ਜਦ ਆਪਣੇ ਪਰਵਾਰ ਤੇ ਸਿਖਸ ਫਾਰ ਜਸਟਿਸ ਦੇ ਸਿੰਘਾਂ ਤੇ ਵਕੀਲ ਗੁਰਪਤਵੰਤ ਸਿੰਘ ਪੰਨੂ ਨਾਲ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਕੈਲੇਫੋਰਨੀਆ ਗਤਕਾ ਦਲ ਨੇ ਸ੍ਰੀ ਸਾਹਿਬਾਂ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਜੈਕਾਰਿਆਂ ਨਾਲ ਮਾਤਾ ਜੀ ਨੂੰ ਸਲਾਮੀ ਪੇਸ਼ ਕੀਤੀ। ਤੇ ਗੁਰਦੁਆਰਾ ਸਾਹਿਬ ਵਿਚ ਮਾਤਾ ਜੀ ਨੂੰ ਸਾਂਝੇ ਤੌਰ ਉੱਤੇ ਸਰੋਪਾ ਸਾਹਿਬ ਤੇ ਕਿਰਪਾਨ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਬੀਬੀ ਕੁਲਬੀਰ ਕੌਰ-ਰਾਜਬੀਰ ਕੌਰ ਨੇ ਸੰਤ ਭਿੰਡਰਾਂਵਾਲਿਆਂ ਦੀ ਸ਼ਖਸੀਅਤ ਉੱਤੇ ਚਾਨਣਾ ਪਾਇਆ। ਸਮਾਗਮ ਲਈ ਪ੍ਰਬੰਧ ਕਰਨ ਵਾਲਿਆਂ ਵਿਚੋਂ ਸਿਖ ਯੂਥ ਆਫ ਅਮਰੀਕਾ ਦੇ ਸੀਨੀਅਰ ਮੈਂਬਰ ਭਾਈ ਹਰਮਿੰਦਰ ਸਿੰਘ ਸਮਾਨਾ ਨੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹੋ ਰਹੇ ਸ਼ਹੀਦੀ ਸਮਾਗਮ ਦੀ ਲੋੜ, ਇਸਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਸੰਗਤਾਂ ਦੇ ਸਹਿਯੋਗ ਦੀ ਮੰਗ ਕਰਦਆਂ ਗਦਰੀ ਸਿੰਘਾਂ ਸ਼ਹੀਦਾਂ ਦੀ ਤੁਲਨਾ ਖਾਲਿਸਤਾਨੀਆਂ ਨਾਲ ਕੀਤੀ। ਬੁਲਾਰਿਆਂ ਵਿਚ ਵਾਸ਼ਿੰਗਟਨ ਡੀ. ਸੀ. ਤੋਂ ਵਿਸ਼ੇਸ਼ ਸੱਦੇ ਉੱਤੇ ਆਏ ਡਾਕਟਰ ਅਮਰਜੀਤ ਸਿੰਘ ਹੁਰਾਂ ਭਾਰਤ ਸਰਕਾਰ ਵੱਲੋਂ 1984 ਵਿਚ ਕੀਤੀ। ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ ਗੱਲ ਸੰਗਤਾਂ ਨਾਲ ਸਾਂਝੀ ਕੀਤੀ ਤੇ ਕਿਹਾ ਕਿ ਵੱਡਾ ਕਤਲੇਆਮ ਕਰਵਾ ਕੇ ਹੁਣ ਸਿਖ ਭਾਰਤ ਦੇ ਗੁਲਾਮ ਨਹੀਂ ਰਹਿ ਸਕਦੇ ਤੇ ਹਰ ਹਾਲਤ ਵਿਚ ਆਜ਼ਾਦੀ ਹਾਸਲ ਕਰਨੀ ਹੋਵੇਗੀ। ਸਿਖਸ ਫਾਰ ਜਸਟਿਸ ਦੇ ਬੁਲਾਰੇ ਭਾਈ ਅਮਰਦੀਪ ਸਿੰਘ ਨੇ ਜੂਨ ਚੁਰਾਸੀ ਦੇ ਘੱਲੂਘਾਰੇ ਦੌਰਾਨ ਭਾਰਤ ਸਰਕਾਰ ਵੱਲੋਂ ਸਿਖ ਕੌਮ ਦੀ ਕੀਤੀ ਨਸਲਕੁਸ਼ੀ ਦੇ ਨਤੀਜੇ ਵਜੋਂ ਖਾਲਿਸਤਾਨ ਦੀ ਮੰਗ ਤੇ ਉਸਦੇ ਹਾਸਲ ਕਰਨ ਲਈ ਗੰਭੀਰਤਾ ਨਾਲ ਸ਼ੁਰੂ ਕੀਤੀ ਰੈਫਰੈਂਡਮ-2020 ਲਈ ਸ਼ੁਰੂ ਕੀਤੀ ਵੱਡੀ ਲਹਿਰ ਦੇ ਸਮਰਥਨ ਲਈ ਸੰਗਤਾਂ ਦੇ ਸਹਿਯੋਗ ਦੀ ਮੰਗ ਕੀਤੀ। ਉਪਰੰਤ ਭਾਈ ਬਚਿੱਤਰ ਸਿੰਘ ਦੀ ਅਗਵਾਈ ਵਿਚ ਨਾਭੇ ਵਾਲਿਆਂ ਬੀਬੀਆਂ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਭਾਈ ਰੇਸ਼ਮ ਸਿੰਘ ਨੇ ਸਰਦਾਰ ਸਿਮਰਨਜੀਤ ਸਿੰਘ ਮਾਨ ਦੁਆਰਾ ਖਾਲਿਸਤਾਨ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਯਤਨਾਂ ਤੇ ਪਰਦੇਸੀ ਧਰਤੀ ਤੋਂ ਸਿੱਖ ਕੌਮ ਦੁਆਰਾ ਉਠਾਈ ਜਾ ਰਹੀ ਖਾਲਿਸਤਾਨ ਦੀ ਮੰਗ ਨੂੰ ਗਦਰੀ ਬਾਬਿਆਂ ਦੁਆਰਾ ਭਾਰਤ ਨੂੰ ਅਜ਼ਾਦ ਕਰਵਾਉਣ ਨਾਲ ਤੁਲਨਾ ਕਰਦਿਆਂ ਕਿਹਾ ਕਿ ਜੇ ਗਦਰੀ ਬਾਬਿਆਂ ਦੀ ਮੰਗ ਜਾਇਜ਼ ਹੈ ਤਾਂ ਭਾਰਤ ਸਰਕਾਰ ਖਾਲਿਸਤਾਨ ਦੀ ਮੰਗ ਨੂੰ ਗਲਤ ਨਹੀਂ ਕਹਿ ਸਕਦੀ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਦਲਜੀਤ ਸਿੰਘ ਨੇ ਸਮਾਗਮ ਦੀ ਰੂਪ-ਰੇਖਾ ਨੂੰ ਬਹੁਤ ਸ਼ਾਨਦਾਰ ਢੰਗ ਨਾਲ ਨਿਭਾਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਰਕਿੰਦਰ ਸਿੰਘ ਨੇ ਸਟਾਕਟਨ ਦੇ ਮੇਅਰ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ। ਸਟਾਕਟਨ ਦੇ ਮੇਅਰ ਐਨਥਨੀ ਸਿਲਵਾ ਨੇ ਵੀ ਨਾਰਥ ਕੈਰੋਲਾਇਨਾ ਦੇ ਇਕ ਚਰਚ ਵਿਚ ਇਕ ਕਥਿਤ ਨਫਰਤੀ ਕਾਤਲ ਵੱਲੋਂ 9 ਅਫ਼ਰੀਕੀ ਅਮਰੀਕੀ ਨਾਗਰਿਕਾਂ ਦੇ ਮਾਰੇ ਜਾਣ ਬਾਰੇ ਅਫਸੋਸ ਨਾਲ ਵੀਚਾਰ ਪ੍ਰਗਟ ਕਰਦਿਆਂ ਭਾਰਤ ਸਰਕਾਰ ਦੁਆਰਾ ਸਿੱਖ ਕੌਮ ਦੇ ਕਤਲੇਆਮ ਨੂੰ ਨਸਲਘਾਤ ਕਰਾਰ ਦਿੱਤਾ। ਮੇਅਰ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਪ੍ਰਬੰਧਕ ਕਮੇਟੀ ਵੱਲੋਂ ਭਾਈ ਰਕਿੰਦਰ ਸਿੰਘ, ਡਾਕਟਰ ਅਮਰਜੀਤ ਸਿੰਘ ਦੁਆਰਾ ਭੇਂਟ ਕੀਤੀ ਗਈ। ਕੈਲੇਫੋਰਨੀਆ ਗਤਕਾ ਦਲ ਨੇ ਗੁਰਦੁਆਰਾ ਸਾਹਿਬ ਵਿਚ ਗਤਕੇ ਦੇ ਜੌਹਰ ਵਿਖਾਂਦਿਆਂ ਖਾਲਿਸਤਾਨ ਖਾਲਿਸਤਾਨ ਦੇ ਜੋਸ਼ ਮਈ ਨਾਹਰਿਆਂ ਨਾਲ ਮਾਹੌਲ ਜੋਸ਼ ਮਈ ਬਣਾ ਦਿੱਤਾ। ਸਿੱਖ ਰੈਫਰੈਂਡਮ-2020 ਨੇ ਵੱਡੇ ਬੈਨਰ ਲਾ ਕੇ ਸਿੱਖ ਅਜ਼ਾਦੀ-ਖਾਲਿਸਤਾਨ ਦਾ ਪ੍ਰਚਾਰ ਕੀਤਾ।



## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 28 ਨੂੰ ਮਨਾਇਆ ਜਾਵੇਗਾ

**ਸੈਕਰਾਮੈਂਟੋਂ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਅਗਲੇ ਐਤਵਾਰ ਮਿਤੀ 28 ਜੂਨ ਨੂੰ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਗੁਰੂ ਘਰ ਦੀਆਂ ਸੰਗਤਾਂ ਵੱਲੋਂ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਸ ਮੌਕੇ ਪੰਥ ਪ੍ਰਸਿੱਧ ਢਾਡੀ ਜਥਾ ਭਾਈ ਸਾਹਿਬ ਸੰਤ ਰਾਮ ਪਾਰਸ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਭਾਰਤ ਤੋਂ ਆਇਆ ਪ੍ਰਸਿੱਧ ਗੋਲਡਨ ਢਾਡੀ ਜਥਾ ਗਿਆਨੀ ਸੰਤ ਸਿੰਘ ਪਾਰਸ ਸੰਗਤਾਂ ਨੂੰ ਆਪਣੀਆਂ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ। ਗੋਲਡਨ ਢਾਡੀ ਜਥਾ ਸ਼ਨੀਵਾਰ ਸ਼ਾਮੀ 6 ਤੋਂ 9 ਵਜੇ ਤੱਕ ਢਾਡੀ ਵਾਰਾਂ ਸੁਣਾਵੇਗਾ ਅਤੇ ਅਗਲੇ ਦਿਨ ਪ੍ਰੋਗਰਾਮ 10 ਵਜੇ ਤੋਂ 2 ਵਜੇ ਤੱਕ ਹੋਵੇਗਾ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਅਤੇ ਗੁਰੂ ਹਰਗੋਬਿੰਦ ਜੀ ਮਹਾਰਾਜ, ਸਤਿਗੁਰੂ ਕਬੀਰ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਇਆ









**ਨਿਊਯਾਰਕ-** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ ਪ੍ਰਬੰਧਕੀ ਸੇਵਾਦਾਰ, ਗੁਰੂ ਘਰ ਦੇ ਸਟਾਫ ਨੇ ਮਿਲ ਕੇ ਸੰਗਤ ਦੇ ਸਹਿਯੋਗ ਨਾਲ ਸਤਿਗੁਰਾਂ ਦੀ ਯਾਦ ਵਿਚ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕੀਤਾ।

ਇਹਨਾਂ ਸਮਾਗਮਾਂ ਵਿਚ ਗੁਰੂ ਪੰਥ ਦੇ ਮਹਾਨ ਕੀਰਤਨੀਏ ਭਾਈ ਅਮਰੀਕਾ ਸਿੰਘ ਗੁਰਦਾਸਪੁਰ ਵਾਲੇ, ਭਾਈ ਧਰਮ ਸਿੰਘ ਬੰਬੇ ਵਾਲੇ, ਭਾਈ ਭਗਤ ਸਿੰਘ ਬੰਬੇ ਵਾਲੇ, ਗੁਰੂ ਘਰ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਨਾਲ ਹਾਜ਼ਰੀ ਲਵਾਈ। ਢਾਡੀ ਗਿਆਨੀ ਸਰੂਪ ਸਿੰਘ ਕੰਡਿਆਣੇ ਵਾਲਿਆਂ ਨੇ ਵੀਰ ਰਸ ਵਾਰਾਂ ਨਾਲ ਸੰਸਾਰ ਤੋਂ ਅਸੀਸ ਪ੍ਰਾਪਤ ਕੀਤੀ। ਵਿਸ਼ੇਸ਼ ਤੌਰ ਤੇ ਕੈਨੇਡਾ ਤੋਂ ਪਹੁੰਚੇ ਕਥਾਵਾਚਕ ਭਾਈ ਗੁਲਜ਼ਾਰ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਬਾਰੇ ਵਿਸਥਾਰ ਨਾਲ ਸੰਗਤ ਵਿਚ ਸਾਂਝ ਪਾਈ।

ਬੱਚਿਆਂ ਨਾਲ ਵਿਸ਼ੇਸ਼ ਤੌਰ ਤੇ ਵੱਖਰੀ ਮਿਲਣੀ ਕਰਕੇ ਉਹਨਾਂ ਨੂੰ ਧਰਮ ਗੁਰਬਾਣੀ ਵਿਰਸੇ ਤੋਂ ਜਾਣੂ ਕਰਵਾਇਆ।ਭਾਈ ਸਾਹਿਬ ਸਿੰਘ ਕੈਨੇਡਾ ਵਾਲੇ ਕਥਾਵਾਚਕ ਨੇ ਸਤਿਗੁਰੂ ਕਬੀਰ ਜੀ ਅਤੇ ਗੁਰੂ ਹਰਗੋਬਿੰਦ ਜੀ ਦੇ ਜੀਵਨ ਫਲਸਫੇ 'ਤੇ ਚਾਨਣਾ ਪਾਇਆ। ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਪਿਛਲੇ ਸਮੇਂ ਤੋਂ ਜਦੋਂ ਤੋਂ ਸੇਵਾ ਸੰਭਾਲੀ ਹੈ, ਬਹੁਤ ਹੀ ਸੁਚੱਜੇ ਪ੍ਰੋਗਰਾਮ ਗੁਰੂ ਘਰ ਵਿਚ ਉਲੀਕੇ ਜਾ ਰਹੇ ਹਨ।

ਗੁਰੂ ਘਰ ਦੇ ਜਨਰਲ ਸਕੱਤਰ ਪਰਮਜੀਤ ਫਿਲੌਰ ਅਤੇ ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਨਿਰਮਲ ਸਿੰਘ ਨੇ ਆਈਆਂ ਸੰਗਤਾਂ, ਕੀਰਤਨੀ ਜਥੇ, ਕਥਾਵਾਚਕ ਅਤੇ ਢਾਡੀ ਜਥੇ ਦਾ ਧੰਨਵਾਦ ਕਰਦਿਆਂ ਸੰਗਤ ਨੂੰ ਬੇਨਤੀ ਕੀਤੀ ਕਿ ਜਿਵੇਂ ਪਿਛਲੇ ਸਮੇਂ ਵਿਚ ਭਰਵਾਂ ਸਹਿਯੋਗ ਦਿੱਤਾ ਹੈ, ਇਸ ਤੋਂ ਵੀ ਵੱਧ ਸਹਿਯੋਗ ਨਾਲ ਅਗਲੇਰੇ ਸਮੇਂ ਵਿਚ ਹੋਰ ਵੀ ਵਧੀਆ ਪ੍ਰੋਗਰਾਮ ਉਲੀਕੇ ਜਾਣਗੇ।

ਤੀਸਰਾ ਮਹਾਨ ਨਗਰ ਕੀਰਤਨ 11 ਜੁਲਾਈ ਦਿਨ ਸ਼ਨੀਵਾਰ ਨੂੰ ਆ ਰਿਹਾ ਹੈ, ਜਿਸ ਸਬੰਧੀ 3 ਜੁਲਾਈ ਤੋਂ 12 ਜੁਲਾਈ ਤੱਕ ਵਿਸ਼ੇਸ਼ ਦੀਵਾਨ ਹੋਣਗੇ। ਮੁਫਤ ਖੂਨਦਾਨ ਕੈਂਪ 12 ਜੁਲਾਈ ਨੂੰ ਗੁਰੂ ਘਰ ਵਿਖੇ ਲਗਾਇਆ ਜਾਵੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸਟਾਕਟਨ ਵਿਖੇ 28 ਜੂਨ ਨੂੰ ਹੋ ਰਹੇ ਕਾਵਿ ਸੰਮੇਲਨ ਦੀਆਂ ਤਿਆਰੀਆਂ ਮੁਕੰਮਲ


**ਸਟਾਕਟਨ–** ਕੈਲੀਫੋਰਨੀਆਂ ਦੀਆਂ ਚਾਰ ਪੰਜਾਬੀ ਸਾਹਿਤਕ ਜਥੇਬੰਦੀਆਂ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸਟਾਕਟਨ ਵਿਖੇ ਕਰਵਾਏ ਜਾ ਰਹੇ ਕਾਵਿ-ਸੰਮੇਲਨ ਦੀਆਂ ਤਿਆਰੀਆਂ ਸੰਪੂਰਨ ਹੋ ਗਈਆਂ ਹਨ।

ਇਹ ਸੰਮੇਲਨ ਪੰਜਾਬੀ ਦੇ ਪ੍ਰਸਿੱਧ ਕਰਾਂਤੀਕਾਰੀ ਗੀਤਕਾਰਾਂ: ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਤ ਹੋਵੇਗਾ। ਇਸ ਸੰਮੇਲਨ ਦਾ ਆਰੰਭ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਦੇ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਸਮੂਹ ਸਾਹਿਤਕਾਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਕੀਤਾ ਜਾਵੇਗਾ। ਫਿਰ 'ਕੂਲ ਪੰਜਾਬੀ ਵਿਰਸਾ ਗਰੁੱਪ ਸਟਾਕਟਨ' ਦੀ ਪ੍ਰਸਿੱਧ ਸੰਗੀਤਕਾਰ ਜੋੜੀ ਪਰਮਜੀਤ ਸਿੰਘ ਅਤੇ ਰੇਣੂ ਸਿੰਘ ਵੱਲੋਂ ਚੋਣਵੇਂ ਇਨਕਲਾਬੀ ਗੀਤਾਂ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

ਕੁਝ ਹੋਰ ਗੀਤਕਾਰ ਵੀ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਦੇ ਗੀਤ ਗਾਉਣਗੇ। ਗੀਤ ਸੰਗੀਤ ਦੇ ਪ੍ਰੋਗਰਾਮ ਤੋਂ ਬਾਅਦ ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਦੁਆਰਾ ਸੰਪਾਦਤ ਨਿਬੰਧ ਸੰਗ੍ਰਹਿ "ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ" ਲੋਕ ਅਰਪਣ ਕੀਤਾ ਜਾਵੇਗਾ। ਇਸ ਸੰਗ੍ਰਹਿ ਵਿਚ ਪੰਜਾਬੀ ਦੇ 23 ਵਿਦਵਾਨਾਂ ਦੇ ਲੇਖ ਸ਼ਾਮਲ ਕੀਤੇ ਗਏ ਹਨ। ਇਸ ਉਪਰੰਤ ਪ੍ਰਸਿੱਧ ਗ਼ਜ਼ਲਗੋ ਜਸਵਿੰਦਰ (ਜਿਨ੍ਹਾਂ ਨੂੰ ਉਹਨਾਂ ਦੀ ਪੁਸਤਕ 'ਅਗਰਬੱਤੀ' ਲਈ ਭਾਰਤੀ ਸਾਹਿਤ ਅਕੈਡਮੀ ਵਲੋਂ ਸਰਬੋਤਮ ਇਨਾਮ ਨਾਲ ਸਨਮਾਨਿਆ ਗਿਆ ਹੈ) "ਜੁਝਾਰਵਾਦੀ ਪੰਜਾਬੀ ਕਵਿਤਾ ਦੇ ਸਾਹਿਤਕ ਯੋਗਦਾਨ ਅਤੇ ਲੋਕ-ਪੱਖੀ ਮਹੱਤਵ" ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਡਾ. ਮੋਹਨ ਸਿੰਘ ਤਿਆਗੀ ਵੱਲੋਂ 'ਅਮਰੀਕਨ ਪੰਜਾਬੀ ਕਵਿਤਾ ਦਾ ਗਲੋਬਲੀ ਪਰਿਪੇਖ' ਖੋਜ ਪੇਪਰ ਪੇਸ਼ ਕੀਤਾ ਜਾਵੇਗਾ।

ਪ੍ਰੋ. ਹਰਭਜਨ ਸਿੰਘ ਵੱਲੋਂ ਪੰਜਾਬੀ ਦੀਆਂ ਨਵ-ਪ੍ਰਕਾਸ਼ਤ ਕਿਤਾਬਾਂ ਦੀ 'ਸੇਲ' ਲਾਈ ਜਾਵੇਗੀ।

ਦੁਪਹਿਰ ਦੇ ਖਾਣੇ ਤੋਂ ਮਗਰੋਂ ਦੂਸਰੇ ਸੈਸ਼ਨ ਦਾ ਆਰੰਭ ਗ਼ਜ਼ਲ ਗਾਇਨ ਨਾਲ ਹੋਵੇਗਾ।




ਪਰਮਜੀਤ ਸਿੰਘ ਅਤੇ ਰੇਣੂ ਸਿੰਘ ਵੱਲੋਂ ਦੁਸ਼ਅੰਤ ਕੁਮਾਰ ਅਤੇ ਜਸਵਿੰਦਰ ਦੀਆਂ ਚੋਣਵੀਆਂ ਗ਼ਜ਼ਲਾਂ ਪੇਸ਼ ਕੀਤੀਆਂ ਜਾਣਗੀਆਂ। ਡਾ. ਸੁਹਿੰਦਰਬੀਰ ਸਿੰਘ ਵੱਲੋਂ 'ਅਮਰੀਕੀ ਪੰਜਾਬੀ ਕਵਿਤਾ ਦੇ ਪਰਵਾਸੀ ਸਰੋਕਾਰ' ਖੋਜ ਪੇਪਰ ਪੇਸ਼ ਕੀਤਾ ਜਾਵੇਗਾ। ਪ੍ਰਸਿੱਧ ਪੰਜਾਬੀ ਕਵੀ ਅਜਮੇਰ ਰੋਡੇ ਅਤੇ ਪ੍ਰਸਿੱਧ ਕਹਾਣੀਕਾਰ ਅਮਰਜੀਤ ਚਾਹਲ (ਦੋਵੇਂ ਸਰੀ ਕੈਨੇਡਾ) ਵਿਸ਼ੇਸ਼ ਮਹਿਮਾਨਾਂ ਵਜੋਂ ਹਿੱਸਾ ਲੈਣਗੇ ਅਤੇ ਕੈਨੇਡੀਅਨ ਪੰਜਾਬੀ ਕਵਿਤਾ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ।

ਤੀਸਰੇ ਸੈਸ਼ਨ ਦੌਰਾਨ ਪਸ਼ੌਰਾ ਸਿੰਘ ਢਿਲੋਂ ਦਾ ਕਾਵਿ ਸੰਗ੍ਰਹਿ 'ਦੀਵਾ ਬਲੇ ਸਮੁੰਦਰੋਂ ਪਾਰ' ਅਤੇ ਅਜਮੇਰ ਰੋਡੇ ਦੀ ਅੰਗਰੇਜ਼ੀ ਵਿਚ ਕਹਾਣੀ ਪੁਸਤਕ 'ਏ ਜਰਨੀ ਵਿਦ ਐਂਡਲੈਸ ਆਈ' ਲੋਕ ਅਰਪਣ ਕੀਤੇ ਜਾਣਗੇ।

ਇਸਦੇ ਨਾਲ ਹੀ ਕਵੀ ਦਰਬਾਰ ਸ਼ੁਰੂ ਹੋ ਜਾਵੇਗਾ। ਇਸ ਵਿਚ ਹਾਜ਼ਰ ਗ਼ਜ਼ਲਗੋਅ, ਕਵੀ ਅਤੇ ਗੀਤਕਾਰ ਆਪਣੀਆਂ ਤਾਜ਼ਾ-ਤਰੀਨ ਰਚਨਾਵਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ।

ਇਹ ਸੰਮੇਲਨ: 28 ਜੂਨ (ਦਿਨ ਐਤਵਾਰ) ਨੂੰ ਰਾਇਲ ਇੰਡੀਅਨ ਕੁਜ਼ੀਨ, 7610 ਪੈਸੇਫਿਕ ਐਵਨਿਊ, ਸਟਾਕਟਨ, ਕੈਲੀਫੋਰਨੀਆ 95209 ਦੇ ਹਾਲ ਵਿਚ ਸਵੇਰੇ ਗਿਆਰਾਂ ਵਜੇ ਸ਼ੁਰੂ ਹੋ ਕੇ ਸ਼ਾਮ ਸਮਾਪਤੀ ਤੱਕ ਚਲੇਗਾ। ਇਸ ਸੰਮੇਲਨ ਦੀਆਂ ਪ੍ਰਬੰਧਕ ਜਥੇਬੰਦੀਆਂ ਵੱਲੋਂ ਸਮੂਹ ਸਾਹਿਤਕਾਰਾਂ ਨੂੰ ਇਸ ਵਿਚ ਆਪਣੀਆਂ ਨਵੀਆਂ ਰਚਨਾਵਾਂ ਨਾਲ ਸਿਰਜਨਾਤਮਕ ਯੋਗਦਾਨ ਪਾਉਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਅਤੇ ਸਮੂਹ ਸਾਹਿਤ ਪ੍ਰੇਮੀਆਂ ਨੂੰ ਵੀ ਹੁੰਮ ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

ਇਸ ਸੰਮੇਲਨ ਨੂੰ ਸਫਲ ਬਣਾਉਣ ਵਿਚ ਸਰਗਰਮ ਹਿੱਸਾ ਪਾਉਣ ਲਈ ਅਸੀਂ ਉਨ੍ਹਾਂ ਸਾਰੇ ਲੋਕਾਂ ਦੇ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹੋਵਾਂਗੇ ਜੋ ਗਿਆਰਾਂ ਵਜੇ ਤੋ ਪਹਿਲਾਂ ਪਹੁੰਚਣ ਦੀ ਖੇਚਲ ਕਰਨਗੇ।
ਖਾਣ ਪੀਣ ਅਤੇ ਚਾਹ ਪਾਣੀ ਦਾ ਉਚਿਤ ਪ੍ਰਬੰਧ ਹੋਵੇਗਾ।

**– ਹਰਜਿੰਦਰ ਪੰਧੇਰ**

# ਡਾ.ਮੋਹਨ ਤਿਆਗੀ ਨੂੰ ਯੂ. ਐੱਸ. ਏ.ਫੇਰੀ ਤੇ ਆਦਾਰਾ "ਦੇਸ਼ ਦੁਆਬਾ" ਸਮੂਹ ਵਲੋਂ ਖੁਸ਼ਆਮਦੀਦ

ਡਾ. ਮੋਹਨ ਤਿਆਗੀ ਪੰਜਾਬੀ ਸਾਹਿਤ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਯੂ. ਐੱਸ. ਏ. ਫੇਰੀ ਤੇ ਅਦਾਰਾ ਦੇਸ਼ ਦੁਆਬਾ ਵਲੋਂ ਭਰਪੂਰ ਸਵਾਗਤ ਹੈ।ਡਾ. ਮੋਹਨ ਤਿਆਗੀ ਅਜਿਹੀ ਸ਼ਖਸੀਅਤ ਹੈ ਜਿਸਨੇ ਸੰਘਰਸ਼ਮਈ ਜੀਵਨ 'ਚੋਂ ਲੰਘਦਿਆਂ ਯੂਨੀਵਰਸਿਟੀ ਤੱਕ ਦਾ ਮੁਕਾਮ ਹਾਸਲ ਕੀਤਾ ਹੈ ਅਤੇ ਉਸ ਦਾ ਇਹ ਸਫਰ ਨਿਰੰਤਰ ਜਾਰੀ ਹੈ। ਉਹਨਾਂ ਦੇ ਜੀਵਨ ਪੰਧ ਵੱਲ ਝਾਤੀ ਮਾਰਦਿਆਂ ਪਤਾ ਲਗਦਾ ਹੈ ਕਿ ਜਦੋਂ ਕਿਸੇ ਨੇ ਆਪਣੇ ਜੀਵਨ ਵਿਚ ਕੁਝ ਕਰ ਗੁਜ਼ਰਨ ਦੀ ਤਾਂਘ ਪਾਲ਼ੀ ਹੋਵੇ ਤਾਂ ਕਿਸੇ ਵੀ ਪ੍ਰਕਾਰ ਦੀਆਂ ਤੰਗੀਆਂ ਤੁਰਸ਼ੀਆਂ ਰਾਹ ਦਾ ਰੋੜਾ ਨਹੀਂ ਬਣ ਸਕਦੀਆ। ਡਾ. ਤਿਆਗੀ ਦਾ ਜਨਮ ਇੱਕ ਕਬੀਲੇ ਪਰਿਵਾਰ ਵਿਚ ਹੋਇਆ।ਘਰ ਦੀ ਆਰਥਿਕ ਹਾਲਤ ਅਤਿ ਦੀ ਮੰਦੀ ਸੀ। ਪਰ ਹਠੀ ਸੁਭਾਅ ਅਤੇ ਬਚਪਨ ਤੋਂ ਹੀ ਪੁਸਤਕਾਂ ਨਾਲ ਗੂਹੜੀ ਪੱਕੀ ਆੜੀ ਨੇ ਇਹਨਾਂ ਨੂੰ ਸਿਖਿਆ ਦੀ ਉੱਚ ਸੰਸਥਾ ਯੂਨੀਵਰਸਿਟੀ ਤੱਕ ਪਹੁੰਚਾ ਦਿੱਤਾ। ਡਾ. ਮੋਹਨ ਤਿਆਗੀ ਨੇ ਪ੍ਰਤੀਕੂਲ ਪ੍ਰਸਥਿਤੀਆਂ ਵਿਚ ਐੱਮ.ਏ. ਅੰਗਰੇਜ਼ੀ, ਐੱਮ. ਏ. ਪੰਜਾਬੀ, ਐੱਮ. ਏ. ਧਰਮ ਅਧਿਐਨ, ਐੱਮ. ਐੱਡ. ਅਤੇ ਪ੍ਰਵਾਸੀ ਪੰਜਾਬੀ ਕਹਾਣੀ ਰਾਜਨੀਤਕ ਚੇਤਨਾ ਵਿਸ਼ੇ ਤੇ ਪੰਜਾਬੀ ਯੂਨੀਵਿਰਸਿਟੀ ਪਟਿਆਲਾ ਤੋਂ ਪੀ. ਐੱਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ।ਹੁਣ ਤੱਕ ਛਪ ਚੁਕੀਆਂ ਪੁਸਤਕਾਂ:

ਕਾਵਿ ਸੰਗ੍ਰਹਿ- ਧੂੰਆਂ ਦਾ ਦਸਤਾਵੇਜ਼ - 2000,
ਰੂਹ ਦਾ ਰੇਗਿਸਤਾਨ -2005
ਲਹੂ ਦੀ ਵਿਰਾਸਤ -2010-11
ਲੋਕਧਾਰਾ: ਬਾਜ਼ੀਗਰ ਕਬੀਲਿਆਂ ਦਾ ਸੱਭਿਆਚਾਰ-2013
ਪੰਜਾਬ ਦੇ ਖਾਨਾਬਦੋਸ਼ ਕਬੀਲੇ -2014

ਇਹ ਦੋਵੇਂ ਪਸੁਤਕਾਂ ਐਨ. ਬੀ. ਟੀ. ਨਵੀਂ ਦਿੱਲੀ ਨੇ ਛਾਪੀਆ ਹਨ।



ਪ੍ਰੋ. ਹਰਭਜਨ ਸਿੰਘ ਬਿਰਤਾਂਤ ਤੇ ਦ੍ਰਿਸ਼ਟੀ ਤੋਂ ਇਲਾਵਾ ਅਨੇਕਾਂ ਖੋਜ ਪੱਤਰਕ-ਾਵਾਂ ਵਿਚ ਖੋਜ ਭਰਪੂਰ ਲੇਖ ਪ੍ਰਕਾਸ਼ਿਤ ਹੋ ਚੁਕੇ ਹਨ। ਇਹਨਾਂ ਦੀਆਂ ਪੁਸਤਕਾਂ ਉੱਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰ ਵਿਚ ਐੱਮ.ਫਿਲ. ਕਰਵਾਈ ਜਾ ਰਹੀ ਹੈ।ਡਾ. ਮੋਹਨ ਤਿਆਗੀ ਕਬੀਲਿਆਂ ਦੇ ਸਭਿਆਚਾਰ ਨੂੰ ਸੰਭਾਲਣ ਦਾ ਲਗਾਤਾਰ ਤਰੱਦਦ ਕਰ ਰਹੇ ਹਨ। ਹਾਸ਼ੀਏ ਤੇ ਰਹੇ ਵਰਗ ਨਾਲ ਡਾ. ਤਿਆਗੀ ਦਾ ਸ਼ੁਰੂ ਤੋਂ ਹੀ ਰਿਸ਼ਤਾ ਰਿਹਾ ਹੈ।ਉਹਨਾਂ ਦੀਆਂ ਕਾਵਿ ਰਚਨਾਵਾਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ।ਉਹਨਾਂ ਨੇ ਲੋੜਵੰਦ ਵਿਦਿਆਰਥੀਆਂ ਦੀ ਮੱਦਦ ਲਈ ਇੱਕ ਐਜੂਕੇਸ਼ਨਲ ਮਿਸ਼ਨ ਸੁਸਾਇਟੀ (ਰਜਿ.) ਵੀ ਬਣਾ ਰੱਖੀ ਹੈ ਜਿਹੜੀ ਹਰ ਤਰ੍ਹਾਂ ਨਾਲ ਇਹਨਾਂ ਵਿਦਿਆਰਥੀਆਂ ਨੂੰ ਮੰਜ਼ਿਲ ਤੇ ਪਹੂੰਚਾਉਣ ਲਈ ਰਾਹ ਦਿਸੇਰਾ ਦਾ ਕੰਮ ਕਰਦੀ ਹੈ। ਡਾ. ਮੋਹਨ ਤਿਆਗੀ ਪੰਜਾਬੀ ਯੂਨੀਵਰਸਿਟੀ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਲਈ ਪਿਛਲੇ ਤਿੰਨ ਸਾਲਾਂ ਤੋਂ ਕੋ-ਆਰਡੀਨੇਟਰ ਚੱਲੇ ਆ ਰਹੇ ਹਨ। ਅਮਰੀਕਾ ਅਤੇ ਨਿਊ-ਜੀਲੈਂਡ ਤੋਂ ਆਏ ਵਿਦਿਆਰਥੀਆਂ ਨੂੰ ਮਹੱਤਵਪੂਰਨ ਵਿਸ਼ਿਆਂ ਤੇ ਰਿਸਰਚ ਕਰਨ ਲਈ ਉਹਨਾਂ ਨੇ ਗਾਇਡ ਵੀ ਕੀਤਾ ਹੈ।

ਅੰਬੇਦਕਰ ਟਾਈਮਜ਼ ਪਹਿਲਾਂ ਵੀ ਅਜਿਹੇ ਅਦੀਬਾਂ ਨਾਲ ਯੂ. ਐੱਸ. ਏ. ਦੀ ਧਰਤੀ ਤੇ ਸੰਵਾਦ ਰਚਾਉਂਦਾ ਰਿਹਾ ਹੈ ਜਿਵੇਂ ਕਿ ਡਾ ਰੌਣਕੀ ਰਾਮ ਜੀ ਅਤੇ ਡਾ ਰਾਜ ਕੁਮਾਰ ਹੰਸ ਤੇ ਹੁਣ ਡਾ. ਮੋਹਨ ਤਿਆਗੀ ਜੀ, ਜੋ ਪੰਜਾਬੀ ਸਾਹਿਤ ਸਭਾਵਾਂ ਕੈਲੇਫੋਰਨੀਆ ਦੇ ਸੱਦੇ ਤੇ ਆ ਰਹੇ ਹਨ, ਨੂੰ ਜੀ ਆਇਆਂ ਆਖਦਾ ਹੋਇਆ ਇਸ ਸੰਵਾਦ ਦੀ ਲੜੀ ਨੂੰ ਅੱਗੇ ਤੋਰਨ ਲਈ ਤੱਤਪਰ ਹੈ।


# ਪ੍ਰਤਿਭਾ ਤੇ ਸੰਘਰਸ਼ ਦਾ ਦੂਜਾ ਨਾਂ - ਡਾ.ਮੋਹਨ ਤਿਆਗੀ

ਡਾ. ਮੋਹਨ ਤਿਆਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਚ ਸਹਾਇਕ ਪ੍ਰੋਫੈਸਰ ਹਨ। ਜਦਕਿ ਉਨ੍ਹਾਂ ਦੀ ਪਤਨੀ ਪਰਮਜੀਤ ਯੂਨੀਵਰਸਿਟੀ ਦੇ ਡਿਸਟੈਂਸ ਐਜੂਕੇਸ਼ਨ ਵਿਭਾਗ ਵਿਚ ਅੰਗਰੇਜ਼ੀ ਦੇ ਸਹਾਇਕ ਪ੍ਰੋਫੈਸਰ ਇਕ ਪ੍ਰਤਿਭਾਸ਼ਾਲੀ ਕਵੀ ਹੋਣ ਦੇ ਨਾਲ ਨਾਲ ਉਨ੍ਹਾਂ ਨੇ ਪੰਜਾਬੀ ਸਾਹਿਤ ਆਲੋਚਨਾ ਅਤੇ ਲੋਕਧਾਰਾ ਦੇ ਖੇਤਰ ਵਿਚ ਜਿਕਰ ਯੋਗ ਖੋਜ ਕਾਰਜ ਕੀਤਾ ਹੈ। ਅੰਗਰੇਜ਼ੀ ਸਾਹਿਤ ਦੇ ਨਾਲ ਨਾਲ ਦੁਨੀਆ ਭਰ ਦਾ ਪ੍ਰਗਤੀਸ਼ੀਲ ਸਾਹਿਤ ਦੇ ਗਿਆਨ ਰੱਖਣ ਵਾਲੇ ਡਾ. ਮੋਹਨ ਤਿਆਗੀ ਐਮ.ਏ. ਇੰਗਲਿਸ, ਐਮ.ਏ ਪੰਜਾਬੀ, ਐਮ.ਏ ਧਰਮ ਅਧਿਐਨ, ਐਮ.ਐਡ ਅਤੇ ਪੀ.ਐਚ.ਡੀ ਪੱਧਰ ਦੀ ਯੋਗਤਾ ਰੱਖਦੇ ਹਨ। ਉਨ੍ਹਾਂ ਨੇ 'ਪਰਵਾਸੀ ਪੰਜਾਬੀ ਕਹਾਣੀ ਵਿਚ ਰਾਜਨੀਤਕ ਚੇਤਨਾ' ਵਿਸ਼ੇ ਤੇ ਆਪਣੀ ਪੀ.ਐਚ. ਡੀ 2007 ਵਿਚ ਮੁਕੰਮਲ ਕੀਤੀ। ਉਹ ਯੂਨੀਵਰਸਿਟੀ ਆਉਣ ਤੋਂ ਪਹਿਲਾਂ ਪਟਿਆਲਾ ਦੇ ਬੀ.ਐਨ.ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਚ ਅੰਗਰੇਜ਼ੀ ਦੇ ਅਧਿਆਪਕ ਸਨ। 'ਧੂੰਏਂ ਦਾ ਦਸਤਾਵੇਜ਼', 'ਰੂਹ ਦਾ ਰੇਗਿਸਤਾਨ', 'ਲਹੂ ਦੀ ਵਿਰਾਸਤ', 'ਪਰਵਾਸੀ ਪੰਜਾਬੀ ਕਹਾਣੀ : ਸੰਵਾਦ ਦਰ ਸੰਵਾਦ', ਪ੍ਰੋ. ਹਰਭਜਨ ਸਿੰਘ : ਬਿਰਤਾਂਤ ਤੇ ਦ੍ਰਿਸ਼ਟੀ 'ਬਾਜ਼ੀਗਰ ਕਬੀਲੇ ਦਾ ਸੱਭਿਆਚਾਰ' ਅਤੇ 'ਪੰਜਾਬ ਦੇ ਖ਼ਾਨਾਬਦੋਸ਼ ਕਬੀਲੇ' ਉਨ੍ਹਾਂ ਦੀਆਂ ਮਹੱਤਵਪੂਰਨ ਪੁਸਤਕਾਂ ਹਨ। ਉਨ੍ਹਾਂ ਦੀ ਕਾਵਿ-ਪੁਸਤਕਾਂ ਅਤੇ ਲੋਕਧਾਰਾ ਦੀਆਂ ਪੁਸਤਕਾਂ ਤੇ ਵੱਖ ਵੱਖ ਯੂਨੀਵਰਸਿਟੀਆਂ ਵਿਚ ਮਹੱਤਵਪੂਰਨ ਖੋਜ ਕਾਰਜ ਹੋ ਰਿਹਾ ਹੈ। ਉਨ੍ਹਾਂ ਦੀ ਕਵਿਤਾ ਤੇ ਡਾ. ਸੰਤੋਖ ਸਿੰਘ ਸੁੱਖੀ ਦੀ ਸੰਪਾਦਿਤ ਪੁਸਤਕ 'ਮੋਹਨ ਤਿਆਗੀ ਦੀ ਕਾਵਿ-ਦ੍ਰਿਸਟੀ' ਅਤੇ ਸੁਖਵਿੰਦਰ ਸੁੱਖੀ ਭੀਖੀ ਦੁਆਰਾ ਸੰਪਾਦਿਤ ਕਾਵਿ ਪੁਸਤਕ 'ਜੰਗਲ ਦੀ ਗੀਤ' ਨੂੰ ਸਾਹਿਤਕ ਹਲਕਿਆਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ। ਇਕ ਮਜ਼ਦੂਰ ਕਬੀਲਾਈ ਪਰਿਵਾਰ ਵਿਚ ਪੈਦਾ ਹੋਏ ਡਾ. ਮੋਹਨ ਨੇ ਪ੍ਰਤੀਕੂਲ ਪ੍ਰਸਥਿਤੀਆਂ ਵਿਚੋਂ ਲੰਘਦੇ ਹੋਏ ਉਚੇਰੀ ਵਿਦਿਆ ਹਾਸਲ ਕੀਤੀ। ਉਹ ਮਹਿੰਦਰਾ ਕਾਲਜ ਪਟਿਆਲਾ ਵਿਚ ਅੰਗਰੇਜ਼ੀ ਸਾਹਿਤ ਦੇ ਵਿਦਿਆਰਥੀ ਰਹੇ ਜਿੱਥੋਂ ਉਨ੍ਹਾਂ ਨੇ 1994 ਵਿਚ ਐਮ.ਏ. ਅੰਗਰੇਜ਼ੀ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਯੂਨੀਵਰਸਿਟੀ ਵਿਚੋਂ ਦੋ ਵਾਰ ਗੋਲਡ ਮੈਡਲ ਪ੍ਰਾਪਤ ਕਰਕੇ ਮਹਿੰਦਰਾ ਕਾਲਜ ਵਿੱਚੋਂ ਉੱਚ ਸਨਮਾਨ ਵੀ ਪ੍ਰਾਪਤ ਕੀਤਾ। ਕਵਿਤਾ ਉਨ੍ਹਾਂ ਨੇ ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਲਿਖਣੀ ਸ਼ੁਰੂ ਕੀਤੀ। ਬਾਅਦ ਵਿਚ ਇਹ ਸਾਰਾ ਕਾਰਜ ਗਹਿਰੇ ਅਧਿਐਨ ਤੇ ਅਧਿਆਪਨ ਨਾਲ ਜੁੜ ਗਿਆ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਉਨ੍ਹਾਂ ਦੀ ਮਿਹਨਤ ਅਤੇ ਸਾਹਿਤਕ ਕਾਰਜਾਂ ਨੂੰ ਸਨਮਾਨ ਦਿੰਦੇ ਹੋਏ ਉਨ੍ਹਾਂ ਨੂੰ 11 ਨਵੰਬਰ 2011 ਨੂੰ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਚ ਨਿਯੁਕਤੀ ਦੇ ਕੇ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਘਾਲਣਾ ਨੂੰ ਨਿਵਾਜਿਆ। ਡਾ. ਮੋਹਨ ਤਿਆਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ 'ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ' ਦੇ ਪਿਛਲੇ ਤਿੰਨ ਸਾਲ ਤੋਂ ਕੋ-ਕੋਆਰਡੀਨੇਟਰ ਹਨ, ਜਿਨ੍ਹਾਂ ਨੇ ਇਸ ਕਾਨਫਰੰਸ ਦੀ ਕਾਮਯਾਬੀ ਵਿਚ ਜਿਕਰ ਯੋਗ ਭੂਮਿਕਾ ਨਿਭਾਈ ਹੈ। ਇਸਦੇ ਨਾਲ ਹੀ ਉਹ ਅਮਰੀਕੀ ਪੰਜਾਬੀ ਸਾਹਿਤ ਤੇ ਮਹੱਤਵਪੂਰਨ ਖੋਜ ਕਾਰਜ ਵੀ ਕਰਵਾ ਰਹੇ ਹਨ। ਸਿਰਫ ਐਨਾ ਹੀ ਨਹੀਂ ਉਨ੍ਹਾਂ ਨੇ ਭਾਰਤ ਵਿਚ ਇਕ ਵਿਸ਼ੇਸ਼ ਕਾਰਜ ਵੀ ਕਰਵਾ ਰਹੇ ਹਨ। ਸਿਰਫ ਐਨਾ ਹੀ ਨਹੀਂ, ਉਨ੍ਹਾਂ ਨੇ ਭਾਰਤ ਵਿਚ ਇਕ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਦੇ ਤਹਿਤ ਗਏ ਅਮਰੀਕੀ ਵਿਦਿਆਰਥੀਆਂ ਦੇ ਪ੍ਰੋਜੈਕਟਾਂ ਦੇ ਨਿਗਰਾਨ ਵੱਜੋਂ ਵੀ ਆਪਣੀਆਂ ਸੇਵਾਵਾਂ ਨਿਭਾਈਆਂ ਹਨ। ਅੱਜ ਕੱਲ੍ਹ ਉਹ ਯੂਨੀਵਰਸਿਟੀ ਦੇ ਰਿਸਰਚ ਪ੍ਰੋਜੈਕਟਾਂ, 'ਦੀਪਕ ਜੈਤੋਈ : ਜੀਵਨ ਤੇ ਰਚਨਾ', 'ਡਾ. ਜਗਤਾਰ ਜੀਵਨ ਤੇ ਰਚਨਾ' ਅਤੇ 'ਬੰਗਾਲਾ ਕਬੀਲੇ ਦਾ ਸੱਭਿਆਚਾਰ' ਤੇ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੀ ਸੰਸਥਾ ਯੂਨੀਵਰਸਲ ਐਜੂਕੇਸ਼ਨ ਮਿਸ਼ਨ ਰਾਹੀਂ ਦਲਿਤ ਅਤੇ ਪਛੜੇ ਵਰਗ ਦੀ ਸਿਹਤ ਅਤੇ ਸਿੱਖਿਆ ਦੇ ਪਰਸਾਰ ਅਤੇ ਪਰਚਾਰ ਵਿਚ ਵੀ ਭਰਵਾਂ ਯੋਗਦਾਨ ਪਾਇਆ ਹੈ।

ਉਨ੍ਹਾਂ ਦੀ ਸਖ਼ਤ ਮਿਹਨਤ, ਸਾਹਿਤਕ ਸਰੋਕਾਰ ਅਤੇ ਬੇਬਾਕ ਸ਼ਖ਼ਸੀਅਤ ਉਨ੍ਹਾਂ ਨੂੰ ਇਕ ਪ੍ਰਤੀਬੱਧ ਅਤੇ ਸੰਜੀਦਾ ਸਾਹਿਤਕ ਸ਼ਖ਼ਸੀਅਤ ਵੱਜੋਂ ਉਭਾਰਦੀ ਹੈ। ਆਸ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਦੇ ਸੱਦੇ ਤੇ ਇੱਥੇ ਪਹੁੰਚੇ ਡਾ. ਮੋਹਨ ਤਿਆਗੀ ਦੀ ਇਹ ਸਾਹਿਤਕ ਫੇਰੀ ਬਹੁਤ ਹੀ ਸਾਰਥਿਕ ਅਤੇ ਮਹੱਤਵਪੂਰਨ ਸਿੱਧ ਹੋਵੇਗੀ।

# ਡਾ. ਜਗਜੀਤ ਸਿੰਘ ਆਨੰਦ ਦੇ ਚਲਾਣੇ ਉੱਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਡੂੰਘੇ ਦੁੱਖ ਦਾ ਇਜ਼ਹਾਰ ਕੀਤਾ

**ਬਠਿੰਡਾ–** ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਸਾਹਿਤ ਦੀਆਂ ਉੱਘੀਆਂ ਸ਼ਖਸੀਅਤਾਂ ਦੇ ਅੱਗੜ-ਪਿੱਛੜ ਤੁਰ ਜਾਣ ਪਿੱਛੋਂ ਬੇਹੱਦ ਸਦਮੇ ਵਿਚ ਹੈ। ਪ੍ਰਗਤੀਸ਼ੀਲ ਲਹਿਰ ਦੇ ਪ੍ਰਤੀਬੱਧ ਪੱਤਰਕਾਰ ਅਤੇ ਲੇਖਕ ਡਾ. ਜਗਜੀਤ ਸਿੰਘ ਆਨੰਦ ਦੇ ਚਲਾਣੇ ਉੱਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ। ਅੱਧੀ ਸਦੀ ਤੋਂ ਵੀ ਉਪਰ ਨਵਾਂ ਜ਼ਮਾਨਾ ਦੇ ਮੁਖ ਸੰਪਾਦਕ ਵਜੋਂ ਉਹਨਾਂ ਵਲੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਚ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸੰਸਦ ਮੈਂਬਰ ਹੋਣ ਦੇ ਨਾਤੇ ਉਹਨਾਂ ਨੇ ਲੋਕ ਪੱਖੀ ਰਾਜਨੀਤੀ ਨੂੰ ਆਪਣਾ ਆਧਾਰ ਬਣਾਇਆ ਤੇ ਸਾਰੀ ਉਮਰ ਇਸ ਉਪਰ ਪਹਿਰਾ ਦਿੱਤਾ। ਇੱਕ ਅਨੁਵਾਦਕ ਦੇ ਤੌਰ ਤੇ ਜਿੰਨਾ ਸਰਲ ਅਤੇ ਸਪੱਸ਼ਟ ਅਨੁਵਾਦ ਉਹਨਾਂ ਨੇ ਪੰਜਾਬੀ ਸਾਹਿਤ ਨੂੰ ਦਿੱਤਾ ਉਹ ਆਪਣੀ ਮਿਸਾਲ ਆਪ ਹੈ। ਰੂਸੀ ਸਾਹਿਤ ਅਤੇ ਮਾਰਕਸਵਾਦੀ ਪੁਸਤਕਾਂ ਦਾ ਅਨੁਵਾਦ ਉਹਨਾਂ ਦੀ ਵੱਡੀ ਦੇਣ ਹੈ।ਲੇਖਕ ਦੇ ਤੌਰ ਤੇ ਉਹਨਾਂ ਦੀਆ ਪੁਸਤਕਾਂ ਚੇਤੇ ਦੀ ਚੰਗੇਰ ਚੋਂ, ਚੇਤਾ ਚੋਗ ਚੁਗੇ, ਸਵੈ-ਜੀਵਨੀਆ, ਕਮਿਊਨਿਸਟ ਲਹਿਰ ਦੇ ਅੰਗ ਸੰਗ ਤੇ ਮੇਰੀ ਸਾਹਿਤਕ ਸਵੈ-ਜੀਵਨੀ ਪੰਜਾਬੀ ਜਗਤ ਲਈ ਮਾਣ ਕਰਨ ਯੋਗ ਹੈ। ਦੂਰ ਭਵਿੱਖ ਤੱਕ ਉਨ੍ਹਾਂ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਬਣੀ ਰਹੇਗੀ।



ਪੰਜਾਬੀ ਦੇ ਨਾਮਵਰ ਗ਼ਜ਼ਲਗੋ ਖੁਸ਼ਵੰਤ ਕੰਵਲ ਦੇ ਨਾਲ ਬੁੱਧੀਜੀਵੀ ਸ੍ਰੀ ਸੀ ਐਲ ਚੁੰਬਰ ਦੀ ਇਕ ਯਾਦਗਾਰੀ ਤਸਵੀਰ



ਪੰਜਾਬੀ ਦੇ ਗ਼ਜ਼ਲਗੋ ਖੁਸ਼ਵੰਤ ਕੰਵਲ ਦਾ ਤੁਰ ਜਾਣਾ ਪੰਜਾਬੀ ਸਾਹਿਤ ਲਈ ਇੱਕ ਹੋਰ ਵੱਡਾ ਸਦਮਾ ਹੈ। ਤੰਗੀਆਂ ਤੁਰਸ਼ੀਆਂ ਦੇ ਜੀਵਨ ਨੂੰ ਜੀਉਂਦਿਆਂ ਉਹਨਾਂ ਨੇ ਗ਼ਜ਼ਲ ਨੂੰ ਕਦੇ ਵੀ ਹੱਥੋਂ ਨਹੀਂ ਛੱਡਿਆ। ਉਹਨਾਂ ਦੀਆ ਗ਼ਜ਼ਲਾਂ ਦੀ ਰਵਾਨੀ ਕਿਸੇ ਵੀ ਚੰਗੇ ਗ਼ਜ਼ਲਗੋ ਦੀ ਬਰਾਬਰੀ ਕਰਦੀ ਸੀ। ਉਹਨਾਂ ਨੇ ਪੰਜਾਬੀ ਸਾਹਿਤ ਨੂੰ ਸੋਚਾਂ ਤੇ ਸੁਪਨੇ, ਕਾਮਨਾ, ਆਪਣਾ ਸ਼ਹਿਰ ਪਰਾਈਆਂ ਰੁੱਤਾਂ, ਧੁੱਪ ਦੀ ਕਾਤਰ, ਟੁਕੜੇ-ਟੁਕੜੇ ਮੌਸਮ, ਅਲਵਿਦਾ ਤੋਂ ਪਹਿਲਾਂ, ਮੈਂ ਅਤੇ ਮੇਰੇ ਹਾਦਸੇ, ਧਰਤੀ ਦੇ ਤਾਰੇ, ਨਕਸ਼ ਪੌਣਾਂ ਸੰਭਾਲੇ ਅਤੇ ਕਹਿ ਰਿਹਾ ਹਾਂ ਗ਼ਜ਼ਲ ਮੈਂ ਆਦਿ ਪੁਸਤਕਾਂ ਦਿੱਤੀਆਂ। ਆਰਸੀ ਪਬਲਿਸ਼ਰ ਦੇ ਮਾਲਕ ਗੁਰਬਚਨ ਸਿੰਘ ਦੇ ਚਲਾਣੇ ਨਾਲ ਪੰਜਾਬੀ ਦੇ ਪ੍ਰਕਾਸ਼ਨ ਜਗਤ ਵਿਚ ਅਤੇ ਪੰਜਾਬੀ ਦੇ ਸਾਹਿਤਕ ਹਲਕਿਆਂ ਬਹੁਤ ਵੱਡਾ ਘਾਟਾ ਮਹਿਸੂਸ ਕੀਤਾ ਜਾ ਰਿਹਾ ਹੈ। ਡਾ. ਲਾਭ ਸਿੰਘ ਖੀਵਾ ਪ੍ਰਧਾਨ ਕੇਂਦਰੀ ਲੇਖਕ ਸਭਾ (ਰਜਿ.), ਕਹਾਣੀਕਾਰ ਅਤਰਜੀਤ, ਡਾ. ਕਰਮਜੀਤ ਸਿੰਘ ਜਨਰਲ ਸਕੱਤਰ ਨੇ ਦੱਸਿਆ ਕਿ ਕੇਂਦਰੀ ਲੇਖਕ ਸਭਾ ਦੀ ਵਿਸ਼ੇਸ਼ ਇਕੱਤਰਤਾ ਵਿਚ ਇਹਨਾਂ ਤਿੰਨਾਂ ਅਦੀਬਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਗਈ। ਇਹਨਾਂ ਤਿੰਨਾਂ ਅਦੀਬਾਂ ਦੇ ਪਰਿਵਾਰਾਂ ਨਾਲ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦਵਿੰਦਰ ਸਿੰਘ, ਤਰਲੋਚਨ ਝਾਂਡੇ, ਡਾ. ਮਾਨ ਸਿੰਘ ਢੀਂਡਸਾ, ਅੰਮ੍ਰਿਤਵੀਰ ਕੌਰ, ਸੁਰਿੰਦਰ ਪ੍ਰੀਤ ਘਣੀਆ, ਕਰਮ ਸਿੰਘ ਵਕੀਲ, ਵਰਗਿਸ ਸਲਾਮਤ, ਡਾ. ਰਵੇਲ ਸਿੰਘ, ਬੂਟਾ ਸਿੰਘ ਬਰਾੜ, ਕੇ. ਕੇ. ਰੱਤੂ, ਦਵਿੰਦਰ ਦਮਨ, ਡਾ. ਸੁਖਦੇਵ ਸਿੰਘ ਖਾਹਰਾ, ਗੁਰਬਚਨ ਭੁੱਲਰ, ਡਾ. ਰਘਵੀਰ ਕੌਰ, ਸਤਨਾਮ ਸਿੰਘ ਮਾਣਕ, ਬਲਵੀਰ ਪਰਵਾਨਾ, ਨਰੰਜਣ ਤਸਨੀਮ, ਅਨੂਪ ਵਿਰਕ, ਲਖਵਿੰਦਰ ਜੌਹਲ ਆਦਿ ਨੇ ਗਹਿਰੀ ਹਮਦਰਦੀ ਪ੍ਰਗਟਾਈ। **ਰਿਪੋਰਟ: ਡਾ. ਕਰਮਜੀਤ ਸਿੰਘ (ਜਨ ਸਕ)**

**ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)**

# ਬੰਗਾ ਵਿਖੇ ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਅਤੇ ਸ਼ਸ਼ਤਰਾਂ ਦੇ ਸੰਗਤਾਂ ਨੇ ਸ਼ਰਧਾ ਪੂਰਬਕ ਦਰਸ਼ਨ ਕੀਤੇ





**ਬੰਗਾ (ਰੇਸ਼ਮ ਕਰਨਾਣਵੀ)–** ਗੁਰੂ ਹਰਗੋਬਿੰਦ ਸਾਹਿਬ, ਗੁਰੂ ਤੇਗ ਬਹਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਸ਼ਸਤਰਾਂ ਅਤੇ ਹੋਰ ਨਿਸ਼ਾਨੀਆਂ ਸੰਗਤਾਂ ਦੇ ਦਰਸ਼ਨ ਦੀਦਾਰ ਲਈ ਲੈ ਕੇ ਆਈ ਪਵਿੱਤਰ ਯਾਤਰਾ ਦਾ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਰਾਤਰੀ ਪੜਾਅ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਵੱਲੋਂ ਅੱਧੀ ਰਾਤ ਇੱਥੇ ਪੁੱਜਣ 'ਤੇ ਅਥਾਹ ਸ਼ਰਧਾ ਨਾਲ ਸਵਾਗਤ ਕੀਤਾ ਗਿਆ। ਸੰਗਤਾਂ ਵੱਲੋਂ ਰਾਤ ਕਰੀਬ ਡੇਢ ਵਜੇ ਤੱਕ ਪਾਵਨ ਨਿਸ਼ਾਨੀਆਂ ਦੇ ਦਰਸ਼ਨਾਂ ਸ਼ਰਧਾ ਨਾਲ਼ ਕੀਤੇ।

ਅੱਜ ਸਵੇਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਵੱਲੋਂ ਯਾਤਰਾ ਦੀ ਗੜ੍ਹਸ਼ੰਕਰ ਰਵਾਨਗੀ ਲਈ ਜਦੋਂ ਗੁਰਬਾਣੀ ਦੇ ਕੀਤਰਨ ਉਪਰੰਤ ਅਰਦਾਸ ਕੀਤੀ ਗਈ ਤਾਂ ਉਸ ਮੌਕੇ ਵੀ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸੀ। ਪੰਜ ਪਿਆਰਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਪਵਿੱਤਰ ਪਾਲਕੀ ਵਿੱਚ ਸੁਸ਼ੋਭਿਤ ਕੀਤਾ ਗਿਆ ਤਾਂ ਪੰਜਾਬ ਪੁਲਿਸ ਵੱਲੋਂ ਡੀ.ਐਸ.ਪੀ. ਰਾਜਪਾਲ ਸਿੰਘ ਹੁੰਦਲ ਦੀ ਅਗਵਾਈ ਵਿੱਚ ਸਲਾਮੀ ਦੇ ਕੇ ਯਾਤਰਾ ਦੀ ਰਵਾਨਗੀ ਰਸਮ ਸੰਪੂਰਨ ਕਰਵਾਈ ਗਈ।

ਯਾਤਰਾ ਦੀ ਰਵਾਨਗੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜ. ਸੁਖਦੇਵ ਸਿੰਘ ਭੌਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਡੀ.ਸੀ. ਅਮਰ ਪ੍ਰਤਾਪ ਸਿੰਘ ਵਿਰਕ, ਐਸ.ਐਸ.ਪੀ. ਸਨੇਹਦੀਪ ਸ਼ਰਮਾ, ਐਸ.ਪੀ. ਗਗਨ ਅਜੀਤ ਸਿੰਘ, ਐਸ.ਡੀ.ਐਮ. ਸੁਖਪ੍ਰੀਤ ਸਿੰਘ ਸਿੱਧੂ, ਡੀ.ਐਸ.ਪੀ. ਬੰਗਾ ਸਰਬਜੀਤ ਸਿੰਘ ਬਾਹੀਆਂ ਨੂੰ ਸੰਤ ਬਾਬਾ ਜਰਨੈਲ ਸਿੰਘ ਵੱਲੋਂ ਸਿਰੋਪਾਓ ਦੇ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਦਿੱਤਾ ਗਿਆ।

ਗੁਰਦੁਆਰਾ ਚਰਨ ਕੰਵਲ ਸਾਹਿਬ ਤੋਂ ਲਗਪਗ 9.30 ਵਜੇ ਰਵਾਨਾ ਹੋਈ ਯਾਤਰਾ, ਗੜ੍ਹਸ਼ੰਕਰ ਲਈ ਰਵਾਨਾ ਹੋਣ ਤੋਂ ਪਹਿਲਾਂ ਜਿਉਂ ਹੀ ਦਾਣਾ ਮੰਡੀ ਤੱਕ ਸ਼ਹਿਰ ਦੀ ਪਰਿਕਰਮਾ ਲਈ ਤੁਰੀ ਤਾਂ ਦੋਵਾਂ ਪਾਸੇ 'ਤੇ ਖੜ੍ਹੀ ਸੰਗਤ ਨੇ ਅਭਿਲਾਸ਼ਾ ਅਤੇ ਸ਼ਰਧਾ ਨਾਲ਼ ਦਰਸ਼ਨ ਦੀਦਾਰ ਕੀਤੇ। ਸੰਗਤਾਂ ਵੱਲੋਂ ਯਾਤਰਾ ਦਾ ਹਿੱਸਾ ਬਣ ਕੇ ਸ਼ਹਿਰ ਦੀ ਪਰਿਕਰਮਾ ਕੀਤੀ ਗਈ ਜਿਸ ਦੌਰਾਨ ਸ਼ਹਿਰ ਵਾਸੀਆਂ ਵੱਲੋਂ ਠੰਡੇ-ਮਿੱਠੇ ਜਲ ਦੀਆਂ ਛਬੀਲਾਂ, ਫ਼ਲ, ਮਿਠਾਈਆਂ ਅਤੇ ਬ੍ਰੈੱਡ ਛੋਲਿਆਂ ਦੇ ਲੰਗਰ ਲਾ ਕੇ ਸੰਗਤਾਂ ਦੀ ਸੇਵਾ ਕੀਤੀ ਗਈ। ਸ਼ਹਿਰ ਦੀਆਂ ਸੰਗਤਾਂ ਵੱਲੋਂ ਯਾਤਰਾ ਦੇ ਸਵਾਗਤ ਵਿੱਚ ਲਾਏ ਲੰਗਰ, ਧਰਮਾਂ ਅਤੇ ਮਜ਼੍ਹਬਾਂ ਤੋਂ ਉੱਪਰ ਉੱਠ ਕੇ ਗੁਰੂ ਸਾਹਿਬਾਨ ਦੀਆਂ ਪਾਵਨ ਨਿਸ਼ਾਨੀਆਂ ਪ੍ਰਤੀ ਮਨਾਂ ਵਿੱਚ ਅਥਾਹ ਸਤਿਕਾਰ ਅਤੇ ਭਾਈਚਾਰਕ ਏਕਤਾ ਦੇ ਪ੍ਰਤੀਕ ਬਣੇ ਹੋਏ ਸਨ। ਪਰਿਕਰਮਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜ. ਸੁਖਦੇਵ ਸਿੰਘ ਭੌਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ ਐਸ.ਜੀ.ਪੀ.ਸੀ. ਗੁਰਬਖਸ਼ ਸਿੰਘ ਖਾਲਸਾ, ਕੌਂਸਲਰ ਪਰਮ ਸਿੰਘ ਖਾਲਸਾ, ਜ਼ਿਲ੍ਹਾ ਜਥੇਦਾਰ ਰਾਮ ਸਿੰਘ ਦੁਧਾਲਾਂ, ਸੁਖਦੀਪ ਸਿੰਘ ਸੁਕਾਰ, ਸਤਨਾਮ ਸਿੰਘ ਲਾਦੀਆਂ, ਸੋਹਣ ਲਾਲ ਢੰਡਾ ਤੇ ਹੋਰ ਬਹੁਤ ਸਾਰੇ ਆਗੂ ਮੌਜੂਦ ਸਨ।

ਟ੍ਰਾਂਸਪੋਰਟ ਮੰਤਰੀ ਸ. ਅਜੀਤ ਸਿੰਘ ਕੁਹਾੜ ਵੱਲੋਂ ਯਾਤਰਾ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ ਅਤੇ ਗੁਰੂ ਸਾਹਿਬ ਦੀਆਂ ਪਾਵਨ ਨਿਸ਼ਾਨੀਆਂ ਦੇ ਦਰਸ਼ਨ ਕੀਤੇ ਗਏ। ਮਾਰਕੀਟ ਕਮੇਟੀ ਅੱਗੇ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੌ. ਮੋਹਣ ਸਿੰਘ ਸਾਬਕਾ ਵਿਧਾਇਕ, ਮਾਰਕੀਟ ਕਮੇਟੀ ਦੇ ਚੇਅਰਮੈਨ ਬੁੱਧ ਸਿੰਘ ਬਲਾਕੀਪੁਰ ਅਤੇ ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੇ ਚੇਅਰਮੈਨ ਜ. ਰਣਜੀਤ ਸਿੰਘ ਝਿੰਗੜ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਜੀ ਆਇਆਂ ਆਖਿਆ ਗਿਆ। ਥਾਣਾ ਸਿਟੀ ਅੱਗੇ ਗੁਰਦੁਆਰਾ ਸ਼ਹੀਦ ਬਾਬਾ ਧਰਮ ਸਿੰਘ ਵੱਲੋਂ ਡੀ.ਐਸ.ਪੀ. ਸਰਬਜੀਤ ਸਿੰਘ ਬਾਹੀਆ ਅਤੇ ਐਸ.ਐਚ.ਓ. ਸਿਟੀ ਰਕੇਸ਼ ਕੁਮਾਰ ਦੀ ਅਗਵਾਈ ਵਿੱਚ ਪੁਲੀਸ ਵੱਲੋਂ ਰੁਮਾਲਾ ਸਾਹਿਬ ਭੇਟ ਕਰਕੇ ਸ਼ਰਧਾ ਪ੍ਰਗਟਾਵਾ ਕੀਤਾ ਗਿਆ।

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਥਾਨਕ ਸ਼ਹਿਰ ਵਿੱਚ ਸਥਿਤ ਓ.ਪੀ.ਡੀ. ਕਲੀਨਿਕ ਵਿਖੇ ਪ੍ਰਧਾਨ ਮਲਕੀਅਤ ਸਿੰਘ ਬਾਹੜੋਵਾਲ ਦੀ ਅਗਵਾਈ ਵਿੱਚ ਸੰਸਥਾ ਦੇ ਸਟਾਫ਼ ਅਤੇ ਕਮੇਟੀ ਮੈਂਬਰਾਂ ਵੱਲੋਂ ਯਾਤਰਾ ਦਾ ਸਵਾਗਤ ਕੀਤਾ ਗਿਆ।

ਗੜ੍ਹਸ਼ੰਕਰ ਸੜ੍ਹਕ 'ਤੇ ਖਮਾਚੋਂ, ਥਾਂਦੀਆਂ, ਗੁ. ਬਾਬਾ ਬਿਹਾਰੀ ਵਾਲਾ ਨੌਰਾ, ਅਤੇ ਗੁ. ਗੁਰੂ ਗੋਬਿੰਦ ਸਿੰਘ ਲੋਹ ਲੰਗਰ ਪਿੰਡ ਨੌਰਾ, ਗੁਰਦੁਆਰਾ ਪਿੰਡ ਭੌਰਾ ਅਤੇ ਪੱਲੀ ਝਿੱਕੀ ਦੀ ਸੰਗਤ ਵੱਲੋਂ ਪੂਰੀ ਸ਼ਰਧਾ ਨਾਲ ਦਰਸ਼ਨ ਦੀਦਾਰ ਯਾਤਰਾ ਸਵਾਗਤ ਕਰਦਿਆਂ ਗੜ੍ਹਸ਼ੰਕਰ ਲਈ ਰਵਾਨਾ ਕੀਤਾ ਗਿਆ। ਪੱਲੀ ਝਿੱਕੀ ਵਿਖੇ ਯਾਤਰਾ ਨੂੰ ਗੜ੍ਹਸ਼ੰਕਰ ਲਈ ਵਿਦਾਇਗੀ ਦੇਣ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਡੀ.ਸੀ. ਅਮਰ ਪ੍ਰਤਾਪ ਸਿੰਘ ਵਿਰਕ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜ. ਸੁਖਦੇਵ ਸਿੰਘ ਭੌਰ, ਉੱਪ ਮੁੱਖ ਮੰਤਰੀ ਦੇ ਓ. ਐਸ. ਡੀ. ਸ. ਚਰਨਜੀਤ ਸਿੰਘ ਬਰਾੜ, ਐਸ.ਪੀ. ਗਗਨ ਅਜੀਤ ਸਿੰਘ, ਮੈਂਬਰ ਐਸ. ਜੀ. ਪੀ. ਸੀ. ਗੁਰਬਖਸ਼ ਸਿੰਘ ਖਾਲਸਾ ਅਤੇ ਜ਼ਿਲ੍ਹਾ ਜਥੇਦਾਰ ਰਾਮ ਸਿੰਘ ਦੁਧਾਲਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਗੁਰੂ ਨਾਨਕ ਖਾਲਸਾ ਪੰਜਾਬੀ ਸਕੂਲ ਫਰਿਜ਼ਨੋ ਦੀ ਪਹਿਲੀ ਵਰ੍ਹੇਗੰਢ 'ਤੇ ਵਿਸ਼ੇਸ਼ ਸਮਾਗਮ







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਫਰਿਜ਼ਨੋ ਦੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਚਲਾਏ ਜਾ ਰਹੇ 'ਗੁਰੂ ਨਾਨਕ ਖਾਲਸਾ ਪੰਜਾਬੀ ਸਕੂਲ' ਦੀ ਪਹਿਲੀ ਵਰ੍ਹੇਗੰਢ 'ਤੇ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਹ ਸਕੂਲ ਪਿਛਲੇ ਕਈ ਸਾਲਾ ਤੋਂ ਚਲਾਇਆ ਜਾ ਰਿਹਾ ਸੀ। ਪਰ ਪਿਛਲੇ ਸਾਲ ਤੋਂ ਇਸ ਨੂੰ ਨਵੀਂ ਇਮਾਰਤ ਵਿੱਚ ਬਦਲਕੇ ਵੱਖ-ਵੱਖ ਕਲਾਸਾ ਦਾ ਨਿਰਮਾਣ ਕੀਤਾ ਗਿਆ। ਇੰਨ੍ਹਾਂ ਕਲਾਸਾ ਨੂੰ ਵੱਖ-ਵੱਖ ਪੜਾਈ ਯੋਗਤਾ ਅਤੇ ਉਮਰ ਦੇ ਅਨੁਸਾਰ ਸ਼ਲੇਬਸ ਦੇ ਕੇ ਵੰਡਿਆ ਗਿਆ ਹੈ। ਜੋ ਬੜੀ ਸਫਲਤਾ ਨਾਲ ਚਲ ਰਿਹਾ ਹੈ।

ਜਿਸ ਦੀ ਸੁਰੂਆਤ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਨੇ ਰਸ ਭਿੰਨੇ ਕੀਰਤਨ ਰਾਹੀ ਕੀਤੀ। ਇਸ ਉਪਰੰਤ ਸਟੇਜ਼ ਸੰਚਾਲਨ ਕਰਦੇ ਹੋਏ ਸ. ਜਗਰੂਪ ਸਿੰਘ ਨੇ ਸਕੂਲ ਦੀਆਂ ਪ੍ਰਾਪਤੀਆਂ ਅਤੇ ਅਗੇਰੇ ਪ੍ਰੋਗਰਾਮਾ ਦਾ ਜ਼ਿਕਰ ਕੀਤਾ। ਇਸ ਸਮੇਂ ਸਟੇਜ਼ ਤੋਂ ਬੋਲਦਿਆ ਸਕੂਲ ਦੀ ਪ੍ਰਿੰਸੀਪਲ ਰੇਸ਼ਮਪਾਲ ਕੌਰ ਨੇ ਸਕੂਲ ਸਲੇਬਸ਼ ਅਤੇ ਵੱਖ-ਵੱਖ ਲੇਬਲ ਦੀ ਪੜਾਈ ਦੀ ਗੱਲ ਕੀਤੀ।

ਇਹ ਵੀ ਦੱਸਿਆ ਕਿ ਇਸ ਸਮੇਂ ਸਕੂਲ ਵਿੱਚ ਕੁਲ 174 ਬੱਚੇ ਹਨ ਅਤੇ 30 ਤੋਂ ਵਧੀਕ ਅਧਿਆਪਕ ਬੀਬੀਆਂ ਸੇਵਾਵਾ ਨਿਭਾ ਰਹੀਆਂ ਹਨ। ਜਦ ਕਿ 140 ਬੱਚਿਆ ਨੇ ਸਲਾਨਾ ਪ੍ਰੀਖਿਆ 98 ਪ੍ਰਤੀਸ਼ਤ ਨੰਬਰਾ ਨਾਲ ਪਾਸ ਕੀਤੀ। ਜਿੰਨ੍ਹਾਂ ਵਿੱਚ ਅਮਰੀਕਨ ਮੂਲ ਦੀ ਮਰੀਆਂ ਬੈਂਸ਼ ਅਤੇ ਦੋ ਹੋਰ ਬੱਚੇ ਵੀ ਸਾਮਲ ਹਨ। ਜੋ ਆਪਣੇ ਪੰਜਾਬੀ ਬੱਚਿਆ ਦੀ ਤਰ੍ਹਾਂ ਚੰਗੇ ਅੰਕ ਹਾਸਲ ਕਰਕੇ ਪਾਸ ਹੋਏ। ਸਕੂਲ ਦੇ ਦੌਰਾਨ ਬੱਚਿਆ ਨੂੰ ਪੰਜਾਬੀ ਭਾਸ਼ਾ, ਗੁਰਮਤਿ ਸਿੱਖਿਆ ਅਤੇ ਸਿੱਖ ਇਤਿਹਾਸ ਪੜਾਉਣ ਤੋਂ ਇਲਾਵਾ ਗੁਰਬਾਣੀ ਕੰਠ ਕਰਨਾ, ਕੀਰਤਨ ਕਰਨਾ, ਹਰਮੋਨੀਅਮ ਅਤੇ ਤਬਲਾ ਸਿਖਿਆ ਤੋਂ ਇਲਾਵਾ ਗਤਕਾ ਕਲਾਸਾ ਵੀ ਦਿ-ੱਤੀਆ ਗਈਆਂ। ਇਸ ਸਮਾਗਮ ਦੌਰਾਨ ਸਾਰੇ ਬੱਚਿਆ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਟੈਬਲਿਟ, ਕਿਤਾਬਾ, ਕਲਰ ਬਾਕਸ ਅਤੇ ਹੋਰ ਬਹੁਤ ਸਾਰੀ ਪੜਾਈ ਵਿੱਚ ਸਹਾਈ ਹੋਣ ਵਾਲੀਆਂ ਚੀਜਾਂ ਦੇ ਕੇ ਸਨਮਾਨਿਤ ਕੀਤਾ ਗਿਆ। ਅਜਿਹਾ ਕਰਨ ਦਾ ਸਕੂਲ ਦਾ ਮੰਤਵ ਕਿ ਬੱਚਿਆ ਨੂੰ ਪੰਜਾਬੀ ਸਕੂਲ ਨਾਲ ਜੋੜਿਆ ਜਾ ਸਕੇ। ਇਸ ਸਮੇਂ ਪ੍ਰਮੁੱਖ ਬੁਲਾਰਿਆ ਵਿੱਚ ਸਨਹੋਜ਼ੇ ਸ਼ਹਿਰ ਦੇ ਖਾਲਸਾ ਪੰਜਾਬੀ ਸਕੂਲ ਤੋਂ ਬੀਬੀ ਪੁਸ਼ਪਿੰਦਰ ਕੌਰ ਨੇ ਹਾਜ਼ਰ ਬੱਚਿਆ ਅਤੇ ਪਰਿਵਾਰਾ ਨਾਲ ਬੋਲਦਿਆ ਪੰਜਾਬੀ ਅਤੇ ਗੁਰਮਤਿ ਪੜਨੀ ਕਿਉਂ ਜਰੂਰੀ ਹੈ, ਬਾਰੇ ਗੱਲਬਾਤ ਕੀਤੀ। ਇਸ ਤੋਂ ਇਲਾਵਾ ਡਾ. ਗੁਰਿੰਦਰਜੀਤ ਸਿੰਘ ਨੇ ਅਮਰੀਕਾ ਅੰਦਰ ਆਪਣੀ ਪਹਿਚਾਣ ਅਤੇ ਪੰਜਾਬੀ ਅਪਣਾਉਣ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਆਪਣੇ ਸੱਭਿਆਚਾਰ ਅਤੇ ਗੁਰਮਰਿਯਾਦਾ ਨੂੰ ਬਰਕਰਾਰ ਰੱਖਣ ਲਈ ਬੱਚਿਆ ਨੂੰ ਪੰਜਾਬੀ ਪੜਾਉਣਾ ਬਹੁਤ ਜਰੂਰੀ ਹੈ। ਸਕੂਲ ਦੇ ਪ੍ਰਬੰਧਕਾ ਵਿੱਚੋਂ ਸ. ਰਾਜਵਿੰਦਰ ਸਿੰਘ ਨੇ ਇਸ ਸਕੂਲ ਦੇ ਲਈ ਸਹਾਇਤਾ ਦੇਣ ਵਾਲੇ ਸਮੂੰਹ ਪਰਿਵਾਰਾ ਦਾ ਧੰਨਵਾਦ ਅਤੇ ਭਵਿੱਖ ਦੇ ਪ੍ਰੋਗਰਾਮਾ ਦਾ ਜ਼ਿਕਰ ਕੀਤਾ। ਭਾਈ ਹਰਪ੍ਰੀਤ ਸਿੰਘ ਨੇ ਹਰ ਸਾਲ ਦੀ ਤਰ੍ਹਾਂ ਸਕੂਲ ਅੰਦਰ ਛੁੱਟੀਆ ਸਮੇਂ ਚਲ ਰਹੇ ਵੱਖ-ਵੱਖ ਕੈਂਪਾ ਵਿੱਚ ਬੱਚਿਆ ਨੂੰ ਆਉਣ ਦੀ ਅਪੀਲ ਕੀਤੀ। ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਅਵਤਾਰ ਸਿੰਘ ਜੀ ਨੇ ਸਭ ਹਾਜ਼ਰ ਸੰਗਤਾਂ ਅਤੇ ਬੱਚਿਆ ਦਾ ਧੰਨਵਾਦ ਕੀਤਾ ਅਤੇ ਸਾਰੇ ਸੇਵਾਵਾ ਨਿਭਾਉਣ ਵਾਲੇ ਅਧਿਆਪਕਾ ਅਤੇ ਪ੍ਰਬੰਧਕਾ ਨੂੰ ਸਨਮਾਨਿਤ ਕੀਤਾ। ਸਮੁੱਚੇ ਪ੍ਰੋਗਰਾਮ ਦੇ ਯਾਦਗਾਰੀ ਪਲਾ ਨੂੰ ਕੇ. ਬੀ. ਸਟੂਡੀਓ ਦੇ ਕੁਲਬੀਰ ਬਰਾੜ ਨੇ ਬਤੌਰ ਸੇਵਾ ਕੈਮਰਾਬੰਧ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਸਕੂਲ ਦੇ ਸਿਖਿਅਤ ਬੱਚੇ ਹਰ ਬੁੱਧਵਾਰ ਗੁਰੂਘਰ ਵਿਖੇ ਸਾਮ ਦੇ ਸਮਾਗਮਾ ਵਿੱਚ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾ ਵਿੱਚ ਹਿੱਸਾ ਲੈਂਦੇ ਹਨ। ਜਿੰਨ੍ਹਾਂ ਨੂੰ ਦੇਖ ਕੇ ਹੋਰ ਵੀ ਸੰਗਤ ਵਿੱਚੋਂ ਬੱਚੇ ਇੰਨ੍ਹਾਂ ਪ੍ਰੋਗਰਾਮਾ ਦਾ ਹਿੱਸਾ ਬਣਦੇ ਹਨ।

# ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਅਤੇ ਕੌਮੀ ਸ਼ਹੀਦਾਂ ਨੂੰ ਸਮਰਪਿਤ ਕਵੀ ਦਰਬਾਰ

**ਫ਼ਰਿਜਨੋ–** 'ਇੰਟਰਨੈਸ਼ਨਲ ਸਿੱਖ ਸਾਹਿਤ ਸਭਾ' ਅਤੇ 'ਪੰਜਾਬੀ ਸਾਹਿਤ ਸਭਿਆਚਾਰ ਸੁਸਾਇਟੀ ਫ਼ਰਿਜਨੋ' ਵੱਲੋਂ ਫ਼ਰਿਜਨੋ ਵਿਖੇ 'ਨਾਨਕਸਰ ਠਾਠ ਈਸ਼ਰ ਦਰਬਾਰ ਐਜੂਕੇਸ਼ਨਲ ਸੁਸਾਇਟੀ ਦੇ ਸੱਦੇ ਤੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਅਤੇ ਸਮੂਹ ਕੌਮੀ ਸ਼ਹੀਦਾਂ ਨੂੰ ਸਮਰਪਿਤ ਸਾਂਝੇ ਤੌਰ ਤੇ ਕਵੀ ਦਰਬਾਰ ਪਿਛਲੇ ਦਿਨੀਂ ਕਰਵਾਇਆ ਗਿਆ। ਪ੍ਰਬੰਧਕਾਂ ਵੱਲੋਂ ਕਵੀਜਨਾਂ ਨੂੰ ਜੀ ਆਇਆਂ ਆਖਦਿਆਂ ਕਵੀ ਦਰਬਾਰ ਦਾ ਆਗਾਜ ਹੋਇਆ। ਰਿਟਾਇਰਡ ਮਾਸਟਰ ਲਛਮਣ ਸਿੰਘ ਰਠੌਰ, ਕੁਲਦੀਪ ਸਿੰਘ ਢੀਂਡਸਾ, ਸੂਬੇਦਾਰ ਮਹਿੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਸੇਖੋਂ (ਦਾਖਾ), ਰਾਜ ਬਰਾੜ, ਰਿਟਾਇਰਡ ਪ੍ਰਿਸੀਪਲ



ਹਜ਼ੂਰਾ ਸਿੰਘ, ਮਾਤਾ ਗੁਰਦੇਵ ਕੌਰ, ਤਰਸੇਮ ਸਿੰਘ ਸੁਮਨ, ਅਮਰੀਕ ਸਿੰਘ ਵਿਰਕ ਆਦਿ ਕਵੀਜਨਾਂ ਨੇ, ਸਿੱਖ ਧਰਮ, ਸਿੱਖ ਸਮਾਜ, ਸਿੱਖ ਸਭਿਆਚਾਰ, ਸਿੱਖ ਵਿਰਸਾ, ਸਿੱਖ ਸੰਘਰਸ਼, ਸਿੱਖ ਏਕਤਾ ਅਤੇ ਸਿੱਖ ਸ਼ਹਾਦਤਾਂ ਦੇ ਇਤਿਹਾਸ ਉੱਪਰ ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਪ੍ਰਬੰਧਕਾਂ ਵੱਲੋਂ ਕਵੀਜਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰੂ ਘਰ ਵਿਖੇ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਵੀ ਸਮਨਾਨਿਤ ਕੀਤਾ ਗਿਆ।

**ਜਾਰੀ ਕਰਤਾ :-ਬਿਊਰੋ ਆਫ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ 510-774-5909, 510-676-4440**

ਦੇਸ਼ ਦੁਆਬਾ

# ਦਲਿਤਾਂ ਵਿਰੁੱਧ ਨਫਰਤ ਦੀ ਇਕ ਹੋਰ ਜਿਉਂਦੀ-ਜਾਗਦੀ ਮਿਸਾਲ

ਭਾਰਤ ਵਿਚ ਦਲਿਤ ਸਦੀਆਂ ਤੋਂ ਉਹਨਾਂ ਨਾਲ ਹੋ ਰਹੇ ਵਿਤਕਰੇ ਦੇ ਖਿਲਾਫ ਲੜਦੇ ਆ ਰਹੇ ਹਨ। ਇਹ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ, ਬਲਕਿ ਹੋਰ ਤੇਜ਼ ਗਤੀ ਨਾਲ ਵਧਦਾ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਰਾਜਸਥਾਨ ਦੇ ਨਾਗੌਰ ਵਿਚ ਵੀ ਦਲਿਤਾਂ ਨਾਲ ਅਜਿਹਾ ਜ਼ੁਲਮ ਹੋਇਆ ਸੀ, ਜਿੱਥੇ ਦਲਿਤਾਂ ਦੀ ਜ਼ਮੀਨ ਦੱਬਣ ਲਈ ਉਹਨਾਂ ਦੇ ਕਤਲ ਕਰ ਦਿੱਤੇ ਗਏ। ਇਸ ਤੋਂ ਇਲਾਵਾ ਮਹਾਰਾਸ਼ਟਰ ਵਿਚ ਇਕ ਦਲਿਤ ਵਿਦਿਆਰਥੀ ਨੂੰ ਇਸ ਕਰਕੇ ਬੁਰੀ ਤਰ੍ਹਾਂ ਕੁੱਟ-ਕੁੱਟ ਮਾਰ ਦਿੱਤਾ ਗਿਆ, ਕਿਉਂਕਿ ਉਸਦੇ ਮੋਬਾਇਲ ਤੇ ਡਾ. ਅੰਬੇਦਕਰ ਦੀ ਰਿੰਗਟੋਨ ਵੱਜ ਗਈ ਸੀ। ਅਜਿਹੀ ਹੀ ਇਕ ਘਟਨਾ ਗੁਜਰਾਤ ਦੇ ਦਿਹਾੜੀ ਮਜ਼ਦੂਰੀ ਕਰਨ ਵਾਲੇ ਧਰਮਰਾਜ ਦੇ ਪਰਿਵਾਰ ਨਾਲ ਵਾਪਰੀ, ਜਿਸ ਦੇ ਦੋ ਹੋਣਹਾਰ ਲੜਕਿਆਂ ਨੇ ਭਾਰਤ ਦੀ ਸਭ ਤੋਂ ਅਹਿਮ ਮੰਨੀ ਜਾਂਦੀ ਪ੍ਰੀਖਿਆ ਆਈ ਆਈ ਟੀ ਦੀ ਪ੍ਰਵੇਸ਼ ਪ੍ਰੀਖਿਆ ਵਿਚ ਚੰਗੇ ਰੈਂਕ ਹਾਸਲ ਕੀਤੇ। ਇਸ ਪਰਿਵਾਰ ਦੇ ਛੋਟੇ ਮੁੰਡੇ ਰਾਜੂ ਸਰੋਜ ਨੇ 168ਵਾਂ ਅਤੇ ਵੱਡੇ ਮੁੰਡੇ ਬ੍ਰਿਜੇਸ਼ ਸਰੋਜ ਨੇ 419ਵਾਂ ਰੈਂਕ ਹਾਸਲ ਕੀਤਾ। ਦੋਵੇਂ ਭਰਾਵਾਂ ਬਾਰੇ ਮੀਡੀਆ ਵਿਚ ਖਬਰਾਂ ਵੀ ਆਈਆਂ ਅਤੇ ਕੇਂਦਰੀ ਮੰਤਰੀ ਸਿਮਰਤੀ ਇਰਾਨੀ ਨੇ ਇਹਨਾਂ ਦੋਵੇਂ ਭਰਾਵਾਂ ਦੀ ਫੀਸ ਮੁਆਫ ਕਰਨ ਦਾ ਐਲਾਨ ਕੀਤਾ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਵੀ ਦੋਹਾਂ ਦੀ ਪੂਰੀ ਪੜ੍ਹਾਈ ਦਾ ਖਰਚਾ ਉਠਾਉਣ ਦਾ ਐਲਾਨ ਕੀਤਾ। ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਇਹਨਾਂ ਦੀ ਮਦਦ ਦਾ ਭਰੋਸਾ ਪ੍ਰਗਟਾਇਆ।

ਪਰ ਇਹਨਾਂ ਦੀ ਇਹ ਕਾਮਯਾਬੀ ਮਨੂੰਵਾਦੀ ਸਮਾਜ ਨੂੰ ਰਾਸ ਨਹੀਂ ਆ ਰਹੀ, ਜਿਸ ਕਰਕੇ ਉਚੀ ਜਾਤੀ ਦੇ ਲੋਕ ਇਹਨਾਂ ਦੇ ਘਰੇ ਪੱਥਰਬਾਜ਼ੀ ਕਰਨ ਤੇ ਉਤਰ ਆਉਂਦੇ ਹਨ। ਇਸ ਪਰਿਵਾਰ ਨੂੰ ਅਜਿਹੀ ਸਮੱਸਿਆ ਦਾ ਕਈ ਵਾਰ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ ਇਸ ਪਰਿਵਾਰ ਨੇ ਪੁਲਿਸ ਕੋਲ ਵੀ ਸ਼ਿਕਾਇਤਾਂ ਦਰਜ ਕਰਵਾਈਆਂ ਹਨ, ਪਰ ਇਸ ਦੇ ਬਾਵਜੂਦ ਪੁਲਿਸ ਵੱਲੋਂ ਵੀ ਕੋਈ ਰਾਹਤ ਨਹੀਂ ਮਿਲੀ। ਕੀ ਭਾਰਤ ਵਿਚ ਦਲਿਤਾਂ ਵਿਰੁੱਧ ਹੋ ਰਹੇ ਸਦੀਆਂ ਤੋਂ ਚਲੇ ਆ ਰਹੇ ਜ਼ੁਲਮਾਂ ਵਿਚ ਕੁਝ ਨਿਜਾਤ ਮਿਲੇਗੀ। ਰਾਜੂ ਅਤੇ ਬ੍ਰਿਜੇਸ਼ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਹਨਾਂ ਦੇ ਪਰਿਵਾਰ ਨੂੰ ਛੋਟੀ ਜਾਤੀ ਦੇ ਹੋਣ ਕਾਰਨ ਪਹਿਲਾਂ ਵੀ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ। ਉਹਨਾਂ ਨੂੰ ਪਿੰਡ ਦੇ ਜਨਤਕ ਸੌਚਾਲਿਆ ਅਤੇ ਹੈਂਡਪੰਪ ਤੋਂ ਪਾਣੀ ਵੀ ਨਹੀਂ ਭਰਨ ਦਿੱਤਾ ਜਾਂਦਾ। ਇਹ ਘਟਨਾ ਪਹਿਲੀ ਨਹੀਂ ਬਲਕਿ ਭਾਰਤ ਵਿਚ ਹਰ ਰੋਜ਼ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਇਹਨਾਂ ਨੂੰ ਕੋਈ ਠੱਲ੍ਹ ਨਹੀਂ ਪੈ ਰਹੀ ਹੈ। ਅਜਿਹੇ ਅੱਤਿਆਚਾਰਾਂ ਨੂੰ ਠੱਲ੍ਹ ਪਾਉਣ ਲਈ ਭਾਰਤ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਆਪਣੇ ਨਾਗਰਿਕਾਂ ਦੀ ਹਿਫਾਜ਼ਤ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ ਅਤੇ ਦੋਸ਼ੀਆਂ ਨੂੰ ਬਿਨਾਂ ਦੇਰੀ ਕੀਤਿਆਂ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਫਿਰ ਕੋਈ ਇਸ ਤਰ੍ਹਾਂ ਦਾ ਕਾਰਾ ਨਾ ਕਰ ਸਕੇ।

## ਸੰਪਾਦਕ ਦੀ ਡਾਕ

ਮਿਤੀ 18, 5, 2015 ਦਾ ਦੇਸ਼ ਦੁਆਬਾ ਅੰਕ ਪੜ੍ਹਿਆ। ਇਸ ਵਿੱਚ ਗਾਇਕ ਜਗਜੀਤ ਮੁਕਤਸਰੀ ਬਾਰੇ ਪ੍ਰੀਤਮ ਲੁਧਿਆਣਵੀ ਜੀ ਦਾ ਲਿਖਿਆ ਆਰਟੀਕਲ ਰੋਚਕ ਲਗਿਆ। ਪ੍ਰੋ. ਐਚ ਐਲ ਕਪੂਰ ਦਾ ਲੇਖ "ਮਹਾਨ ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ" ਤੱਥਾਂ ਸਮੇਤ ਜਾਣਕਾਰੀ ਹਿੱਤ ਹੈ। ਸਾਹਿਤਕ ਪੈੜਾਂ ਵਿੱਚ ਸਮਾਜਿਕ ਸਰੋਕਾਰ ਨਾਲ ਲਵਰੇਜ਼ ਰਚਨਾਵਾਂ ਹਨ। ਜੁਗਿੰਦਰ 'ਧਾਮੀ' ਪਿਪਲਾਂਵਾਲੀ, ਗੁਰਦਿਆਲ ਸਿੰਘ ਨੂਰਪੁਰ ਅਤੇ ਜਸਵੰਤ 'ਜਸੀ' ਸ਼ੀਮਾਰ ਦੀਆਂ ਰਚਨਾਂਵਾਂ ਖ਼ੂਬ ਹਨ।ਕੁਲਬੀਰ ਸਿੰਘ ਦੀ ਗ਼ਜ਼ਲ ਕਾਬਲੇ ਜ਼ਿਕਰ ਹੈ । ਸੰਪਾਦਕੀ ਲਾਜਵਾਬ ਹੈ।

**– ਕਸ਼ਮੀਰ ਘੇਸਲ**

# ਫੋਕੀ ਸ਼ਾਹਵਾ ਵਾਹਵਾ ਖੱਟਣ ਲਈ ਫ਼ਜ਼ੂਲ ਖ਼ਰਚੀ ਬੰਦ ਕਰੋ



ਉਜਾਗਰ ਸਿੰਘ

ਪੰਜਾਬੀਓ ਹੋਸ਼ ਨਾਲ ਹੀ ਜੋਸ਼ ਨੂੰ ਸੰਭਾਲਿਆ ਜਾ ਸਕਦਾ ਹੈ। ਤੁਸੀਂ ਜੋਸ਼ ਵਿਚ ਆ ਕੇ ਫ਼ੋਕੀ ਸ਼ਾਹਵਾ ਵਾਹਵਾ ਖੱਟਣ ਲਈ ਫ਼ਜ਼ੂਲ ਖ਼ਰਚੀ ਕਰਨ ਵਿਚ ਮੋਹਰੀ ਹੋ। ਫ਼ਜ਼ੂਲ ਖ਼ਰਚੀ ਉਹ ਹੁੰਦੀ ਹੈ ਜਿਸ ਖ਼ਰਚੇ ਤੋਂ ਬਿਨਾ ਜ਼ਿੰਦਗੀ ਦਾ ਕੰਮ ਚਲਦਾ ਰਹਿੰਦਾ ਹੈ, ਜਿਸ ਦੀ ਰੋਜ ਮਰਰਾ ਦੇ ਕੰਮ ਕਾਜ ਵਿਚ ਲੋੜ ਨਾ ਹੋਵੇ। ਪੰਜਾਬੀ ਫ਼ਜ਼ੂਲ ਖ਼ਰਚੀ ਨਾਲ ਆਪਣੀ ਆਰਥਿਕ ਹਾਲਤ ਕਮਜ਼ੋਰ ਕਰਕੇ, ਆਪਣੀ ਮਾਨਸਿਕਤਾ ਨੂੰ ਪੱਠੇ ਪਾ ਰਹੇ ਹਨ ਪ੍ਰੰਤੂ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ। ਸਿਰਫ ਆਪਣੀ ਮਾਨਸਿਕ ਤਸੱਲੀ ਲਈ, ਬਿਨਾ ਲੋੜ ਤੋਂ ਖ਼ਰਚ ਕਰੀ ਜਾ ਰਹੇ ਹਨ । ਇਸ ਸਮੇਂ ਉਹ ਅਜਿਹੇ ਖ਼ਰਚੇ ਕਰ ਰਹੇ ਹਨ, ਜਿਨ੍ਹਾਂ ਦਾ ਉਨ੍ਹਾਂ ਨੂੰ ਕੋਈ ਲਾਭ ਨਹੀਂ ਸਗੋਂ ਉਲਟਾ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ। ਆਪਣਾ ਸਮਾਜਿਕ ਸਟੇਟਸ ਉਚਾ ਦਿਖਾਉਣ ਦੇ ਇਰਾਦੇ ਨਾਲ, ਬਿਨਾਂ ਸੋਚੇ ਸਮਝੇ ਆਪਣੀਆਂ ਜ਼ਮੀਨਾ ਗਹਿਣੇ ਧਰਕੇ, ਕਰਜ਼ੇ ਲੈ ਕੇ ਜਾਂ ਵੇਚਕੇ ਖ਼ਰਚ ਕਰ ਰਹੇ ਹਨ। ਵਿਆਹ, ਮੰਗਣੇ, ਜਨਮ ਦਿਵਸ, ਵਿਆਹ ਦੀ ਵਰ੍ਹੇ ਗੰਢ, ਬੱਚਿਆਂ ਦੇ ਜਨਮ ਦਿਨ ਅਤੇ ਹੋਰ ਨਿੱਕੀਆਂ ਮੋਟੀਆਂ ਖ਼ੁਸ਼ੀਆਂ ਮਨਾਉਣ ਲਈ ਪਾਰਟੀਆਂ ਕਰਨ ਲੱਗਿਆਂ ਪੰਜਾਬੀਆਂ ਨੇ ਸਾਰੇ ਹੱਦ ਬੰਨੇ ਪਾਰ ਲਏ ਹਨ। ਵਿਆਹ ਇੱਕ ਪਵਿਤਰ ਬੰਧਨ ਹੈ, ਇਹ ਨਿੱਜੀ ਪਰਿਵਾਰਕ ਮਾਮਲਾ ਹੈ, ਇਸ ਵਿਚ ਦਿਖਾਵਾ ਸ਼ੋਭਾ ਨਹੀਂ ਦਿੰਦਾ, ਇਹ ਰਸਮ ਸਾਧਾਰਨ ਢੰਗ ਨਾਲ ਵੀ ਹੋ ਸਕਦੀ ਹੈ। ਵਿਆਹ ਤੇ ਸਜਾਵਟਾਂ ਕਰਨ ਤੇ ਹੀ ਲੱਖਾਂ ਰੁਪਏ ਦੇ ਫੁਲ, ਸਜਾਵਟੀ ਟੈਂਟ ਸ਼ਾਮਿਆਨਾ, ਕੁਰਸੀਆਂ, ਸੋਫਾ ਸੈਟ, ਲੜੀਆਂ, ਸ਼ਰਾਬ, ਕਾਲੀਨ, ਗਲੀਚੇ ਅਤੇ ਰਾਤ ਦੇ ਵਿਆਹ ਤੇ ਬਿਜਲੀ ਦੀਆਂ ਲੜੀਆਂ ਦਾ ਖ਼ਰਚਾ ਹੀ ਮਾਣ ਨਹੀਂ। ਚੰਦ ਲਮ੍ਹਿਆਂ ਦੀ ਖ਼ੁਸ਼ੀ ਲਈ ਲੱਖਾਂ ਰੁਪਏ ਮਿੱਟੀ ਵਿਚ ਮਿਲਾ ਦਿੱਤੇ ਜਾਂਦੇ ਹਨ। ਇਹ ਖ਼ੁਸ਼ੀ ਸਥਾਈ ਨਹੀਂ ਹੁੰਦੀ। ਅਜਿਹੀ ਖ਼ੁਸ਼ੀ ਦਾ ਕੀ ਲਾਭ ਜਿਹੜੀ ਬਾਅਦ ਵਿਚ ਤਕਲੀਫ਼ ਦੇਵੇ। ਮਨਪ੍ਰਚਾਵੇ ਲਈ ਲੱਖਾਂ ਰੁਪਏ ਕਲਾਕਾਰਾਂ ਤੇ ਖ਼ਰਚ ਦਿੱਤੇ ਜਾਂਦੇ ਹਨ। ਕਲਾਕਾਰ ਵੀ ਸਾਰੇ ਪ੍ਰੋਗਰਾਮਾ ਲਈ ਬੁਕ ਕੀਤੇ ਜਾਂਦੇ ਹਨ, ਇਥੋਂ ਤੱਕ ਕਿ ਲੇਡੀ ਸੰਗੀਤ ਲਈ ਵੀ ਕਲਾਕਾਰ ਬੁਕ ਕੀਤੇ ਜਾਂਦੇ ਹਨ ਜਦੋਂ ਕਿ ਪਹਿਲਾਂ ਇਹ ਪਰਿਵਾਰ ਦੇ ਮੈਂਬਰ ਅਤੇ ਸੰਬੰਧੀ ਹੀ ਹਿੱਸਾ ਲੈਂਦੇ ਸਨ। ਐਨਾ ਰੌਲਾ ਰੱਪਾ ਹੁੰਦਾ ਹੈ ਕਿਸੇ ਦੀ ਕੋਈ ਗੱਲ ਵੀ ਸੁਣੀ ਨਹੀਂ ਜਾ ਸਕਦੀ। ਅਵਾਜ਼ ਪ੍ਰਦੂਸ਼ਣ ਕੰਨਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅਸਭਿਅਕ ਗੀਤ ਪਵਿਤਰ ਰਸਮਾਂ ਦੇ ਮੌਕੇ ਗਾਏ ਜਾਂਦੇ ਹਨ, ਫਿਰ ਅਜਿਹੇ ਮੌਕਿਆਂ ਤੇ ਲੜਾਈਆਂ ਵੀ ਹੁੰਦੀਆਂ ਹਨ। ਕਈ ਚੋਟੀ ਦੇ ਕਲਾਕਾਰ ਵਿਆਹਾਂ ਦੇ ਸਮਾਗਮਾਂ ਤੇ ਮਾਰੇ ਗਏ ਹਨ। ਸ਼ਰਾਬਾਂ ਪੀ ਕੇ ਲੋਕ ਸਟੇਜਾਂ ਤੇ ਚੜ੍ਹਕੇ ਹੁਲੜ੍ਹਬਾਜ਼ੀ ਕਰਦੇ ਹਨ। ਕਈ ਵਾਰੀ ਇਸਤਰੀ ਕਲਾਕਾਰਾਂ ਨੂੰ ਭੱਜ ਕੇ ਆਪਣੀ ਇੱਜ਼ਤ ਬਚਾਉਣੀ ਪੈਂਦੀ ਹੈ। ਲੱਖਾਂ ਮੁਸੀਬਤਾਂ ਅਤੇ ਮਿਹਨਤ ਨਾਲ ਕੀਤੀ ਕਮਾਈ ਫੋਕੀ ਸ਼ੁਹਰਤ ਲਈ ਮਿੰਟਾਂ ਸਕਿੰਟਾਂ ਵਿਚ ਹੀ ਪਾਣੀ ਤਰ੍ਹਾਂ ਵਹਾਅ ਦਿੱਤੀ ਜਾਂਦੀ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਵਿਚੋਂ ਇਕ ਦੇ ਖ਼ਰਚੇ ਨਾਲ ਹੀ ਵਿਆਹ ਹੋ ਸਕਦਾ ਹੈ। ਵਿਆਹ ਨਿੱਜੀ ਪਰਿਵਾਰਿਕ ਮਾਮਲਾ ਹੁੰਦਾ ਹੈ। ਵਿਆਹਾਂ ਦੇ ਵੀ ਕਈ ਸਮਾਗਮ ਕੀਤੇ ਜਾਂਦੇ ਹਨ। ਹਫ਼ਤਾ ਪਹਿਲਾਂ ਵੱਟਣਾ ਲਗਾਉਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾਂ ਰੋਕ, ਰਿੰਗ ਸੈਰੇਮਨੀ, ਮੰਗਣਾ, ਜਾਗੋ, ਲੇਡੀਜ਼ ਸੰਗੀਤ, ਵਿਆਹ ਅਤੇ ਰਿਸੈਪਸ਼ਨ। ਇਨ੍ਹਾਂ ਸਾਰੇ ਸਮਾਗਮਾ ਵਿਚ ਆਪਣੀ ਔਕਾਤ ਤੋਂ ਵੱਧ ਖ਼ਰਚ ਕੀਤੇ ਜਾਂਦੇ ਹਨ। ਬਰਾਤ ਅਤੇ ਰਿਸੈਪਸ਼ਨ ਵਿਚ ਤਾਂ ਸੈਂਕੜੇ/ ਹਜ਼ਾਰਾਂ ਲੋਕ ਸ਼ਾਮਲ ਹੁੰਦੇ ਹਨ, ਉਹ ਸਾਰੇ ਹਰ ਰੋਜ਼ ਹੀ ਆਪੋ ਆਪਣੇ ਘਰਾਂ ਵਿਚ ਖਾਣਾ ਤਾਂ ਖਾਂਦੇ ਹੀ ਹਨ। ਫਿਰ ਇਨ੍ਹਾਂ ਸਮਾਗਮਾ ਵਿਚ ਬੁਲਾ ਕੇ ਇੱਕ ਪਰਿਵਾਰ ਤੇ ਐਨਾ ਖ਼ਰਚ ਕਿਉਂ ਪਾਇਆ ਜਾਂਦਾ ਹੈ। ਵਿਆਹ ਇੱਕ ਸਮਾਗਮ ਨਾਲ ਵੀ ਹੋ ਸਕਦਾ ਹੈ। ਆਪਣੀ ਖ਼ੁਸੀ ਦਾ ਇਜ਼ਹਾਰ ਪੈਸਿਆਂ ਨਾਲ ਹੀ ਮਾਪਿਆ ਜਾਂਦਾ ਹੈ। ਜੇ ਗੁਆਂਢੀ ਨੇ ਬਹੁਤਾ ਖ਼ਰਚ ਕਰਕੇ ਇਹ ਸਮਾਗਮ ਕੀਤੇ ਹਨ ਤਾਂ ਹਉਮੈ ਦਾ ਸ਼ਿਕਾਰ ਪੰਜਾਬੀ ਉਸ ਨਾਲੋਂ ਵੱਧ ਖ਼ਰਚ ਕਰਕੇ ਸਮਾਗਮ ਕਰਦਾ ਹੈ। ਜੇ ਗੁਆਂਢੀ ਨੇ ਸਕੂਟਰ, ਮੋਟਰ ਸਾਈਕਲ, ਕਾਰ ਦਾਜ ਵਿਚ ਦਿੱਤੀ ਹੈ ਤਾਂ ਉਹ ਉਸ ਨਾਲੋਂ ਮਹਿੰਗੇ ਬਰਾਂਡ ਦੇ ਸਕੂਟਰ, ਮੋਟਰ ਸਾਈਕਲ ਅਤੇ ਕਾਰ ਵਿਚੋਂ ਇਕ ਚੀਜ਼ ਲੈ ਕੇ ਦੇਵੇਗਾ। ਹਾਲਾਂ ਕਿ ਵਿਆਂਦੜ ਕੋਲ ਭਾਵੇਂ ਉਨ੍ਹਾਂ ਵਿਚ ਪੈਟਰੌਲ ਪੁਆਉਣ ਜੋਗੇ ਪੈਸੇ ਵੀ ਨਾ ਹੋਣ। ਇਹ ਵਿਖਾਵਾ ਹੀ ਹੈ, ਇਸ ਤੋਂ ਵੱਧ ਕੁਝ ਨਹੀਂ। ਵਿਆਹ ਵਾਲੇ ਲੜਕੇ ਜਾਂ ਲੜਕੀ ਨੂੰ ਇਸ ਖ਼ਰਚੇ ਦਾ ਕੀ ਲਾਭ ਹੁੰਦਾ ਹੈ। ਜੇ ਇਹ ਸਾਰਾ ਪੈਸਾ ਲੜਕੀ ਨੂੰ ਦੇ ਦਿੱਤਾ ਜਾਵੇ ਤਾਂ ਉਹ ਵਿਆਹ ਤੋਂ ਬਾਅਦ ਆਪਣਾ ਘਰ ਸਥਾਪਤ ਕਰਨ ਲਈ ਇਹ ਰਕਮ ਵਰਤ ਸਕਦੀ ਹੈ। ਲੋਕ ਖ਼ਾਣਾ ਖਾ ਕੇ ਸ਼ਰਾਬ ਦਾ ਆਨੰਦ ਮਾਣਦੇ ਹੋਏ ਡਕਾਰ ਮਾਰ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਵਧੇਰੇ ਸ਼ਰਾਬ ਪੀਣ ਜਾਂ ਖਾਣਾ ਖਾਣ ਕਰਕੇ ਬੀਮਾਰ ਹੀ ਹੋ ਜਾਂਦੇ ਹਨ। ਅੱਧੇ ਲੋਕ ਤਾਂ ਅੱਧਾ ਖਾਣਾ ਹੀ ਪਲੇਟਾਂ ਵਿਚ ਛੱਡ ਜਾਂਦੇ ਹਨ। ਉਹ ਖਾਣਾ ਅਜਾਈਂ ਜਾਂਦਾ ਹੈ, ਜਦੋਂ ਕਿ ਭਾਰਤ ਵਿਚ ਕੁਝ ਗ਼ਰੀਬ ਲੋਕ ਭੁਖਮਰੀ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਸਮਾਗਮਾ ਦਾ ਪ੍ਰਬੰਧ ਕਰਨ ਵਾਲਾ ਪਰਿਵਾਰ ਕਰਜ਼ਈ ਹੋ ਕੇ ਬਹਿ ਜਾਂਦਾ ਹੈ। ਉਹ ਆਪਣੀ ਸਾਰੀ ਉਮਰ ਕਰਜ਼ਾ ਲਾਹੁੰਦਾ ਹੀ ਥੱਕ ਜਾਂਦਾ ਹੈ। ਅਜਿਹੇ ਵਿਆਹ ਸੇਟਟਸ ਸਿੰਬਲ ਬਣ ਗਏ ਹਨ। ਵਿਆਹਾਂ ਦੇ ਸੱਦਾ ਪੱਤਰ ਅਰਥਾਤ ਕਾਰਡ ਰੰਗਦਾਰ ਮਹਿੰਗੇ ਤੋਂ ਮਹਿੰਗੇ ਪ੍ਰਕਾਸ਼ਤ ਕਰਕੇ ਸਟੇਟਸ ਸਿੰਬਲ ਦੇ ਤੌਰ ਵੰਡੇ ਜਾਂਦੇ ਹਨ। ਇਨ੍ਹਾਂ ਸੱਦਾ ਪੱਤਰਾਂ ਦੇ ਨਾਲ ਹੀ ਮਠਿਆਈ ਦਾ ਡੱਬਾ ਦਿੱਤਾ ਜਾਂਦਾ ਹੈ। ਮਠਿਆਈ ਦੇ ਡੱਬੇ ਪ੍ਰਿੰਟ ਕਰਵਾਏ ਜਾਂਦੇ ਹਨ। ਕਈ ਲੋਕ ਤਾਂ ਡਰਾਈ ਫਰੂਟ ਅਤੇ ਮਠਿਆਈ ਦੋ-ਦੋ ਡੱਬੇ ਦਿੰਦੇ ਹਨ। ਇਨ੍ਹਾਂ ਸਮਾਗਮਾ ਵਿਚ ਹਿੱਸਾ ਲੈਣ ਵਾਲੇ ਵੀ ਮਹਿੰਗੇ ਤੋਂ ਮਹਿੰਗੇ ਗਿਫ਼ਟ ਦਿੰਦੇ ਹਨ। ਇਹ ਰਿਵਾਜ ਘੱਟਣ ਦੀ ਜਗ੍ਹਾ ਵੱਧ ਰਹੇ ਹਨ ਕਿਉਂਕਿ ਦਿਖਾਵਾ ਵੱਧ ਗਿਆ ਹੈ। ਮਹਿੰਗਾਈ ਨੂੰ ਸੱਦਾ ਦੇਣ ਵਿਚ ਇਹ ਸਮਾਗਮ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਲੋਕ ਆਪਣੇ ਨਜ਼ਦੀਕੀਆਂ ਦੀਆਂ ਬਿਮਾਰੀਆਂ ਤੇ ਉਤਨਾ ਖ਼ਰਚ ਨਹੀਂ ਕਰਦੇ, ਜਿੰਨਾ ਉਨ੍ਹਾਂ ਦੇ ਭੋਗਾਂ ਤੇ ਖ਼ਰਚ ਦਿੰਦੇ ਹਨ। ਕਈ ਲੋਕਾਂ ਦੇ ਮਾਂ ਬਾਪ ਬਿਮਾਰੀ ਦੀ ਹਾਲਤ ਵਿਚ ਦਵਾਈ ਅਤੇ ਦੋ ਵਕਤ ਦੀ ਰੋਟੀ ਨੂੰ ਤਰਸਦੇ ਸਵਰਗ ਸਿਧਾਰ ਜਾਂਦੇ ਹਨ, ਉਨ੍ਹਾਂ ਦੇ ਮਰਨ ਤੋਂ ਬਾਅਦ ਦਿਖਾਵੇ ਲਈ ਲੋਕਾਂ ਨੂੰ ਖਾਣੇ ਖੁਆਏ ਜਾਂਦੇ ਹਨ। ਭੋਗ ਪਾਉਣਾ ਵੀ ਹੁਣ ਸ਼ੋਸ਼ਲ ਸਟੇਟਸ ਬਣ ਗਿਆ ਹੈ। ਕਈ ਤਾਂ ਭੋਗਾਂ ਦੇ ਸਮਾਗਮ ਵੀ ਮੈਰਿਜ ਪੈਲਿਸਾਂ ਵਿਚ ਕਰਦੇ ਹਨ। ਹੁਣ ਤਾਂ ਭੋਗਾਂ ਦੇ ਵੀ ਸੱਦਾ ਪੱਤਰ ਦਿੱਤੇ ਜਾਂਦੇ ਹਨ, ਹਾਲਾਂ ਕਿ ਭੋਗ ਤੇ ਉਹ ਵਿਅਕਤੀ ਆਪ ਹੀ ਆਉਂਦਾ ਹੈ, ਜਿਸ ਨੂੰ ਮਰਨ ਵਾਲੇ ਵਿਅਕਤੀ ਜਾਂ ਉਸ ਦੇ ਪਰਿਵਾਰ ਨਾਲ ਲਗਾਓ ਹੁੰਦਾ ਹੈ। ਭੋਗਾਂ ਦੇ ਖਾਣੇ ਵਿਆਹਾਂ ਦੀ ਤਰ੍ਹਾਂ ਮੇਜ ਕੁਰਸੀਆਂ ਲਗਾ ਕੇ ਮਹਿੰਗੇ ਪਕਵਾਨ ਸਰਵ ਕੀਤੇ ਜਾਂਦੇ ਹਨ। ਇਥੋਂ ਤੱਕ ਕਿ ਸਵੀਟ ਡਿਸ਼ਾਂ ਵੀ ਕਈ ਤਰ੍ਹਾਂ ਦੀਆਂ ਬਣਾਈਆਂ ਜਾਂਦੀਆਂ ਹਨ। ਕਈ ਲੋਕ ਤਾਂ ਵੀ.ਆਈ.ਪੀਜ਼.ਲਈ ਵੱਖਰਾ ਖਾਣੇ ਦਾ ਪ੍ਰਬੰਧ ਕਰਦੇ ਹਨ। ਲੋਕਾਂ ਨੂੰ ਭੋਗ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਖਾਣਾ ਖਾਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਪਤਵੰਤੇ ਵਿਅਕਤੀਆਂ ਤੋਂ ਮਰਨ ਵਾਲੇ ਨੂੰ ਸ਼ਰਧਾਂਜਲੀ ਦਿਵਾਈ ਜਾਂਦੀ ਹੈ, ਹਾਲਾਂ ਕਿ ਬੋਲਣ ਵਾਲਾ ਮਰਨ ਵਾਲੇ ਨੂੰ ਭਾਵੇਂ ਜਾਣਦਾ ਵੀ ਨਾ ਹੋਵੇ। ਫੋਕੀ ਵਡਿਆਈ ਦੇ ਸੋਹਲੇ ਗਾਏ ਜਾਂਦੇ ਹਨ। ਲੋਕ ਸ਼ਰਧਾਂਜਲੀਆਂ ਸੁਣਦੇ ਤੰਗ ਆ ਜਾਂਦੇ ਹਨ। ਕਈ ਬੁਲਾਰੇ ਤਾਂ ਮਰਨ ਵਾਲੇ ਦੇ

(ਬਾਕੀ ਸਫਾ 8 ਤੇ)

# ਸ਼ੰਕਾ-ਨਵਿਰਤੀ/ ਭਾਗ- 5



ਮੇਘ ਰਾਜ ਮਿੱਤਰ
+91-98887-87440

? ਮਨੁੱਖ ਉੱਪਰ ਅਸਮਾਨੀ ਬਿਜਲੀ ਡਿੱਗਣ ਨਾਲ ਉਸਦੀ ਯਾਦਾਸ਼ਤ ਕਿਵੇਂ ਕਮਜ਼ੋਰ ਹੋ ਜਾਂਦੀ ਹੈ।

* ਮਨੁੱਖੀ ਯਾਦਾਸ਼ਤ ਦਾ ਸਬੰਧ ਮਨੁੱਖੀ ਦਿਮਾਗ ਵਿੱਚ ਉਪਲੱਬਧ ਦਿਮਾਗੀ ਸੈੱਲਾਂ ਨਾਲ ਹੁੰਦਾ ਹੈ, ਇਸਨੂੰ ਨਿਊਰੋਨਜ਼ ਕਿਹਾ ਜਾਂਦਾ ਹੈ, ਇਹਨਾਂ ਨਿਊਰੋਨਜ਼ ਦੇ ਨਸ਼ਟ ਹੋਣ ਕਾਰਨ, ਯਾਦਾਸ਼ਤ ਘਟ ਜਾਂਦੀ ਹੈ।

? ਅੱਜ ਤੋਂ ਕਿੰਨੇ ਕੁ ਸਾਲ ਪਹਿਲਾਂ ਕੱਪੜੇ ਦੀ ਹੋਂਦ ਹੋਈ ਸੀ।

* ਅੱਜ ਤੋਂ 5 ਕੁ ਹਜ਼ਾਰ ਸਾਲ ਪਹਿਲਾਂ ਕੱਪੜੇ ਦੀ ਖੋਜ਼ ਹੋਈ ਹੈ। ਸਿੰਧ ਘਾਟੀ ਦੀ ਸੱਭਿਅਤਾ ਅਤੇ ਹੜੱਪਾ ਦੀ ਖੁਦਾਈ ਦੌਰਾਨ ਕੱਪੜੇ ਦੇ ਟੁਕੜੇ ਮਿਲੇ ਹਨ।

? ਇੱਕ ਮਨੁੱਖ ਦੇ ਸਿਰ ਦੇ ਵਾਲਾਂ ਦੀ ਗਿਣਤੀ ਕਿੰਨੀ ਹੁੰਦੀ ਹੈ?

* ਇੱਕ ਮਨੁੱਖ ਦੇ ਸਿਰ ਦੇ ਵਾਲਾਂ ਦੀ ਗਿਣਤੀ ਦੋ-ਤਿੰਨ ਲੱਖ ਦੇ ਕਰੀਬ ਹੁੰਦੀ ਹੈ।

? ਨਹੁੰ ਕੱਟਣ ਅਤੇ ਵਾਲ ਕੱਟਣ ਤੇ ਦੁਬਾਰਾ ਆ ਜਾਂਦੇ ਹਨ ਪਰ ਮਨੁੱਖੀ ਸਰੀਰ ਦਾ ਕੋਈ ਅੰਗ ਕੱਟੇ ਜਾਣ ਤੇ ਦੁਬਾਰਾ ਨਹੀਂ ਆਉਂਦਾ? ਅਜਿਹਾ ਕਿਉਂ?

* ਨਹੁੰ ਤੇ ਵਾਲ ਮਨੁੱਖੀ ਸਰੀਰ ਵਿੱਚੋਂ ਫਾਲਤੂ ਹੋਇਆ ਪ੍ਰੋਟੀਨ ਹਨ। ਜੋ ਸਰੀਰ ਨਹੁੰ ਤੇ ਵਾਲਾਂ ਰਾਹੀਂ ਬਾਹਰ ਕੱਢਦਾ ਹੈ। ਪਰ ਬਾਕੀ ਅੰਗ ਅਜਿਹਾ ਨਹੀਂ ਹੁੰਦੇ।

? ਸਾਡੇ ਅੰਦਰੋਂ ਆਵਾਜ਼ ਕਿਵੇਂ ਪ੍ਰਗਟ ਹੁੰਦੀ ਹੈ?

* ਜਿਵੇਂ ਰੇਡਿਓ ਵਿੱਚੋਂ ਆਵਾਜ਼ ਪ੍ਰਗਟ ਹੁੰਦੀ ਹੈ, ਕਿਉਂਕਿ ਰੇਡੀਓ ਵਿੱਚ ਵਿਗਿਆਨਕਾਂ ਦੁਆਰਾ ਬਣਾਈਆਂ ਹੋਈਆਂ ਪ੍ਰਣਾਲੀਆਂ ਫਿੱਟ ਕੀਤੀਆਂ ਹੁੰਦੀਆਂ ਹਨ। ਇਸ ਤਰ੍ਹਾਂ ਹੀ ਜਦੋਂ ਅਸੀਂ ਕਲੀ ਵਿੱਚ ਪਾਣੀ ਪਾਉਂਦੇ ਹਾਂ, ਤਾਂ ਇਸ ਵਿੱਚੋਂ ਹਲਚਲ, ਆਵਾਜ਼ ਅਤੇ ਗਰਮੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਮਨੁੱਖੀ ਵਿਕਾਸ ਦੇ ਕਰੋੜਾਂ ਵਰ੍ਹਿਆਂ ਦੌਰਾਨ ਮਨੁੱਖੀ ਸਰੀਰ ਵਿੱਚ ਆਵਾਜ਼ ਪੈਦਾ ਕਰਨ ਦੀ ਅੰਗ ਪ੍ਰਣਾਲੀ ਵਿਕਸਿਤ ਹੋ ਗਈ।

? ਮਾਤਾ-ਪਿਤਾ ਦੇ ਦੋ ਬੱਚਿਆਂ ਵਿੱਚੋਂ ਇੱਕ ਚੁਸਤ ਤੇ ਦੂਜਾ ਸੁਸਤ ਕਿਉਂ ਹੁੰਦਾ ਹੈ?

* ਬੱਚੇ ਦੇ ਗੁਣ ਦੋ ਕਾਰਨਾਂ ਕਰਕੇ ਹੁੰਦੇ ਹਨ। ਇੱਕ ਉਸਨੂੰ ਵਿਰਾਸਤ ਵਿੱਚ ਮਿਲੇ ਗੁਣਾਂ ਕਰਕੇ, ਦੂਜਾ ਉਸਨੂੰ ਪਾਲਣ-ਪੋਸ਼ਣ ਸਮੇਂ ਪ੍ਰਾਪਤ ਮਾਹੌਲ। ਮਾਂ ਪਿਓ ਜਾਂ ਦਾਦਾ-ਦਾਦੀ ਜਾਂ ਨਾਨਾ-ਨਾਨੀ ਜਾਂ ਇਸ ਤੋਂ ਵੀ ਅਗਲੀਆਂ ਪੀੜ੍ਹੀਆਂ ਦੇ ਸਾਰੇ ਗੁਣ ਬੱਚਿਆਂ ਵਿੱਚ ਅਨੁਵੰਸਿਕ ਕਾਰਨਾਂ ਕਰਕੇ ਆ ਜਾਂਦੇ ਹਨ। ਇਨ੍ਹਾਂ ਵਿੱਚੋਂ ਕੁਝ ਗੁਣ ਪ੍ਰਭਾਵੀ ਹੋ ਜਾਂਦੇ ਹਨ ਬਾਕੀ ਸੁੱਤੇ ਪਏ ਰਹਿੰਦੇ ਹਨ। ਕਿਸੇ ਸਮੇਂ 'ਤੇ ਆ ਕੇ ਉਨ੍ਹਾਂ ਗੁਣਾਂ ਦਾ ਪ੍ਰਗਟਾ* ਵੀ ਹੋ ਜਾਂਦਾ ਹੈ ਜੋ ਸੁੱਤੇ ਸਨ। ਜਿਵੇਂ ਇੱਕ ਮਾਂ-ਪਿਉ ਦੋਵੇਂ ਗੋਰੇ ਰੰਗ ਦੇ ਹੁੰਦੇ ਹਨ। ਪਰ ਉਨ੍ਹਾਂ ਦੇ ਪੈਦਾ ਹੋਏ ਬੱਚੇ ਦਾ ਰੰਗ ਕਾਲਾ ਹੈ।

ਇਹ ਇਸ ਲਈ ਹੁੰਦਾ ਹੈ ਕਿ ਉਸਦੀਆਂ ਪਹਿਲੀਆਂ ਪੀੜ੍ਹੀਆਂ ਵਿੱਚੋਂ ਕਿਸੇ ਦਾਦਾ-ਦਾਦੀ, ਨਾਨਾ-ਨਾਨੀ ਜਾਂ ਪੜਦਾਦਾ ਜਾਂ ਪੜਨਾਨੀ ਕੋਈ ਨਾ ਕੋਈ ਕਾਲੇ ਰੰਗ ਦਾ ਜ਼ਰੂਰ ਹੋਵੇਗਾ। ਇਸ ਲਈ ਮਾਂ-ਪਿਉ ਦੇ ਦੋ ਬੱਚਿਆਂ ਵਿੱਚੋਂ ਇੱਕ ਦਾ ਸੁਸਤ ਹੋ ਜਾਣਾ ਤੇ ਦੂਜੇ ਦਾ ਚੁਸਤ ਹੋ ਜਾਣਾ ਸੰਭਵ ਹੋ ਹੀ ਸਕਦਾ ਹੈ।

? ਭਾਰਤ ਵਿੱਚ ਆਦਮੀ ਅਤੇ ਔਰਤ ਦੀ ਔਸਤਨ ਉਮਰ ਕਿੰਨੀ ਹੈ?

* ਭਾਰਤ ਵਿੱਚ ਆਦਮੀ, ਔਰਤਾਂ ਦੀ ਔਸਤਨ ਉਮਰ 65 ਕੁ ਸਾਲ ਦੇ ਲਗਭਗ ਹੈ।

? ਕੀ ਧੁੱਪ ਨਾਲ ਰੰਗ ਕਾਲਾ ਹੁੰਦਾ ਹੈ। ਜੇ ਹਾਂ ਤਾਂ ਕਿਵੇਂ।

* ਧੁੱਪ ਵਿੱਚ ਹਾਨੀਕਾਰਕ ਅਲਟ੍ਰਾਵਾਇਲਟ ਕਿਰਨਾਂ ਹੁੰਦੀਆਂ ਹਨ ਜਿਹੜੀਆਂ ਚਮੜੀ ਦਾ ਨੁਕਸਾਨ ਕਰਦੀਆਂ ਹਨ।

? ਬੰਦੇ ਦੇ ਮਰਨ ਤੋਂ ਬਾਅਦ ਕਿੰਨੀ ਦੇਰ ਤੱਕ ਉਸ ਬੰਦੇ ਦੇ ਅੰਗ ਵਰਤੇ ਜਾ ਸਕਦੇ ਹਨ?

* ਉਸਦੇ ਵੱਖ-ਵੱਖ ਅੰਗਾਂ ਲਈ ''ਗ਼ਅਤਬ; ਕਰਨ ਦਾ ਸਮਾਂ ਵੱਖ-ਵੱਖ ਹੈ।

? ਅਕਲ ਦਾੜ੍ਹ ਹਰ ਕਿਸੇ ਦੀ ਅਲੱਗ-ਅਲੱਗ ਉਮਰ ਵਿੱਚ ਕਿਉਂ ਨਿਕਲਦੀ ਹੈ।

* ਇਹ ਸਰੀਰ ਵਿੱਚ ਉਪਲਬਧ ਖਣਿਜਾਂ, ਅਤੇ ਮਾਪਿਆਂ ਤੋਂ ਪ੍ਰਾਪਤ ਗੁਣਾਂ ਕਰਕੇ ਹੁੰਦਾ ਹੈ।

? ਹਰ ਇਨਸਾਨ ਦੀ ਸ਼ਕਲ ਇਕੋ ਜਿਹੀ ਕਿਉਂ ਨਹੀਂ ਹੁੰਦੀ। ਇਸ ਦਾ ਵਿਗਿਆਨਕ ਕਾਰਨ ਕੀ ਹੈ। ਕ੍ਰਿਪਾ ਕਰਕੇ ਸੌਖੀ ਜਿਹੀ ਭਾਸ਼ਾ ਵਿਚ ਦੱਸਣਾ?

* ਮਨੁੱਖੀ ਸਰੀਰ ਅਰਬਾਂ ਸੈੱਲਾਂ ਦਾ ਸੰਗ੍ਰਹਿ ਹੈ। ਜੇ ਸਾਡੇ ਕੋਲ 4 ਕੱਚ ਦੀਆਂ ਗੋਲੀਆਂ ਵੀ ਹੋਣ ਤਾਂ ਵੀ ਉਨ੍ਹਾਂ ਨੂੰ ਰੱਖਣ ਦੇ ਢੰਗ 24 ਹੁੰਦੇ ਨੇ। ਮਨੁੱਖੀ ਸਰੀਰ ਵਿਚ ਸੈੱਲਾਂ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਹਰ ਇਨਸਾਨ ਦੀਆਂ ਸ਼ਕਲਾਂ ਅਲੱਗ-ਅਲੱਗ ਹੁੰਦੀਆਂ ਹਨ।

? ਮਰਨ ਤੋਂ ਬਾਅਦ ਵੀ ਮਨੁੱਖ ਦੇ ਵਾਲ ਕਿਉਂ ਵਧਦੇ ਹਨ।

* ਮਰਨ ਤੋਂ ਥੋੜ੍ਹੀ ਦੇਰ ਬਾਅਦ ਮਨੁੱਖੀ ਵਾਲ ਵਧਦੇ ਰਹਿੰਦੇ ਹਨ ਕਿਉਂਕਿ ਚਮੜੀ ਵਿਚੋਂ ਪ੍ਰੋਟੀਨ ਦੇ ਮੁਰਦਾ ਸੈੱਲ ਬਾਹਰ ਨਿਕਲਦੇ ਰਹਿੰਦੇ ਹਨ। ਮੌਤ ਤੋਂ ਦਸ ਘੰਟੇ ਬਾਅਦ ਇਹ ਕਿਰਿਆ ਬੰਦ ਹੋ ਜਾਂਦੀ ਹੈ।

? ਕਿੰਨੇ ਵੋਲਟ ਦੀ ਬਿਜਲੀ ਮਨੁੱਖ ਲਈ ਜਾਨਲੇਵਾ ਹੈ।

* ਬਿਜਲੀ ਦੇ ਵੋਲਟਜ਼ ਦੇ ਨਾਲ ਹੀ ਉਸ ਸਮੇਂ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ ਜਿੰਨਾ ਚਿਰ ਕੋਈ ਵਿਅਕਤੀ ਬਿਜਲੀ ਧਾਰਾ ਦੇ ਸੰਪਰਕ ਵਿਚ ਰਹਿੰਦਾ ਹੈ।

ਕਈ ਵਾਰ ਤਾਂ ਕੋਈ ਵਿਅਕਤੀ 11 ਹਜ਼ਾਰ ਵੋਲਟਜ਼ ਝਟਕਾ ਖਾ ਕੇ ਵੀ ਬਚ ਜਾਂਦਾ ਹੈ, ਕਈ ਵਾਰੀ ਸੌ ਜਾਂ ਇਕ ਸੌ ਦਸ ਵੋਲਟੇਜ਼ ਦੀ ਬਿਜਲੀ ਵੀ ਜਾਨਲੇਵਾ ਹੋ ਨਿਬੜਦੀ ਹੈ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# "ਤੇਰੀ ਯਾਦ ਹਮੇਸ਼ਾਂ ਸਾਨੂੰ ਮੁੜ-ਮੁੜ ਆਵੇ,ਰਾਮਾ ਨੰਦ ਸੁਆਮੀ ਸਾਡੀ ਰੂਹ ਕੁਰਲਾਵੇ"

## ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰਿਜੋਮਿਲੀਆ ਵਲੋਂ ਸੰਤ ਰਾਮਾ ਨੰਦ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ

**ਰੋਮ (ਇਟਲੀ) ਟੇਕ ਚੰਦ ਜਗਤਪੁਰ–** ਉਹ ਕੌਮਾਂ ਹਮੇਸ਼ਾ ਤਰੱਕੀ ਕਰਦੀਆਂ ਹਨ, ਜੋ ਆਪਣੇ ਰਹਿਬਰਾਂ ਦੇ ਦਿਹਾੜੇ ਮਨਾ ਕੇ ਉਨ੍ਹਾਂ ਨੂੰ ਯਾਦ ਕਰਦੀਆਂ ਹਨ,ਡੇਰਾ ਸੱਚਖੰਡ ਬੱਲਾ ਦੇ ਅਮਰ ਸ਼ਹੀਦ ਸ਼ਹੀਦ ਸੰਤ ਰਾਮਾਨੰਦ ਜੀ ਰਵਿਦਾਸੀਆ ਕੌਮ ਦੇ ਉਹ ਮਹਾਨ ਅਨਮੋਲ ਹੀਰੇ ਸਨ ਜਿਨ੍ਹਾਂ ਨੇ ਆਪਣੇ ਸਮੁੰਚੇ ਜੀਵਨ ਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਸੰਸਾਰ ਭਰ 'ਚ ਕੀਤਾ ਅਤੇ ਬਾਣੀ ਦੇ ਪ੍ਰਚਾਰ ਕਰਨ ਲਈ ਆਏ ਵਿਆਨਾ ਚ ਆਪਣੀ ਸ਼ਹਾਦਤ ਦਿੱਤੀ ਜਿਸ ਕਰਕੇ ਉਨ੍ਹਾਂ ਦੀ ਇਸ ਅਦੁੱਤੀ ਤੇ ਲਾਸਾਨੀ ਕੁਰਬਾਨੀ ਨੂੰ ਕਦੇ ਵੀ ਨਹੀ ਭੁਲ-ਾਇਆ ਜਾ ਸਕਦਾ। ਉਹ ਹਮੇਸ਼ਾ ਹੀ ਰਵਿਦਾਸੀਆ ਕੌਮ ਦੇ ਮਹਾਨਾਇਕ ਵਜੋ ਜਾਣੇ ਜਾਦੇ ਰਹਿਣਗੇ।

ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਤੋ ਉਚੇਚੇ ਤੌਰ ਤੇ ਪਹੁੰਚੇ ਸੰਤ ਕ੍ਰਿਸ਼ਨ ਨਾਥ ਗੱਦੀ ਨਸ਼ੀਨ ਡੇਰਾ ਨਾਨਕ ਨਗਰੀ ਚਹੇੜੂ ਨੇ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰਿਜੋਮਿਲੀਆ ਵਲੋ ਫੌਸਦੋਨਦੋ ਦੀ ਕਰੇਜੋ ਵਿਖੇ ਸੰਤ ਰਾਮਾਨੰਦ ਜੀ,ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਸ੍ਰੀ ਵਿਜੇ ਕੁਮਾਰ, ਬਲਵਿੰਦਰ ਸਿੰਘ, ਰਜਿੰਦਰ ਕੁਮਾਰ ਅਤੇ ਤੇਲੂ ਰਾਮ ਦੇ ਸ਼ਹੀਦੀ ਦਿਹਾੜੇ ਤੇ ਸ਼ਰਧਾ ਦੇ ਫੁੱਲ ਅਰਪਿਤ ਕਰਦਿਆ ਕੀਤਾ।ਉਨ੍ਹਾਂ ਅੱਗੇ ਕਿਹਾ ਕਿ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨਾਲ ਰਵਿਦਾਸੀਆਂ ਕੌਮ ਵਿਚ ਨਵੀਂ ਚੇਤਨਤਾ ਪੈਦਾ ਹੋਈ। ਉਨ੍ਹਾਂ ਸਮੂੰਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਬਾਣੀ, ਉਪਦੇਸ਼, ਨੂੰ ਘਰ-ਘਰ ਪਹਿਚਾਉਣ।





ਇਸ ਮੋਕੇ ਤੇ ਕਸ਼ਮੀਰ ਲਾਲ ਮਹਿੰਮੀ, ਸ੍ਰੀ ਰਾਜ ਕੁਮਾਰ, ਸ੍ਰੀ ਸੋਹਣ ਲਾਲ ਢੰਡਾ ਨੇ ਵੀ ਸ਼ਰਧਾਜਲੀ ਭੇਟ ਕਰਦਿਆਂ ਸਮੁਚੀ ਕੌਮ ਨੂੰ ਇਕ ਮੁਠ ਹੋ ਕੇ ਚੱਲਣ ਦੀ ਲੋੜ ਤੇ ਜੋਰ ਦਿੱਤਾ।ਸ੍ਰੀ ਗੁਰੂ ਰਵਿਦਾਸ ਅਮ੍ਰਿਤ ਬਾਣੀ ਦੇ ਭੋਗ ਉਪਰੰਤ ਯੂਰਪ ਦੇ ਉਘੇ ਮਿਸ਼ਨਰੀ ਗਾਇਕ, ਪੰਮਾ ਲਧਾਣਾ ਨੇ ਰੱਬਾ ਤੈਨੂੰ ਕੀ ਮਿਲਿਆ ਸੰਤ ਰਾਮਾਨੰਦ ਜੀ ਨੂੰ ਸਾਡੇ ਕੋਲੋ ਖੋਹ ਕੇ,ਕੱਲਾ-ਕੱਲਾ ਸਾਹ ਆਪਣਾ ਰਵਿਦਾਸੀਆ ਧਰਮ ਲੇਖੇ ਲਾਉਣਾ, ਰਾਮਾ ਨੰਦ ਜੀ ਨਾਲ ਸ਼ਹੀਦੀ ਪਾ ਗਏ ਯੋਧੇ ਚਾਰ, ਤੇਰੀ ਯਾਦ ਹਮੇਸ਼ਾਂ ਸਾਨੂੰ ਮੁੜ-ਮੁੜ ਆਵੇ, ਰਾਮਾ ਨੰਦ ਸੁਆਮੀ ਸਾਡੀ ਰੂਹ ਕੁਰਲਾਵੇ"ਆਦਿ ਗੀਤਾਂ ਰਾਹੀ ਹਾਜਰੀ ਲਾਈ। ਗਾਇਕ ਹੈਪੀ ਲੈਰਾ ਨੇ "ਰੱਬ ਨਾਲ ਠੱਗੀਆਂ ਕਿਓ ਮਾਰੇ ਬੰਦਿਆ", "ਲਾ ਚਰਨਾ ਨਾਲ ਸਾਹਿਬਾ ਮਾਫ ਕਸੂਰ ਕਰੀ", ਰੇਸ਼ਮ ਪਾਲਾ ਵਾਲਾ ਨੇ ਡੁਲਿਆ ਖੂਨ ਵਿਆਨਾ ਦੇ ਵਿਚ ਰੰਗ ਲਿਆਵੇਗਾ", ਸੰਦੀਪ ਲਸਾਰਾ ਅਤੇ ਸੰਤੋਖ ਕੁਮਾਰ ਨੇ ਵੀ ਇਕ - ਇਕ ਸ਼ਬਦ ਨਾਲ ਹਾਜਰੀ ਲਗਵਾਈ।

ਕਮੇਟੀ ਵਲੋ ਇਸ ਮੋਕੇ ਠੰਡੇ-ਮਿੱਠੇ ਪਾਣੀ ਦੀ ਛਬੀਲ ਵੀ ਲਾਈ ਗਈ। ਸਟੇਜ ਦੀ ਸੇਵਾ ਸ੍ਰੀ ਕਸ਼ਮੀਰ ਲਾਲ ਮਹਿੰਮੀ ਨੇ ਨਿਭਾਈ। ਇਸ ਮੋਕੇ ਸ੍ਰੀ ਰੇਸ਼ਮ ਬੱਧਣ, ਸੁਰਿੰਦਰ ਕੁਮਾਰ, ਬਲਵਿੰਦਰ ਰਾਮ, ਦਿਲਬਾਗ ਰਾਮ, ਜਤਿੰਦਰ ਰਿੱਕੀ, ਕੁਲਵਿੰਦਰ ਮੋਧਨਾ, ਰਾਜ ਕੁਮਾਰ, ਤੇ ਹੋਰਨਾਂ ਤੋ ਇਲਾਵਾ ਆਦਿ ਹਾਜਰ ਸਨ।

## ਖੁਰਾਲਗੜ੍ਹ ਵਿਖੇ ਸਤਿਗੁਰੂ ਕਬੀਰ ਸਾਹਿਬ ਦਾ ਅਵਤਾਰ ਪੁਰਬ ਮਨਾਇਆ ਗਿਆ

**ਸੜੋਆ–** ਸੰਸਾਰੀ ਜੀਵਨ ਅੰਦਰ ਇਨਸਾਨ ਮਾਇਆ, ਧੰਨ ਦੌਲਤ ਅਤੇ ਧੀਆਂ ਪੁੱਤਰਾਂ ਦੇ ਮੋਹ ਵਿਚ ਆਪਣੇ ਅਸਲ ਮਨੋਰਥ ਨੂੰ ਭੁੱਲ ਚੁੱਕਾ ਹੈ, ਪ੍ਰੰਤੂ ਅੰਤ ਸਮੇ ਇਨਸਾਨ ਦੇ ਇਹ ਸਭ ਕੁਝ ਨਾਲ ਨਹੀ ਜਾਣਾ।ਇਸ ਲਈ ਇਨਸਾਨ ਨੂੰ ਦੁਨਿਆਵੀ ਲਾਲਚਾਂ ਦਾ ਤਿਆਗ ਕਰਕੇ ਸਤਿਗੁਰਾ ਦੇ ਅਸਲ ਰਸਤੇ ਤੇ ਚੱਲਣਾ ਚਾਹੀਦਾ ਹੈ, ਜਿਸ ਨੇ ਇਸ ਦਾ ਅੰਤ ਸਮੇ ਸਾਥ ਦੇਣਾ ਹੈ। ਇਹ ਪ੍ਰਵਚਨ ਸੰਤ ਸਰਵਣ ਦਾਸ ਲੁਧਿਆਣਾ ਵਾਲੇ ਅਤੇ ਸੰਤ ਸ਼ਮਸ਼ੇਰ ਸਿੰਘ ਰਾਏਕੋਟ ਵਾਲਿਆ ਨੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਗੰਗਾ ਅੰਮ੍ਰਿਤਕੁੰਡ ਖੁਰਾਲਗੜ੍ਹ ਸਾਹਿਬ ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ: ਭਾਰਤ ਵੱਲੋ ਸਤਿਗੁਰੂ ਕਬੀਰ ਸਾਹਿਬ ਜੀ ਦੇ ਸਲਾਨਾ ਅਵਤਾਰ ਪੁਰਬ ਦੇ ਸਬੰਧ ਵਿਚ ਕਰਵਾਏ ਸਮਾਗਮ ਮੌਕੇ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਪ੍ਰਗਟ ਕੀਤੇ। ਇਸ ਮੌਕੇ ਤੇ ਸੰਤ ਸੁੰਦਰ ਦਾਸ ਅਤੇ ਸੰਤ ਸਤਵਿੰਦਰਜੀਤ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ: ਭਾਰਤ ਨੇ ਵੀ ਸਤਿਗੁਰੂ ਕਬੀਰ ਜੀ ਦੇ ਜੀਵਨ ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੌਕੇ ਤੇ ਬੀਬੀ ਕਮਲੇਸ਼ ਕੁਮਾਰ ਕੌਮੀ ਚੇਅਰੋਰਸਨ ਅਤੇ ਸੰਤ ਬਲਰਾਜ ਸਿੰਘ ਭਟੋਏ ਲੁਧਿਆਣਾ ਵਾ-



ਲਆ ਦੇ ਕੀਰਤਨੀ ਜਥੇ ਨੇ ਸਤਿਗੁਰੂ ਕਬੀਰ ਸਾਹਿਬ ਦੀ ਬਾਣੀ ਵਿਚੋ ਲਏ ਸਬਦਾਂ ਨੂੰ ਵਿਆਖਿਆ ਕਰਕੇ ਸੰਗਤਾਂ ਸੰਗਤਾਂ ਦੇ ਸਨਮੁੱਖ ਕੀਤਾ। ਸੰਤ ਸੁਰਿੰਦਰ ਦਾਸ ਪ੍ਰਧਾਨ ਗੁਰੂ ਘਰ ਖੁਰਾਲਗੜ੍ਹ, ਸੰਤ ਓਮ ਪ੍ਰਕਾਸ਼ ਦਿੱਲੀ, ਸੰਤ ਜਗਵਿੰਦਰ ਲਾਂਬਾ, ਸੰਤ ਰਾਮ ਲਾਲ ਵਿਰਦੀ, ਸ਼੍ਰੀ ਨਰੰਜਣ ਦਾਸ ਰੇਂਜ ਅਫਸਰ ਸੇਵਾਮੁਕਤ, ਭਪਿੰਦਰ ਮਾਨ ਜੈਨਪੁਰ, ਬਲਵੀਰ ਧਾਂਦਰਾ, ਗਿਰਧਾਰੀ ਲਾਲ, ਪ੍ਰਿਸੀਪਲ ਸਰੂਪ ਚੰਦ, ਪੀ. ਐਲ ਸੂਦ ਮੈਨੇਜਰ, ਬਲਵੰਤ ਸਿੰਘ ਸੰਗਰੂਰ, ਬਾਬਾ ਸ਼ਮਸ਼ੇਰ ਸਿੰਘ ਕੈਲ ਜਮਨਾ ਨਗਰ, ਮਹਿੰਦਰ ਪਾਲ ਖੁਰਦਾ, ਚਮਨ ਲਾਲ ਚੋਪੜਾ, ਬਿੱਟੂ ਰਾਮ ਟੱਪਰੀਆ, ਜਗਵਿੰਦਰ ਸਿੰਘ ਧੂਰੀ, ਜਗਤਾਰ ਸਿੰਘ ਪਟਿਆਲਾ, ਸਿਮਰਨਜੀਤ ਕੌਰ ਰਾਣੀ ਕੇ ਸੰਗਰੂਰ, ਹਰਪਾਲ ਸਿੰਘ ਧਨਾਸ ਚੰਡੀਗੜ੍ਹ, ਹਰਵਿੰਦਰ ਸਿੰਘ ਬਰਨਾਲਾ, ਅਮਰਜੀਤ ਸਿੰਘ ਪਟਿਆਲਾ ਆਦਿ ਨੇ ਵੀ ਸਮੂਲੀਅਤ ਕੀਤੀ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ
* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।

Call For Special Price
Kashmir S. Thandi
Office: (866) 933-3038
Balhar S. Ranu
Cell: 916-502-7733

Yuba City Ph: 530-419-5058
1816 Main Ave.,
Secramento CA, 95838

# ਸਬ-ਜੇਲ੍ਹ ਫਗਵਾੜਾ ਵਿਖੇ ਸ੍ਰੀ ਆਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਸੁਖਮਨੀ ਸਾਹਿਬ ਦਾ ਪਾਠ ਕਰਵਾਏ

**ਫਗਵਾੜਾ–** ਸਥਾਨਕ ਸਬ-ਜੇਲ੍ਹ ਫਗਵਾੜਾ ਵਿਖੇ ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ



ਦਿਵਸ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਰਖਵਾਇਆ ਗਿਆ।

ਜੇਲ੍ਹ ਸੁਪਰੀਟੇਂਡੇਂਟ ਅਰਵਿੰਦਰ ਪਾਲ ਸਿੰਘ ਭੱਟੀ ਦੀ ਅਗਵਾਈ ਹੇਠ ਰਖਵਾਏ ਇਸ ਪਾਠ ਨੂੰ ਸਬ-ਜੇਲ੍ਹ ਦੇ ਸਮੂਹ ਸਟਾਫ ਅਤੇ ਹਵਾਲਾਤੀ ਕੈਦੀਆਂ ਨੇ ਬੜੀ ਸ਼ਰਧਾ ਨਾਲ ਸਰਵਣ ਕੀਤਾ। ਇਸ ਮੌਕੇ ਸੁਪਰੀਟੈਂਡੇਂਟ ਭੱਟੀ ਨੇ ਕਿਹਾ ਕਿ ਉਹਨਾਂ ਦਾ ਮਕਸਦ ਜਾਣੇ-ਅਨਜਾਨੇ ਅਪਰਾਧ ਦੇ ਰਸਤੇ ਤੇ ਤੁਰੇ ਵਿਅਕਤੀਆਂ ਨੂੰ ਪਰਮਾਤਮਾ ਨਾਲ ਜੋੜਨਾ ਹੈ ਤਾਂ ਜੋ ਉਹਨਾਂ ਦਾ ਮਨ ਬੁਰਾਈਆਂ ਤੋਂ ਦੂਰ ਹੋ ਕੇ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਨਵਤਾ ਦੇ ਭਲੇ ਦੇ ਰਸਤੇ ਵਲ ਨੂੰ ਤੁਰ ਸਕੇ। ਉਹਨਾਂ ਕਿਹਾ ਕਿ ਜੋ ਵਿਅਕਤੀ ਧਰਮ ਵਿਚ ਆਸਥਾ ਰਖਦਾ ਹੈ ਅਤੇ ਆਪਣੇ ਗੁਰੂਆਂ, ਪੀਰਾਂ ਤੇ ਫਕੀਰਾਂ ਆਦਿ ਦੇ ਸੰਦੇਸ਼ ਦਾ ਜੀਵਨ ਵਿਚ ਧਾਰਣ ਕਰਦਾ ਹੈ ਉਸ ਅੰਦਰ ਦਯਾ ਅਤੇ ਸਹਿਨਸ਼ੀਲਤਾ ਦੀ ਭਾਵਨਾ ਬਹੁਤ ਵੱਧ ਜਾਂਦੀ ਹੈ ਅਤੇ ਅਜਿਹਾ ਵਿਅਕਤੀ ਆਪਣੇ ਨਾਲ ਮਾੜਾ ਹੋਣ ਤੇ ਵੀ ਦੂਸਰੇ ਦਾ ਮਾੜਾ ਨਹੀਂ ਸੋਚਦਾ ਬਲਕਿ ਖਿਮਾ ਕਰਨ ਦੀ ਸਮਰਥਾ ਰਖਦਾ ਹੈ। ਇਸ ਲਈ ਉਹ ਉਹਨਾਂ ਦਾ ਪੂਰਾ ਵਿਸ਼ਵਾਸ ਹੈ ਕਿ ਉਹਨਾਂ ਦਾ ਉਪਰਾਲਾ ਜਰੂਰ ਉਹਨਾਂ ਦੇ ਮਨੋਰਥ ਵਿਚ ਸਫਲ ਹੋਵੇਗਾ। ਇਸ ਮੌਕੇ ਲੰਗਰ ਦੀ ਸੇਵਾ ਵੀ ਵਰਤਾਈ ਗਈ। ਸਮਾਗਮ ਦੌਰਾਨ ਸ਼ਮਿੰਦਰ ਪਾਲ, ਸਤਨਾਮ ਸਿੰਘ, ਜਰਨੈਲ ਸਿੰਘ, ਰੇਸ਼ਮ ਕੁਮਾਰ, ਅਸ਼ੋਕ ਕੁਮਾਰ, ਸੰਜੀਵ ਕੁਮਾਰ, ਹਰਭਜਨ ਲਾਲ ਆਦਿ ਤੋਂ ਇਲਾਵਾ ਹੋਰ ਸਟਾਫ ਅਤੇ ਹਵਾਲਾਤੀ ਵੀ ਹਾਜਰ ਸਨ।

# ਭਗਵਾਨ ਵਾਲਮੀਕ ਟੈਂਪਲ ਵਿਖੇ ਫਾਦਰ ਡੇਅ ਮਨਾਇਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ (ਯੂਬਾ ਸਿਟੀ) ਵੱਲੋਂ ਭਗਵਾਨ ਵਾਲਮੀਕ ਟੈਂਪਲ ਪਰਸੀ ਐਵਨਿਊ, ਯੂਬਾ ਸਿਟੀ ਵਿਖੇ ਫਾਦਰ ਡੇਅ ਮਨਾਇਆ ਗਿਆ। ਜਿਸ ਵਿਚ ਪਹਿਲਾਂ ਸ੍ਰੀ ਰਾਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਆਰਤੀ ਅਰਦਾਸ ਕੀਤੀ ਗਈ। ਅਰਦਾਸ ਉਪਰੰਤ ਫਾਦਰ ਡੇਅ ਮਨਾਇਆ ਗਿਆ। ਸਭਾ ਦੇ ਸਕੱਤਰ ਸ੍ਰੀ ਸੋਹਣ ਲਾਲ ਸਹੋਤਾ ਤੇ ਵਾਈਸ ਪ੍ਰੈਜ਼ੀਡੈਂਟ ਸੰਤੋਖ ਸਿੰਘ ਗਿੱਲ ਵੱਲੋਂ ਦੁਨੀਆਂ ਭਰ ਦੇ ਸਤਿਕਾਰਯੋਗ ਸਭ ਫਾਦਰ ਸਾਹਿਬ ਨੂੰ ਫਾਦਰ ਡੇਅ ਉਪਰ ਮੁਬਾਰਕਾਂ ਦਿੱਤੀਆਂ ਗਈਆਂ। ਸਭਾ ਵੱਲੋਂ ਸਮੂਹ ਫਾਦਰਜ਼ ਨੂੰ ਇਕ ਜ਼ਿੰਮੇਵਾਰ ਤੇ ਆਦਰਸ਼ ਪਿਤਾ ਹੋਣ ਦੀ ਬੇਨਤੀ ਕੀਤੀ ਅਤੇ ਸਮੂਹ ਬੱਚਿਆਂ ਨੂੰ ਵਧੀਆ ਤੇ ਆਗਿਆਕਾਰ ਬੱਚੇ ਬਣਨ ਦੀ ਵੀ ਅਪੀਲ ਕੀਤੀ ਗਈ।



ਬੁਲਾਰਿਆਂ ਤੋਂ ਬਾਅਦ ਹਾਜ਼ਰੀਨ ਸਮੂਏ ਫਾਦਰਜ਼ ਨੂੰ ਉਹਨਾਂ ਦੇ ਬੱਚਿਆਂ ਵੱਲੋਂ ਗਿਫਟ ਵੀ ਪ੍ਰਦਾਨ ਕੀਤੇ ਗਏ।

ਇਸ ਤੋਂ ਉਪਰੰਤ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਸਮੂਹ ਸੰਗਤਾਂ ਦਾ ਫਾਦਰਜ਼ ਡੇਅ ਦੀ ਸਭਾ ਵਿਚ ਆਉਣ ਤੇ ਧੰਨਵਾਦ ਵੀ ਕੀਤਾ ਗਿਆ ਅਤੇ ਸਮੂਹ ਸੰਗਤਾਂ ਨੂੰ ਹਰ ਐਤਵਾਰ ਸਵੇਰੇ 10 ਤੋਂ 1 ਵਜੇ ਤੱਕ ਮਹਾਂਰਿਸ਼ੀ ਵਾਲਮੀਕ ਟੈਂਪਲ ਵਿਖੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਵਾ ਕੇ ਆਪਣਾ ਜੀਵਨ ਸਫਲਾ ਕਰਨ ਦੀ ਵੀ ਪੁਰਜ਼ੋਰ ਬੇਨਤੀ ਕੀਤੀ ਗਈ। ਅੰਤ ਵਿਚ ਸਮੂਹ ਸੰਗਤਾਂ ਨੇ ਗੁਰੂ ਕਾ ਲੰਗਰ ਛਕਿਆ ਅਤੇ ਗੁਰੂ ਸਾਬਿਹ ਦਾ ਸ਼ੁਕਰਾਨਾ ਵੀ ਕੀਤਾ। ਪ੍ਰੈਸ ਨੂੰ ਇਹ ਜਾਣਕਾਰੀ ਮੰਦਰ ਦੇ ਸੇਵਾਦਾਰ ਸ਼ਾਮ ਲਾਲ ਸੌਂਧੀ ਵੱਲੋਂ ਦਿੱਤੀ ਗਈ।

# ਜ਼ਮੀਨ, ਕਿਰਤ ਤੇ ਟੈਕਸ ਖੇਤਰਾਂ ਵਿੱਚ ਸੁਧਾਰ ਬੇਹੱਦ ਜ਼ਰੂਰੀ: ਜੇਤਲੀ

**ਸਾਨ ਫਰਾਂਸਿਸਕੋ–** ਭਾਰਤ ਵਿੱਚ ਆਲਮੀ ਪੱਧਰ ਦਾ ਮੁਕਾਬਲੇਬਾਜ਼ੀ ਵਾਲਾ ਕਾਰੋਬਾਰੀ ਮਾਹੌਲ ਦੇਣ ਦਾ ਵਾਅਦਾ ਕਰਦਿਆਂ, ਵਿੱਤ ਮੰਤਰੀ ਅਰੁਣ ਜੇਤਲੀ ਨੇ ਅੱਜ ਕਿਹਾ ਕਿ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਜ਼ਮੀਨ, ਕਿਰਤ ਅਤੇ ਟੈਕਸ ਜਿਹੇ ਖੇਤਰਾਂ ਵਿੱਚ ਸੁਧਾਰ 'ਬੇਹੱਦ ਜ਼ਰੂਰੀ' ਬਣ ਗਏ ਹਨ।

ਉਨ੍ਹਾਂ ਸਰਕਾਰ ਦੀ ਸੁਧਾਰਾਂ ਪ੍ਰਤੀ ਵਚਨਬੱਧਤਾ ਪ੍ਰਗਟ ਕਰਦਿਆਂ ਇਹ ਵਾਅਦਾ ਵੀ ਕੀਤਾ ਕਿ ਵਿਦੇਸ਼ੀ ਨਿਵੇਸ਼ਕਾਂ ਦੇ ਹਿਤਾਂ ਦੀ ਰਾਖੀ ਲਈ ਇਕ ਸਥਾਈ ਸਲਾਹਕਾਰੀ ਢਾਂਚਾ ਕਾਇਮ ਕੀਤਾ ਜਾਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਵੱਖ ਵੱਖ ਟੈਕਸ ਪ੍ਰਣਾਲੀਆਂ ਵਿੱਚ ਸੁਧਾਰ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ। ਸ੍ਰੀ ਜੇਤਲੀ ਨੇ ਇਥੇ ਪੀਟੀਆਈ ਨਾਲ ਇਕ ਮੁਲਾਕਾਤ ਵਿੱਚ ਆਖਿਆ '' ਜ਼ਮੀਨ, ਕਿਰਤ ਅਤੇ ਟੈਕਸ ਤਿੰਨ ਖੇਤਰ ਹਨ ਜਿੱਥੇ ਸੁਧਾਰ ਦੀ ਬੇਹੱਦ ਲੋੜ ਹੈ। ਬਹੁਤ ਸਾਰੇ ਨਿਵੇਸ਼ਕਾਂ ਨੇ ਇਹ ਗੱਲ ਉਭਾਰੀ ਹੈ। ਜਿੱਥੋਂ ਤੱਕ ਟੈਕਸਦਾਰੀ ਦਾ ਸਵਾਲ ਹੈ, ਭਾਰਤ ਵਿੱਚ ਕਾਫੀ ਵਧੀਆ ਪ੍ਰਕਿਰਿਆ ਚੱਲ ਰਹੀ ਤੇ ਕਾਰਪੋਰੇਟ ਟੈਕਸ ਨੂੰ ਕਾਫ਼ੀ ਮੁਕਾਬਲੇਯੋਗ ਬਣਾਇਆ ਜਾ ਰਿਹਾ ਹੈ। ਹੁਣ ਜੀਐਸਟੀ ਅਤੇ ਨਿਵੇਸ਼ ਦੇ ਹੋਰਨਾਂ ਪਹਿਲੂਆਂ ਦਾ ਮਾਮਲਾ ਵੀ ਆ ਰਿਹਾ ਹੈ। ਇਸ ਕਰਕੇ ਤਸੱਲੀ ਪ੍ਰਗਟ ਕੀਤੀ ਜਾ ਸਕਦੀ ਹੈ।''

ਆਪਣੀ ਸੱਤ ਰੋਜ਼ਾ ਅਮਰੀਕੀ ਫੇਰੀ ਨੂੰ ਸਮੇਟਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ ਉਹ ਇਥੇ ਮਿਲੇ ਨਿਵੇਸ਼ਕਾਂ ਦੇ ਬਹੁਤ ਸਾਰੇ ਸੁਝਾਅ ਲੈ ਕੇ ਵਾਪਸ ਦੇਸ਼ ਜਾ ਰਹੇ ਹਨ।

ਕਾਲੇ ਧਨ ਦੇ ਮੁੱਦੇ 'ਤੇ ਸਖ਼ਤ ਰੁਖ਼ ਦਾ ਸੰਦੇਸ਼ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਅਲਾਮਤ ਦੀਆਂ ਜੜਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਕਾਲੇ ਧਨ ਦੇ ਮਾਲਕਾਂ ਨੂੰ ਆਪਣੇ ਅਸਾਸਿਆਂ ਦੀ ਸਫ਼ਾਈ ਦੇਣ ਲਈ ਇਕ ਮੌਕਾ ਦਿੱਤਾ ਜਾਵੇਗਾ। ਸ੍ਰੀ ਜੇਤਲੀ ਨੇ ਕਿਹਾ "ਸਰਕਾਰ ਕਾਲੇ ਧਨ ਦੇ ਵਹਾਓ ਨੂੰ ਰੋਕਣ ਲਈ ਕਾਫ਼ੀ ਕਦਮ ਉਠਾ ਰਹੀ ਹੈ। ਸਭ ਤੋਂ ਅਹਿਮ... ਜੜ ਨਾਸ਼ ਕਰਨਾ ਹੈ।'' ਕਾਲੇ ਧਨ ਦੀ ਰੋਕਥਾਮ ਲਈ ਨਵਾਂ ਕਾਨੂੰਨ 1 ਅਪਰੈਲ, 2016 ਤੋਂ ਲਾਗੂ ਹੋਵੇਗਾ ਅਤੇ ਸਰਕਾਰ ਵਿਦੇਸ਼ਾਂ ਵਿੱਚ ਛੁਪਾਏ ਧਨ ਦੇ ਅਸਾਸੇ ਇਕ ਵਾਰ ਪੈਨਲਟੀ ਭਰ ਕੇ ਪਾਕ-ਸਾਫ਼ ਹੋਣ ਦਾ ਮੌਕਾ ਦੇਣ ਜਾ ਰਹੀ ਹੈ।

ਪਰ ਜੇ ਇਸ ਦੇ ਬਾਵਜੂਦ ਤੁਸੀਂ ਫੜੇ ਜਾਂਦੇ ਹੋ ਕਿਉਂਕਿ ਦੁਨੀਆ ਹੁਣ ਖ਼ੁਦਸਾਖ਼ਤਾ ਖੁਲਾਸੇ ਵੱਲ ਵਧ ਰਹੀ ਹੈ ਤਾਂ ਫਿਰ ਨਾ ਕੇਵਲ ਭਾਰੀ ਜੁਰਮਾਨਾ ਦੇਣਾ ਪਵੇਗਾ ਸਗੋਂ ਸਜ਼ਾ ਵੀ ਭੁਗਤਣੀ ਪਵੇਗੀ। ਉਨ੍ਹਾਂ ਕਿਹਾ ਕਿ ਉਹ ਇਹ ਐਲਾਨ ਛੇਤੀ ਕਰਨ ਵਾਲੇ ਹਨ ਕਿ ਨਗਦ ਅਦਾਇਗੀ ਲਈ ਇਕ ਹੱਦ ਤੋਂ ਬਾਅਦ ਪੈਨ ਦੇਣਾ ਲਾਜ਼ਮੀ ਹੋਵੇਗਾ।

# ਨਿੱਕੀ ਹੇਲੀ ਨੇ ਵੱਖਵਾਦ ਦਾ ਪ੍ਰਤੀਕ ਝੰਡਾ ਹਟਾਉਣ ਲਈ ਆਵਾਜ਼ ਉਠਾਈ

**ਵਾਸ਼ਿੰਗਟਨ–** ਅਮਰੀਕਾ ਵਿੱਚ ਘਰੇਲੂ ਯੁੱਧ ਦੀ ਸਮਾਪਤੀ ਦੇ ਤਕਰੀਬਨ ਡੇਢ ਸੌ ਸਾਲ ਬਾਅਦ ਦੱਖਣੀ ਕੈਰੋਲੀਨਾ ਦੀ ਭਾਰਤੀ ਮੂਲ ਦੀ ਅਮਰੀਕਨ ਗਵਰਨਰ ਨਿੱਕੀ ਹੇਲੀ ਨੇ ਸੂਬੇ ਦੀ ਰਾਜਧਾਨੀ ਵਿੱਚੋਂ ਨਸਲਵਾਦ ਦਾ ਪ੍ਰਤੀਕ ਮੰਨੇ ਜਾਂਦੇ ਝੰਡੇ ਨੂੰ ਹਟਾਉਣ ਲਈ ਆਵਾਜ਼ ਉਠਾਈ ਹੈ। ਪਿਛਲੇ ਹਫ਼ਤੇ 21 ਸਾਲਾ ਗੋਰੇ ਨੌਜਵਾਨ ਨੇ ਚਾਰਲਸਟਨ ਦੀ ਇਤਿਹਾਸਕ ਚਰਚ ਵਿੱਚ ਦਾਖ਼ਲ ਹੋ ਕੇ ਗੋਲੀਬਾਰੀ ਕੀਤੀ ਸੀ, ਜਿਸ 'ਚ ਕਈ ਜਣਿਆਂ ਦੀਆਂ ਜਾਨਾਂ ਚਲੀਆਂ ਗਈਆਂ ਸਨ। ਇਸ ਨਸਲੀ ਹਮਲੇ ਬਾਅਦ ਲੋਕਾਂ ਵੱਲੋਂ ਤੇਰਾਂ ਤਾਰਿਆਂ ਵਾਲੇ ਇਸ ਲਾਲ ਰੰਗ ਦੇ ਝੰਡੇ ਨੂੰ ਲਾਹੁਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਤਸਵੀਰਾਂ ਵਿੱਚ ਦੇਖਿਆ ਗਿਆ ਕਿ ਇਸ ਗੋਰੇ ਹਮਲਾਵਰ ਦੇ ਹੱਥ ਵਿੱਚ ਬੰਦੂਕ ਅਤੇ ਇਹ ਝੰਡਾ ਫੜਿਆ ਹੋਇਆ ਸੀ। ਦੱਸਣਯੋਗ ਹੈ ਕਿ ਗੁਲਾਮੀ ਦੇ ਮੁੱਦੇ ਉਤੇ ਗਿਆਰਾਂ ਦੱਖਣੀ ਰਾਜ ਅਮਰੀਕਨ ਯੂਨਿਅਨ ਨਾਲੋਂ ਵੱਖ ਹੋ ਗਏ ਸਨ ਅਤੇ ਉਨ੍ਹਾਂ ਨੇ ਇਸ ਝੰਡੇ ਨੂੰ ਅਪਨਾਇਆ ਸੀ। ਕਿਸੇ ਸਮੇਂ ਇਹ ਝੰਡਾ ਸੂਬੇ ਦੀ ਰਾਜਧਾਨੀ ਵਿੱਚ ਸਿਖ਼ਰ 'ਤੇ ਝੂਲਦਾ ਹੁੰਦਾ ਸੀ ਪਰ ਸਾਲ 2000 ਵਿੱਚ ਇਸ ਨੂੰ ਸੂਬੇ ਦੀ ਅਸੈਂਬਲੀ ਸਾਹਮਣੇ ਲਗਾ ਦਿੱਤਾ ਗਿਆ। ਇਸ ਝੰਡੇ ਨੂੰ ਜਨਰਲ ਅਸੈਂਬਲੀ ਵਿੱਚ ਦੋ ਤਿਹਾਈ ਬਹੁਮਤ ਬਾਅਦ ਹੀ ਹਟਾਇਆ ਜਾ ਸਕਦਾ ਹੈ।



ਹੇਲੀ ਨੇ ਕਿਹਾ ਕਿ ਜੇਕਰ ਮੰਤਰੀਆਂ ਨੇ ਇਸ ਮੁੱਦੇ ਉਤੇ ਸਹਿਮਤੀ ਨਾ ਬਣਾਈ ਤਾਂ ਉਹ ਸ਼ੁੱਕਰਵਾਰ ਨੂੰ ਰਾਜਧਾਨੀ ਵਿੱਚ ਕਾਨੂੰਨ ਘਾੜਿਆਂ ਨੂੰ ਬਲਾਉਣਗੇ। ਇਸ ਦਿਨ ਰਾਸ਼ਟਰਪਤੀ ਬਰਾਕ ਓਬਾਮਾ ਇਸ ਨਸਲੀ ਹਮਲੇ ਵਿੱਚ ਮਾਰੇ ਗਏ ਇਕ ਵਿਅਕਤੀ ਦੇ ਪਰਿਵਾਰ ਨਾਲ ਸੋਕ ਜ਼ਾਹਿਰ ਕਰਨ ਆ ਰਹੇ ਹਨ। ਚਰਚ ਦੇ ਪਾਸਟਰ ਅਤੇ ਸੈਨੇਟਰ ਨੇ ਵੀ ਇਸ ਝੰਡੇ ਨੂੰ ਹਟਾਉਣ ਅਤੇ ਮਿਊਜ਼ੀਅਮ ਵਿੱਚ ਰੱਖਣ ਦੀ ਮੰਗ ਕੀਤੀ ਹੈ। ਦੱਖਣੀ ਕੈਰੋਲੀਨਾ ਦੇ ਦੋ ਰੀਪਬਲਿਕਨ ਸੈਨੇਟਰਾਂ ਲਿੰਡਸੇ ਗ੍ਰਾਹਮ ਅਤੇ ਟਿਮ ਸਕਾਟ ਨੇ ਵੀ ਨਿੱਕੀ ਦੀ ਆਵਾਜ਼ ਵਿੱਚ ਆਵਾਜ਼ ਮਿਲਾਈ ਹੈ। ਰੀਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਦੌੜ 'ਚ ਸ਼ਾਮਲ ਹੋਣ ਦੀ ਇੱਛਾ ਰੱਖਣ ਵਾਲੇ ਸ੍ਰੀ ਗ੍ਰਾਹਮ ਨੇ ਬਿਆਨ ਜਾਰੀ ਕੀਤਾ, 'ਚਾਰਲਸਟਨ ਵਿੱਚ ਇਸ ਘਿਨੌਣੇ ਨਸਲੀ ਹਮਲੇ ਬਾਅਦ ਇਸ ਝੰਡੇ ਨੂੰ ਹਟਾ ਦੇਣਾ ਹੀ ਇਕ ਰਸਤਾ ਹੈ।' ਫਲੋਰਿਡਾ ਦੇ ਸਾਬਕਾ ਗਵਰਨਰ ਜੈਬ ਬੁਸ਼ ਨੇ ਵੀ ਹੇਲੀ ਵੱਲੋਂ ਇਸ ਝੰਡੇ ਨੂੰ ਹਟਾਉਣ ਲਈ ਉਠਾਈ ਆਵਾਜ਼ ਦਾ ਸਮਰਥਨ ਕੀਤਾ ਹੈ। ਨਿਊ ਯਾਰਕ ਟਾਈਮਜ਼ ਨੇ ਇਸ ਝੰਡੇ ਨੂੰ 'ਨਫ਼ਰਤ ਦਾ ਪ੍ਰਤੀਕ' ਦੱਸਦਿਆਂ ਲਿਖਿਆ ਹੈ ਕਿ ਹੇਲੀ ਨੇ ਇਸ ਝੰਡੇ ਨੂੰ ਸੂਬੇ ਦੀ ਰਾਜਧਾਨੀ ਵਿੱਚੋਂ ਹਟਾਉਣ ਦਾ ਸੱਦਾ ਦੇ ਕੇ ਆਪਣੇ ਸੂਬੇ ਅਤੇ ਦੇਸ਼ ਦੇ ਹਿੱਤ ਵਿੱਚ ਕਦਮ ਚੁੱਕਿਆ ਹੈ।

1 ਅਤੇ 6 ਸਫੇ ਦੀ ਬਾਕੀ

# ਬਾਬੀ ਜਿੰਦਲ ਵੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ

ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਅਤੇ ਡੈਮੋਕਰੇਟ ਉਮੀਦਵਾਰਾਂ ਬਾਰੇ ਰਾਏ ਲਈ ਗਈ। ਇਸ ਦੌਰਾਨ ਸਾਹਮਣੇ ਆਇਆ ਕਿ 48 ਫੀਸਦੀ ਵੋਟਰਾਂ ਨੇ ਸ੍ਰੀਮਤੀ ਕਲਿੰਟਨ ਨੂੰ ਜਦਕਿ 40 ਫੀਸਦੀ ਵੋਟਰਾਂ ਨੇ ਉਨ੍ਹਾਂ ਦੇ ਵਿਰੋਧੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਫਲੋਰਿਡਾ ਦੇ ਸਾਬਕਾ ਗਵਰਨਰ ਜੇਬ ਬੁਸ਼ ਨੂੰ ਹਮਾਇਤ ਦਿੱਤੀ। ਫਲੋਰਿਡਾ ਸੈਨੇਟਰ ਮਾਰਕੋ ਰੂਬੀਓ (40 ਫੀਸਦੀ) ਦੇ ਮੁਕਾਬਲੇ ਸ੍ਰੀਮਤੀ ਕਲਿੰਟਨ ਨੂੰ 50 ਫੀਸਦੀ ਵੋਟਰਾਂ ਦੀ ਹਮਾਇਤ ਮਿਲੀ। ਸਰਖੇਵਣ ਅਨੁਸਾਰ ਸ੍ਰੀਮਤੀ ਕਲਿੰਟਨ ਦੀ ਇਹ ਚੋਣ ਜਿੱਤਣ ਦੀ ਪੂਰੀ ਸੰਭਾਵਨਾ ਹੈ।

ਜਿੰਦਲ ਦਾ ਕਹਿਣਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਬਣੇ ਤਾਂ ਉਹ ਸਿਹਤ, ਰੱਖਿਆ ਅਤੇ ਸਿੱਖਿਆ ਵਰਗੇ ਮੁੱਦਿਆਂ ਤੇ ਨੀਤੀਆਂ ਵਿਚ ਤਬਦੀਲੀ ਲਿਆਉਣਗੇ। ਪਰ ਬਾਬੀ ਜਿੰਦਲ ਦੇ ਲਈ ਰਾਸ਼ਟਰਪਤੀ ਦੇ ਅਹੁਦੇ ਦੇ ਲਈ ਚੋਣ ਤਾਂ ਦੂਰ ਖੁਦ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਚੁਣਿਆ ਜਾਣਾ ਵੀ ਬਹੁਤ ਮੁਸ਼ਕਿਲ ਲੱਗ ਰਿਹਾ ਹੈ। ਉਹਨਾਂ ਨੂੰ ਇਕ ਸਰਵੇਖਣ ਮੁਤਾਬਕ ਰਾਸ਼ਟਰਪਤੀ ਦੇ ਉਮੀਦਵਾਰ ਵਜੋਂ ਸਿਰਫ ਇਕ ਫੀਸਦੀ ਹੀ ਲੋਕਪ੍ਰਿਅਤਾ ਪ੍ਰਾਪਤ ਹੈ। ਜਿੰਦਲ ਨੇ ਦੋ ਵਾਰ ਅਮਰੀਕੀ ਸੰਸਦ ਦੀ ਪ੍ਰਤੀਨਿਧੀ ਸਭਾ ਦੇ ਲਈ ਵੀ ਚੋਣ ਜਿੱਤੀ ਹੈ।

ਉਹ 2008 ਵਿਚ ਲੁਸੀਆਨਾ ਦੇ ਗਵਰਨਰ ਚੁਣੇ ਗਏ ਸਨ ਅਤੇ 2010 ਵਿਚ ਇਕ ਜਨਮਤ ਸੰਗ੍ਰਹਿ ਵਿਚ ਜਿੰਦਲ ਅਮਰੀਕਾ ਦੇ ਗਵਰਨਰਾਂ ਵਿਚੋਂ ਸਭ ਤੋਂ ਜ਼ਿਆਦਾ ਲੋਕਪ੍ਰਿਆ ਗਵਰਨਰ ਸਨ।

# ਨਸ਼ਿਆਂ ਦੀ ਖੁੱਲ੍ਹੇਆਮ ਸਪਲਾਈ ਨੂੰ ਠੱਲ੍ਹ ਪਈ

**ਪਟਿਆਲਾ–** ਹਾਲਾਂਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਆਪਣੀ ਹਾਲੀਆ ਪੰਜਾਬ ਫੇਰੀ ਦੌਰਾਨ ਨਸ਼ਿਆਂ ਦਾ ਮੁੱਦਾ ਛੋਹਿਆ ਸੀ ਪਰ ਉਨ੍ਹਾਂ ਦੇ ਮੰਤਰਾਲੇ ਅਧੀਨ ਆਉਂਦੀ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਖ਼ੁਫ਼ੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਾਜ ਵਿੱਚ ਨਸ਼ਿਆਂ ਦੀ ਖੁੱਲ੍ਹੇਆਮ ਉਪਲਬਧਤਾ ਵਿੱਚ ਕਾਫ਼ੀ ਕਮੀ ਆਈ ਹੈ। ਦਿਲਚਸਪ ਗੱਲ ਹੈ ਕਿ ਕੇਂਦਰ ਸਰਕਾਰ ਨੇ ਮਨੀਪੁਰ ਅਤੇ ਪੰਜਾਬ ਨੂੰ ਨੌਜਵਾਨਾਂ ਨੂੰ ਨਸ਼ਿਆਂ ਖ਼ਿਲਾਫ਼ ਸਚੇਤ ਕਰਨ ਲਈ ਫੰਡ ਪਹਿਲਾਂ ਹੀ ਜਾਰੀ ਕਰ ਦਿੱਤੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਵੇਂ ਦੇਸ਼ ਵਿੱਚ ਨਸ਼ਿਆਂ ਨਾਲ ਸਬੰਧਤ ਦਰਜ ਕੇਸਾਂ ਵਿੱਚੋਂ ਲਗਪਗ 50 ਫ਼ੀਸਦ ਕੇਸ ਪੰਜਾਬ ਵਿੱਚੋਂ ਆਉਂਦੇ ਹਨ ਪਰ ਵੱਖ ਵੱਖ ਏਜੰਸੀਆਂ ਦੀ ਸਖ਼ਤ ਮਿਹਨਤ ਸਦਕਾ ਹੁਣ ਇੱਥੇ ਨਸ਼ੇ ਖੁੱਲ੍ਹੇਆਮ ਮਿਲਣੇ ਸੌਖੇ ਨਹੀਂ ਰਹੇ। ਲੰਘੇ ਸ਼ੁੱਕਰਵਾਰ ਰਾਜਨਾਥ ਸਿੰਘ ਨੇ ਆਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਸਮਾਗਮ ਮੌਕੇ ਪੰਜਾਬ ਸਰਕਾਰ ਨੂੰ ਨਸ਼ਿਆਂ ਦੀ ਅਲਾਮਤ ਦੇ ਖਾਤਮੇ ਲਈ ਲੋਕ ਲਹਿਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਸੀ। ਅਧਿਕਾਰੀਆਂ ਨੇ ਆਖਿਆ ਹੈ ਕਿ ਭਾਰਤ ਵਿੱਚ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਅਜੇ ਵੀ ਹੋ ਰਹੀ ਹੈ ਪਰ ਜਿਸ ਤਰ੍ਹਾਂ ਹੈਰੋਇਨ ਵਿੱਚ ਬਰਾਮਦਗੀ ਹੋ ਰਹੀ ਹੈ ਉਸ ਤੋਂ ਪਤਾ ਚਲਦਾ ਹੈ ਕਿ ਹੁਣ ਨਸ਼ਿਆਂ ਦੀ ਮੰਡੀ ਲਈ ਲਾਂਘਾ ਆਸਾਨ ਨਹੀਂ ਰਿਹਾ।

# ਫੋਕੀ ਸ਼ਾਹਵਾ ਵਾਹਵਾ ਖੱਟਣ ਲਈ ਫ਼ਜ਼ੂਲ ਖ਼ਰਚੀ ਬੰਦ ਕਰੋ

ਸਿਧਾਂਤਾਂ ਦੇ ਉਲਟ ਬੋਲ ਦਿੰਦੇ ਹਨ ਤੇ ਸੁਣਨ ਵਾਲੇ ਲੋਕ ਹੈਰਾਨ ਹੁੰਦੇ ਹਨ। ਕਈ ਪਿੰਡਾਂ ਵਿਚ ਤਾਂ ਗਦੌੜਾ ਫੇਰਦੇ ਹਨ। ਗਦੌੜਾ ਉਸ ਪਰਿਵਾਰ ਦੇ ਗੋਤ ਵਾਲੇ ਜਿੰਨੇ ਪਿੰਡਾਂ ਦੇ ਗੋਤੀ ਹੁੰਦੇ ਹਨ, ਉਨ੍ਹਾਂ ਸਾਰੇ ਪਿੰਡਾਂ ਵਿਚ ਫੇਰਿਆ ਜਾਂਦਾ ਹੈ। ਗਦੌੜਾ ਇੱਕ ਕਿਸਮ ਦਾ ਤੋਹਫ਼ਾ ਹੁੰਦਾ ਹੈ।

ਸਾਰੇ ਪਿੰਡ ਨੂੰ ਖਾਣਾ ਖਿਲਾਇਆ ਜਾਂਦਾ ਹੈ। ਭੋਗਾਂ ਵਿਚ ਜਿੰਨੇ ਲੋਕ ਆਉਂਦੇ ਹਨ, ਉਨ੍ਹਾਂ ਨੂੰ ਵੀ ਮਠਿਆਈ ਦਿੱਤੀ ਜਾਂਦੀ ਹੈ। ਪੰਜਾਬੀਆਂ ਨੂੰ ਸਮੇਂ ਦਾ ਹਾਣੀ ਬਣਨਾ ਚਾਹੀਦਾ ਹੈ। ਮਹਿੰਗਾਈ ਦੇ ਜ਼ਮਾਨੇ ਵਿਚ ਘੱਟ ਤੋਂ ਘੱਟ ਖ਼ਰਚ ਕਰਨੇ ਚਾਹੀਦੇ ਹਨ। ਹੈਰਾਨੀ ਦੀ ਗੱਲ ਹੈ ਕਿ ਵਿਆਹਾਂ ਅਤੇ ਭੋਗਾਂ ਦੀਆਂ ਤਾਰੀਕਾਂ ਪਤਵੰਤੇ ਸਿਆਸਤਦਾਨਾ ਦੇ ਅਨੁਸਾਰ ਹੀ ਨਿਸਚਤ ਕੀਤੇ ਜਾਂਦੇ ਹਨ। ਉਤਨੀ ਦੇਰ ਸਮਾਗਮ ਸੰਪੂਰਨ ਨਹੀਂ ਕੀਤਾ ਜਾਂਦਾ ਜਿੰਨੀ ਦੇਰ ਪਤਵੰਤਾ ਵਿਅਕਤੀ ਪਹੁੰਚ ਨਹੀਂ ਜਾਂਦਾ। ਕਈ ਵਾਰ ਤਾਂ ਰਾਗੀ ਕੀਰਤਨ ਕਰਦੇ ਪਤਵੰਤੇਆਂ ਨੂੰ ਉਡੀਕਦੇ ਥੱਕ ਜਾਂਦੇ ਹਨ।

ਲੋਕ ਵੀ ਅੱਕ ਕੇ ਬਿਨਾ ਅਰਦਾਸ ਹੋਇਆਂ ਹੀ ਉਠ ਕੇ ਚਲੇ ਜਾਂਦੇ ਹਨ।

ਇਹ ਵਿਖਾਵਾ ਨਹੀਂ ਤਾਂ ਹੋਰ ਕੀ ਹੈ? ਫ਼ਜ਼ੂਲ ਖ਼ਰਚੀ ਦੀ ਹੱਦ ਤਾਂ ਇਹ ਹੈ ਕਿ ਖੇਤਾਂ ਵਿਚ ਕੰਮ ਕਰਨ ਵਾਲੇ ਜ਼ਿਮੀਦਾਰ ਅਤੇ ਮਜ਼ਦੂਰ ਵੀ ਮਹਿੰਗੇ ਤੋਂ ਮਹਿੰਗੇ ਸਮਾਰਟ ਮੋਬਾਈਲ ਫ਼ੋਨ ਖ਼੍ਰੀਦ ਦੇ ਹਨ। ਕਈ ਵਾਰ ਤਾਂ ਇਨ੍ਹਾਂ ਦੇ ਮੋਬਾਈਲ ਪਾਣੀ ਵਿਚ ਡਿਗ ਜਾਂਦੇ ਹਨ।

ਘਰ ਚਾਹੇ ਖਾਣ ਨੂੰ ਦਾਣੇ ਨਾ ਹੋਣ ਬੱਚਿਆਂ ਦੀਆਂ ਫੀਸਾਂ ਭਰਨ ਦੀ ਔਕਾਤ ਨਾ ਹੋਵੇ ਪ੍ਰੰਤੂ ਮਹਿੰਗੇ ਤੋਂ ਮਹਿੰਗੇ ਬਰਾਂਡਡ ਕਪੜੇ ਪਾਉਣਗੇ। ਆਪਣੀ ਚਾਦਰ ਵੇਖਕੇ ਪੈਰ ਪਸਾਰਨੇ ਚਾਹੀਦੇ ਹਨ, ਨਹੀਂ ਤਾਂ ਫੋਕੀ ਸ਼ੁਹਰਤ ਖੱਟਣ ਦੇ ਚਕਰ ਵਿਚ ਝੁਗਾ ਚੌੜ ਹੋ ਜਾਵੇਗਾ। ਖੇਤਾਂ ਨੂੰ ਵੈਸੇ ਤਾਂ ਕੋਈ ਨੌਜਵਾਨ ਜਾਂਦਾ ਹੀ ਨਹੀਂ ਕਿਉਂਕਿ ਭੱਤਾ ਲੈ ਕੇ ਜਾਣ ਦਾ ਰਿਵਾਜ਼ ਹੀ ਖ਼ਤਮ ਹੋ ਗਿਆ ਹੈ। ਖੇਤ ਵਿਚ ਜੱਟਾਂ ਦੇ ਮੁੰਡੇ ਆਪ ਤਾਂ ਕੰਮ ਹੀ ਨਹੀਂ ਕਰਦੇ। ਕੰਮ ਤਾਂ ਖੇਤ ਮਜ਼ਦੂਰ ਹੀ ਕਰਦੇ ਹਨ। ਜੇ ਉਹ ਖੇਤ ਜਾਂਦਾ ਹੈ ਤਾਂ ਕਾਰ, ਟਰੈਕਟਰ ਜਾਂ ਮੋਟਰ ਸਾਈਕਲ ਤੇ ਮਜ਼ਦੂਰਾਂ ਨੂੰ ਚਾਹ ਪਾਣੀ ਦੇਣ ਜਾਂਦਾ ਹੈ।

# ਅਦਾਲਤ ਨੇ ਜਗਦੀਸ਼ ਭੋਲਾ ਨੂੰ ਮੁੰਬਈ ਜੇਲ੍ਹ ਵਿਚ ਕੀਤਾ ਤਬਦੀਲ

**ਪਟਿਆਲਾ–** ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਦੇ ਮਾਮਲੇ ਵਿਚ ਅੱਜ ਉਸ ਵੇਲੇ ਵੱਡੀ ਤਬਦੀਲੀ ਆਈ ਜਦੋਂ ਨਸ਼ਾ ਤਸਕਰੀ ਦੇ ਇੱਕ ਪੁਰਾਣੇ ਕੇਸ ਦੀ ਪੇਸ਼ੀ ਮੌਕੇ ਮੁੰਬਈ ਦੀ ਅਦਾਲਤ ਨੇ ਵਾਪਸ ਭੇਜਣ ਦੀ ਬਜਾਏ ਭੋਲਾ ਨੂੰ ਉਥੋਂ ਦੀ ਹੀ ਜੇਲ੍ਹ ਵਿਚ ਰੱਖ ਲਿਆ ਜਿਸ ਕਰਕੇ ਤਿੰਨ ਲੱਖ ਦੇ ਖਰਚੇ 'ਤੇ ਭੋਲਾ ਨੂੰ ਮੁੰਬਈ ਲੈ ਕੇ ਗਿਆ 30 ਮੈਂਬਰੀ ਪੁਲੀਸ ਦਲ ਹੁਣ ਖਾਲੀ ਹੱਥ ਵਾਪਸ ਪਰਤ ਰਿਹਾ ਹੈ ਪਰ ਅਜਿਹੀ ਕਾਰਵਾਈ ਪੰਜਾਬ ਸਰਕਾਰ ਲਈ ਵੱਡੀ ਰਾਹਤ ਸਮਝੀ ਜਾ ਰਹੀ ਹੈ ਕਿਉਂਕਿ ਇਸ ਕਾਰਵਾਈ ਤੋਂ ਸਮੁੱਚੀ ਪੰਜਾਬ ਪੁਲੀਸ ਅਤੇ ਨਾਭਾ ਜੇਲ੍ਹ ਪ੍ਰਸ਼ਾਸਨ ਨੇ ਰਾਹਤ ਮਹਿਸੂਸ ਕੀਤੀ ਹੈ। ਜ਼ਿਕਰਯੋਗ ਹੈ ਕਿ 2013 ਵਿਚ ਗ੍ਰਿਫ਼ਤਾਰ ਕੀਤੇ ਗਏ ਜਗਦੀਸ਼ ਭੋਲਾ 'ਤੇ ਪੰਜਾਬ ਪੁਲੀਸ ਅਰਬਾਂ ਰੁਪਏ ਦੇ ਸਿੰਥੈਟਿਕ ਡਰੱਗਜ਼ ਦਾ ਕਾਰੋਬਾਰ ਕਰਨ ਦੇ ਦੋਸ਼ ਲਾਉਂਦੀ ਆ ਰਹੀ ਹੈ।

# ਮਹਿਫਲ ਸੱਚੇ ਵਿਚਾਰਾਂ ਦੀ


**ਪਰਮਜੀਤ ਸਿੰਘ ਸੇਖੋਂ (ਦਾਖਾ)**

ਪ੍ਰਧਾਨ, ਦਲ ਖਾਲਸਾ ਅਲਾਇੰਸ

ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)




123- ਗਰੀਬ ਦੀ ਭੁੱਖ ਅਤੇ ਅਮੀਰ ਦੀ ਤਿਜ਼ੌਰੀ, ਕਿਸਮਤ ਵਾਲੇ ਦੀ ਹੀ ਭਰਦੀ ਹੈ।

124- ਚਿੰਤਾ ਆਪਾਂ ਨੂੰ ਭਟਕਾਉਂਦੀ ਹੈ, ਬੋਲਣ ਲਈ ਉਕਸਾਉਂਦੀ ਹੈ ਅਤੇ ਬੋਲ ਕੇ, ਚਿੰਤਾ ਮੁਕਤ ਹੋ ਕੇ ਕੁੱਝ ਚਿਰ ਲਈ ਅਸੀਂ ਚੁੱਪ ਹੋ ਜਾਂਦੇ ਹਾਂ।

125- ਮੁੱਹਬਤ ਕਰਨੀ ਅਤੇ ਉਦਾਸ ਨਾ ਹੋਣਾ ਅਸੰਭਵ ਹੈ।

126- ਜਦੋਂ ਅਸੀਂ ਆਪਣੀ ਪ੍ਰਸਨੰਤਾ ਤੋਂ ਪਹਿਲਾਂ, ਕਿਸੇ ਦੀ ਖੁਸੀਂ ਨੂੰ ਪਹਿਲ ਦੇਣ ਲਗਦੇ ਹਾਂ, ਤਾਂ ਇਸ ਅਵਸਥਾ ਨੂੰ ਇਜ਼ਤ ਮਾਣ ਸਤਿਕਾਰ ਪਿਆਰ ਕਹਿੰਦੇ ਹਨ।

127- ਇਕ ਇਸਤਰੀ ਡਾਕਟਰ ਸੀ, ਇਕ ਦਿਨ ਉਸ ਕੋਲ, ਇਕ ਸ਼ਾਇਰ (ਕਵੀ) ਮਰੀਜ਼ ਆਇਆ।ਕਵੀ ਮਰੀਜ਼ ਦੇ ਜਾਣ ਤੋਂ ਬਾਅਦ ਇਸਤਰੀ ਡਾਕਟਰ ਘਰ ਵਾਪਸ ਤਾਂ ਪਹੁੰਚੀ, ਪਰ ਵਾਪਸ ਪਰਤਣ ਵੇਲੇ ਉਹ ਉਹ ਨਹੀਂ ਸੀ, ਜੋ ਸਵੇਰੇ ਘਰੋਂ ਚੱਲੀ ਸੀ। ਉਸ ਨੂੰ ਪਤਾ ਹੀ ਨਾ ਚਲਿਆ ਕਦੋਂ ਉਹ ਆਪਣੇ ਮਰੀਜ਼ ਦੀ ਮਰੀਜ਼ ਬਣ ਗਈ।

128- ਮੁੱਹਬਤ ਅੰਤ ਨੂੰ ਉਦਾਸ ਕਰਨ ਵਾਲੀ ਬਿਰਤੀ ਹੈ।

129- ਉਦਾਸੀ ਦਾ ਸੰਗੀਤ ਨਾਲ ਬੜਾ ਗੂੜ੍ਹਾ ਸਬੰਧ ਹੈ।

130- ਵਿਸ਼ਵਾਸ਼ ਦੇ ਸੱਚੇ ਸ਼ੀਸ਼ੇ ਨੂੰ, ਕਦੇ ਵੀ ਸ਼ੱਕ ਦੇ ਪੱਥਰ ਨਾਲ ਨਾ ਤੋੜੋ।

131- ਮੌਤ ਆਪਣੇ ਸਿਰ 'ਤੇ ਗਾਣੇ ਗਾਈ ਜਾ ਰਹੀ ਹੈ ਪਰ ਫਿਰ ਵੀ ਆਪਾਂ ਬੇਹਿਆਈ ਦੀ ਢੋਲਕੀ ਕੁੱਟੀ ਜਾ ਰਹੇ ਹਾਂ।

132- ਸਿੱਖ ਵਿਰੋਧੀਆਂ ਦੀਆਂ ਕਾਰਵਾਈਆਂ ਕਾਰਨ,ਪੰਜਾਬ ਵਿੱਚ ਉਤਨੇ ਪਿੰਡ ਨਹੀਂ ਜਿਤਨੇ ਹਿਸਿਆਂ 'ਚ ਸਿੱਖ ਵੰਡੇ ਪਏ ਹਨ।

133- ਪ੍ਰੇਮੀ ਪ੍ਰੇਮ ਪੱਤਰ ਉਵੇਂ ਲਿੱਖਦਾ ਹੈ ਜਿਵੇਂ ਇਸਤਰੀ ਦਾਜ ਵਾਲੀ ਚਾਦਰ 'ਤੇ ਫੁੱਲ ਕੱਢਦੀ ਹੈ।

134- ਤਣਾਅ 'ਚ ਆਏ ਹਾਲਾਤਾਂ ਤੋਂ ਚੰਗੇ ਸਿੱਟਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ।

135- 1947 'ਚ ਭਾਰਤ ਦੇਸ਼ ਆਜ਼ਾਦ ਹੋ ਗਿਆ ਅਤੇ ਖਾਸਲਾ ਪੰਥ ਹਿੰਦੂਸਤਾਨੀ ਪਿੰਜਰੇ ਦਾ ਸ਼ੇਰ ਬਣ ਗਿਆ, ਜਿਹੜਾ ਅੱਜ ਤੱਕ ਹਿੰਦੂਸਤਾਨੀ ਪੋਲੀਟੀਕਲ ਸਰਕਸ ਵਿੱਚ ਕਲਾ-ਬਾਜ਼ੀਆਂ ਖਾ ਰਿਹਾ ਹੈ।

136- ਗਰੰਟੀ ਦਿੱਤੇ ਬਿਨਾਂ ਹਰ ਤਰਾਂ ਦੀਆਂ ਕੀਤੀਆਂ ਅਪੀਲਾਂ ਠੱਗੀ ਅਤੇ ਧੋਖਾ ਹੁੰਦੀਆਂ ਹਨ।

137- ਜਵਾਨੀ ਵਿੱਚ ਬੜਾ ਕੁੱਝ ਸੋਚਿਆ ਅਤੇ ਬੜਾ ਕੁੱਝ ਕੀਤਾ ਜਾਦਾ ਹੈ ਪਰ ਜੇ ਇਸ ਸਭ ਕੁੱਝ ਨਾਲ ਪਿਆਰ ਇਜ਼ਤ ਮਾਣ ਸਤਿਕਾਰ ਵੀ ਜਾਵੇ ਤਾਂ ਜੀਵਨ ਕੋਰੇ ਲੱਠੇ ਦੀ ਥਾਂ ਫੁਲਕਾਰੀ ਬਣ ਜਾਦਾ ਹੈ।

138- ਜਿਸ ਭਾਂਡੇ ਵਿੱਚ ਵਸਤੂ ਪਾਈਏ ਹੀ ਨਾ ਅਤੇ ਕਢੀ ਜਾਈਏ ਇਕ ਦਿਨ ਖਾਲੀ ਹੋ ਜਾਂਦਾ ਹੈ। ਇਹ ਹੀ ਹਾਲ ਦਿਮਾਗ ਦਾ ਹੈ। ਇਸ ਵਿੱਚ ਚੰਗੇ ਵਿਚਾਰਾਂ ਦਾ ਭੰਡਾਰ ਭਰੀ ਵੀ ਜਾਵੋ 'ਤੇ ਨਾਲ ਦੀ ਨਾਲ ਖਰਚੀ ਵੀ ਜਾਵੋ।

139- ਹੱਕ ਸੱਚ ਦਾ ਸਾਥ ਦੇਣ ਵਾਲੇ ਤਾਰੀਖ ਦੇ ਹੀਰੋ ਹੁੰਦੇ ਹਨ।

140- ਵੇਖਿਆ ਗਿਆ ਹੈ ਕਿ ਜਿਥੇ, ਪਿਆਰ ਇਜ਼ਤ ਮਾਣ ਸਤਿਕਾਰ ਪਤਲਾ ਹੁੰਦਾ ਹੈ, ਉਥੇ ਸ਼ਿਕਾਇਤਾਂ ਮੋਟੀਆਂ ਹੁੰਦੀਆਂ ਹਨ।

141- ਪ੍ਰੇਮ ਉਹ ਖੁਸੀਂ ਹੈ ਜੋ ਦਰਦ ਤੋਂ ਮਿਲਦੀ ਹੈ

142- ਲੋਕ ਬੜੇ ਤਿੱਖੇ ਅਤੇ ਚੁੱਭਵੇਂ ਬੋਲ ਬੋਲਦੇ ਹਨ ਪਰ ਪ੍ਰੇਮੀ ਚੰਗੇ ਦਿਨਾਂ ਦੀ ਉਡੀਕ ਵਿੱਚ ਸਭ ਕੁੱਝ ਸਹਿ ਜਾਂਦੇ ਹਨ।

143- ਸਤਿਕਾਰ ਯੋਗ ਸਿੱਖ ਭਰਾਵੋ, ਆਪਣੀ ਮਾਂ ਬੋਲੀ ਨੂੰ, ਮਾਂ ਵਾਂਗ ਸਤਿਕਾਰੋ ਅਤੇ ਧੀ ਵਾਂਗ ਪਿਆਰ ਕਰੋ।

144- ਆਪਾਂ ਸਾਰਾ ਜੀਵਨ ਵਿਉਂਤਾਂ ਬਣਾਉਦੇ ਰਹਿੰਦੇ ਹਾਂ ਪਰ ਪਿਆਰ ਦੇ ਖੇਤਰ ਵਿੱਚ ਕੋਈ ਵਿਉਂਤ ਨਹੀਂ ਚਲਦੀ।

145- ਸਿੰਗ ਨਾਲ ਦੋਸਤੀ ਪੂਛ ਨਾਲ ਵੈਰ ਵਾਲੀ ਪਾਲਸੀ ਕਦੇ ਕਾਮਯਾਬ ਨਹੀਂ ਹੋਈ।

146- ਜਿਊਂਦੀਆਂ ਕੌਮਾਂ ਦੀ ਨਿਸ਼ਾਨੀ ਇਹੀ ਹੈ ਸਦਾ ਸੰਘਰਸ਼ਸ਼ੀਲ ਰਹਿਣਾ।

147- ਜੇ ਜਵਾਨੀ ਵਿੱਚ ਕੁਝ ਯਾਦ ਰਹਿਣ ਯੋਗ ਘਟਨਾਵਾਂ ਵਾਪਰ ਜਾਣ ਤਾਂ ਰਹਿੰਦੀ ਜਿੰਦਗੀ ਮਨੁੱਖ ਇਸ ਪੂੰਜੀ ਨਾਲ ਵੱਡੇ ਵੱਡੇ ਘਾਟੇ ਵੀ ਬਰਦਾਸ਼ਤ ਕਰਨ ਦੀ ਸਮਰੱਥਾ ਉਪਜਾ ਲੈਂਦਾ ਹੈ।

148- ਮੁਹੱਬਤ ਸਾਨੂੰ ਉਮੀਦ ਕਰਨ ਦੀ ਅਤੇ ਆਸ਼ਾਵਾਦੀ ਬਣਨ ਦੀ ਜਾਂਚ ਸਿਖਾਉਂਦੀ ਹੈ।

149- ਉਸਾਰੂ ਜੀਵਨ ਲਈ, ਵਿਸ਼ਵਾਸ਼, ਉਮੀਦ ਅਤੇ ਮੁਹਬਤ ਜ਼ਰੂਰੀ ਹੈ।

150- ਜਵਾਨੀ ਜਿੰਦਗੀ ਦਾ ਉਹ ਮੁਕਾਮ ਹੁੰਦਾ ਹੈ ਜਦੋਂ ਆਪਾਂ ਚਾਹੁੰਦੇ ਹਾਂ ਕਿ ਦੂਸਰਾ ਸਾਨੂੰ ਲੁੱਕ ਲੁੱਕ ਕੇ ਪੜ੍ਹੇ। ਇਹ ਉਹ ਅਨੁਭਵ ਹੁੰਦਾ ਹੈ ਜਦੋਂ ਅਨਪੜ੍ਹ ਵਿਅਕਤੀ ਵਿੱਚ ਵੀ ਪ੍ਰੇਮ ਪੱਤਰ ਲਿੱਖਣ ਦੀ ਤਾਂਘ ਹੁਲਾਰਾ ਮਾਰਦੀ ਹੈ।

151- ਬਗਾਵਤ ਕਰਨ ਵਾਲੇ ਮਨੁੱਖ ਦੀ ਹਾਲਤ, ਟੱਪਰੀਵਾਸ ਜਾਂ ਸ਼ਰਨਾਰਥੀ ਵਾਲੀ ਹੁੰਦੀ ਹੈ।

152- ਕਈ ਵਾਰੀ ਕਿਸੇ ਦੀ ਇਕ ਨਜ਼ਰ ਜਾਂ ਇਕ ਝੱਲਕ ਸਾਨੂੰ ਸਦਾ ਲਈ ਉਡੀਕਵਾਨ ਬਣਾ ਜਾਂਦੀ ਹੈ।

153- ਉਡੀਕ ਕਰਨਾ, ਨਾ ਥੱਕਣਾ ਅਤੇ ਉਡੀਕ ਦਾ ਗਿਲਾ ਸ਼ਿਕਵਾ ਨਾ ਕਰਨਾ, ਸੱਚੀ ਮੁਹਬਤ ਦੇ ਮੁੱਖ ਲਛਣ ਹਨ।

154- ਉਮੀਦਾਂ ਦਾ ਸਬੰਧ ਭਵਿੱਖ ਨਾਲ ਹੈ।

155- ਕਚੇ ਇਰਾਦਿਆਂ ਨਾਲ ਮਜ਼ਬੂਤ ਰਿਸ਼ਤੇ ਨਹੀਂ ਸਿਰਜੇ ਜਾ ਸਕਦੇ।

156- ਬਹੁਤ ਸਿਆਣੇ ਲਗਣ ਦੀ ਧੁਨ ਵਾਲੇ ਪੁਰਸ਼ ਅਤੇ ਬਹੁਤ ਸੋਹਣੇ ਹੋਣ ਦੇ ਗੁਮਾਨ ਵਾਲੀਆਂ ਇਸਤਰੀਆਂ ਅਕਸਰ ਸੱਚੇ ਪਿਆਰ ਦੇ ਅਨੁਭਵ ਤੋਂ ਕੋਰੀਆਂ ਰਹਿ ਜਾਂਦੀਆਂ ਹਨ।

157- ਮੁਹਬਤ ਹੁਸੀਨ ਨਹੀਂ ਹੁੰਦੀ, ਮੁਹਬਤ ਕਰਨ ਵਾਲੇ ਹੁਸੀਨ ਹੋ ਜਾਂਦੇ ਹਨ।

158- ਹੌਂਸਲਾ ਨਾ ਹੋਵੇ ਤਾਂ ਹਥਿਆਰ ਬੇਕਾਰ

159- ਕਈ ਇਕ ਦੂਜੇ ਦਾ ਸੁਪਨਾ ਤਾਂ ਹੁੰਦੇ ਹਨ ਪਰ ਇਕ ਦੂਜੇ ਦਾ ਮੁਕੱਦਰ ਨਹੀਂ ਬਣਦੇ।

160- ਸਿੱਖ ਕੌਮ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਜੋਸ਼ ਨਾਲ ਹੋਸ਼ ਦੀ ਵੀ ਸਖਤ ਜ਼ਰੂਰਤ ਹੈ।

161- ਸਾਡੇ ਪੰਜ ਦਰਿਆਵਾਂ ਵਿੱਚ, ਉਦਾਸ ਅੱਖਾਂ ਦੇ ਹੰਝੂਆਂ ਜਿਨ੍ਹਾਂ ਪਾਣੀ ਰਹਿ ਗਿਆ ਹੈ।

162- ਸਾਡੀਆਂ ਬੀਤੀਆਂ ਯਾਦਾਂ ਦੀਆਂ ਅਸਥੀਆਂ ਵੀ ਜਲ ਪ੍ਰਵਾਹ ਕਰਨ ਵਾਸਤੇ ਸਾਫ ਪਾਣੀ ਵੀ ਪੂਰਾ ਨਹੀਂ ਰਿਹਾ।

164- ਅਸੀਂ ਆਪਣੇ ਪਿਆਰ ਦੀ ਪੱਧਰ ਤਕ ਹੀ ਦੂਜਿਆਂ ਨੂੰ ਮੁਆਫ ਕਰਦੇ ਹਾਂ।

166- ਹੁਣ ਜਦੋਂ ਪੰਜਾਬ ਵਿੱਚ ਕਿਸੇ ਦਰਿਆ ਉੱਤੋਂ ਗੱਡੀ ਲੰਘਦੀ ਹੈ ਤਾਂ ਵਿੱਚ ਬੈਠਿਆਂ ਵਗਦੇ ਪਾਣੀਆਂ ਦੇ ਦੀਦਾਰ ਨਹੀਂ ਹੁੰਦੇ।

167- ਜੇ ਗੁਣ ਨਾ ਹੋਣ ਤਾਂ ਇਕਲਾ ਰੂਪ ਕੋਈ ਅਰਥ ਨਹੀਂ ਰੱਖਦਾ।

169- ਇਸਤਰੀ ਨਾਲ ਪ੍ਰਕਿਰਤੀ ਦਾ ਸਬੰਧ ਸਦਾ ਮਾਂ ਧੀ ਵਾਲਾ ਰਿਹਾ ਹੈ।

170- ਪ੍ਰੇਮੀ ਅਤੇ ਪ੍ਰੇਮਿਕਾ ਨੂੰ ਇਕ ਦੂਜੇ ਕੋਲ ਬਹਿ ਕੇ ਕੁੱਝ ਕਹਿਣ ਦੀ ਲੋੜ ਨਹੀਂ ਪੈਂਦੀ।

171- ਜਿਵੇਂ ਹੁਣ ਲੱਕੜ ਦੂਰੋਂ ਹੋਰ ਦੂਰੋਂ ਆਉਂਦੀ ਹੈ, ਤਿਵੇਂ ਹੀ ਪੀਣ ਵਾਲੇ ਪਾਣ ਦਾ ਸਰੋਤ ਪਰ੍ਹੇ ਹੋਰ ਪਰ੍ਹੇ ਹੁੰਦਾ ਜਾ ਰਿਹਾ ਹੈ।

172- ਸਾਡੇ ਦਰਿਆ ਇਤਨੇ ਪੇਤਲੇ ਹੋ ਗਏ ਹਨ ਕਿ ਡੂੰਗੀਆਂ ਧਾਵਾਂ 'ਤੇ ਵੀ ਆਮ ਹੀ ਰੇਤ ਨਜ਼ਰ ਆ ਰਿਹਾ ਹੈ।

173- ਬਨੇਰਿਆਂ 'ਤੇ ਕਾਂ ਬੋਲਣ ਨਾਲ ਹੁਣ ਪ੍ਰਾਹੁਣੇ ਨਹੀਂ, ਮੁਸੀਬਤਾਂ ਆਉਂਦੀਆਂ ਨੇ।

174- ਹਰ ਕਿਸੇ ਦੀ ਜ਼ਿੰਦਗੀ 'ਚ ਇਕ ਅਜਿਹੀ ਸਥਿਤੀ ਆਉਂਦੀ ਹੈ ਜਦੋਂ ਜਿਵੇਂ ਪੁਲਾਂ ਤੋਂ ਹੜ੍ਹ ਦਾ ਪਾਗਲ ਹੋਇਆ ਪਾਣੀ ਨਹੀਂ ਸਾਂਭਿਆ ਜਾਂਦਾ,ਤਿਵੇਂ ਹੀ ਆਪਣੇ ਤੋਂ ਮੁਹਬਤ ਦਾ ਝੁੱਲਦਾ ਤੂਫਾਨ ਕਾਬੂ ਵਿੱਚ ਨਹੀਂ ਰਹਿੰਦਾ।

175- ਇਲਾਜ਼ ਦੂਰੋਂ ਹੋਰ ਦੂਰੋਂ ਕਰਵਾਏ ਜਾਣ ਲੱਗ ਪਏ ਹਨ, ਬੀਮਾਰੀਆਂ ਭਿਆਨਕ ਹੋਰ ਭਿਆਨਕ ਹੁੰਦੀਆਂ ਜਾ ਰਹੀਆਂ ਹਨ।

176- ਪੱਗ ਸਿੱਖਾਂ ਦਾ ਗਹਿਣਾ ਮਿੱਤਰੋ।

177- ਜਿਹੜਾ ਵੀ ਫਿਲਮ ਸਿਤਾਰਾ ਪੱਗ ਬੰਨ੍ਹ ਕੇ , ਜਿਹੜੀ ਵੀ ਫਿਲਮ ਵਿੱਚ ਆਇਆ, ਉਹ ਫਿਲਮ ਸਫਲਤਾ ਦੀਆਂ ਸਿਖਰਾਂ 'ਤੇ ਪਹੁੰਚੀ।

178- ਜ਼ਰਾ ਸੋਚੋ !ਕਿਹੜੀਆਂ ਕੀਮਤਾਂ 'ਤੇ ਆਪਾਂ ਨੂੰ ਇਹ ਸਰਦਾਰੀਆਂ ਮਿਲੀਆਂ ? ਕਿੰਨੀਆਂ ਕੁਰਬਾਨੀਆਂ ਅਤੇ ਲਹੂ ਦੇ ਵਹਿਣ ਵਹੇ ਇਸ ਕੁੱਝਮੀਟਰ ਦੇ ਕੱਪੜੇ ਦੀ ਦਸਤਾਰ ਬਦਲੇ?

179- ਕਿੱਥੇ ਗਏ ਸਾਡੇ ਉਹ ਪੰਜ ਕਕਾਰ ਜੋ ਸਿੱਖ ਕੌਮ ਨੂੰ ਸਾਡੇ ਗੁਰੂ ਸਾਹਿਬ ਜੀ ਨੇ ਸਾਂਭਣ ਵਾਲੀ ਅਮਾਨਤ ਵਜੋਂ ਸੌਂਪੇ ਸਨ?

180- ਜਦੋਂ ਪ੍ਰੇਮੀ ਇਕ ਦੂਜੇ ਸਾਹਮਣੇ ਆਪਣਾ ਦਿਲ ਖੋਲ੍ਹਦੇ ਹਨ ਤਾਂ ਪਿਆਰ ਇਜ਼ਤ ਮਾਣ ਸਤਿਕਾਰ ਦਾ ਅਨੁਭਵ ਹੁੰਦਾ ਹੈ।

181- ਮਨੁੱਖੀ ਸਭਿਅਤਾ ਦਾ ਵਿਕਾਸ ਉਨ੍ਹਾਂ ਥਾਵਾਂ 'ਤੇ ਹੀ ਸੰਭਵ ਹੋਇਆ ਜਿੱਥੇ ਪੌਣ ਪਾਣੀ ਦੀ ਸਹੂਲਤ ਸੀ।

182- ਵਿਸ਼ਵ ਦੇ ਸਾਰੇ ਪੁਰਾਣੇ ਸ਼ਹਿਰ ਦਰਿਆਵਾਂ ਝੀਲਾਂ ਝਰਨਿਆਂ ਆਦਿ ਦੇ ਨੇੜੇ ਸਥਿਤ ਰਹੇ ਹਨ।

183- ਜਦੋਂ ਮਨੁੱਖ ਨੇ ਧਰਤੀ ਹੇਠ ਪਾਣੀ ਲੱਭ ਲਿਆ ਤਾਂ ਹੀ ਉਹ ਦਰਿਆਵਾਂ ਤੋਂ ਦੂਰ, ਸਮੁੰਦਰੀ ਕਿਨਾਰਿਆਂ ਤੋਂ ਪਰ੍ਹੇ ਪਿੰਡਾਂ ਕਸਬਿਆਂ ਵਿੱਚ ਰਹਿਣ ਦੇ ਯੋਗ ਹੋਇਆ।







# ਸਦੀਆਂ ਤੋਂ ਜਾਤੀਵਾਦ, ਨਸਲਵਾਦ ਤੇ ਮਨੂੰਵਾਦੀ ਸੋਚ ਦੇ ਅਣਮਨੁੱਖੀ ਕਾਰਨਾਮੇ






























**ਸਟਾਕਟਨ–** ਜਦੋਂ ਕੋਈ ਪ੍ਰਾਣੀ ਆਪਣੀ ਮਾਨਵਤਾ ਨੂੰ ਤਿਲਾਂਜਲੀ ਦੇ ਦੇਕੇ ਹਵਾਨੀਅਤ ਨੂੰ ਅਪਣਾ ਲਵੇ ਤਾਂ ਅਜਿਹੀ ਮਾਨਸਿਕਤਾ ਪਿੱਛੇ ਕੋਈ ਵਿਚਾਰਧਾਰਾ ਕੰਮ ਕਰ ਰਹੀ ਹੁੰਦੀ ਹੈ। ਪੱਛਮ ਵਿੱਚ ਆਰੀਅਨ ਨਸਲ ਦਾ ਸ਼੍ਰੇਸ਼ਟ ਹੋਣਾ ਸਮੇ ਸਮੇ ਤੇ ਮਨੁਖੀ ਵਤੀਰੇ ਨੂੰ ਪ੍ਰਭਾਵਿਤ ਕਰਦਾ ਹੋਇਆ ਅਪਰਾਧਾਂ ਦੀ ਲੜੀ ਨੂੰ ਜਾਰੀ ਰੱਖਦਾ ਹੈ। ਪੂਰਵ ਵਿੱਚ ਬ੍ਰਾਹਮਣਾਂ ਦੁਆਰਾ ਰਚੇ ਗਏ ਮਨੁਸਿਮਰਿਤੀ ਜਿਹੇ ਗ੍ਰੰਥ ਲਗਾਤਾਰ ਹਜਾਰਾਂ ਸਾਲਾਂ ਤੋਂ ਭਾਰਤ ਦੇ ਮੂਲਨਿਵਾਸੀਆਂ ਨੂੰ ਅਣਮਨੁੱਖੀ ਕਸ਼ਟਾਂ ਦਾ ਸ਼ਿਕਾਰ ਬਣਾਉਂਦੇ ਆ ਰਹੇ ਹਨ ਤੇ ਅਛੂਤਾਂ ਵਾਲ਼ਾ ਜੀਵਨ ਵਸਰ ਕਰਨ ਲਈ ਮਜ਼ਬੂਰ ਕਰਦੇ ਆ ਰਹੇ ਹਨ । ਅਜਿਹੀ ਸੋਚ ਨੇ ਬਸਤੀਵਾਦ ਨੂੰ ਜਨਮ ਦਿਤਾ ਤੇ ਕਰੋੜਾਂ ਪ੍ਰਾਣੀਆਂ ਨੂੰ ਦਹਿਸ਼ਤ ਨਾਲ਼ ਖ਼ਤਮ ਕਰ ਦਿੱਤਾ।

ਔਰਗਨਾਈਜ਼ੇਸ਼ਨ ਫ਼ੋਰ ਮਨਿਔਰਟੀਜ਼ ਆਫ਼ ਇੰਡੀਆ, (ਔਫ਼ਮੀ), ਭੀਮ ਰਾਓ ਅੰਬੇਡਕਰ ਸਿੱਖ ਫ਼ਾਉਂਡੇਸ਼ਨ (ਬਰਾਸਫ), ਮੂਲਨਿਵਾਸੀ ਸੰਘ, ਤੇ ਬਾਮਸੈਫ਼ ਦੇ ਸਾਂਝੇ ਯਤਨਾਂ ਸਦਕਾ ਯੂਨੀਵਰਸਿਟੀ ਆਫ ਪੈਸਿੱਫ਼ਕ ਸਟਾਕਟਨ ਦੇ ਡੀ ਰੋਸਾ ਹਾਲ ਵਿੱਚ 20 ਜੂਨ 2015 ਨੂੰ ਇੱਕ ਵੱਡੀ ਕਾਨਫ਼ਰੰਸ ਹੋਈ। ਇਸਾਈ ਭਾਈਚਾਰੇ ਦੇ ਫ਼ਾਦਰ ਜੋਸ਼ੂਆ ਲਿਕਟਰ, ਇੰਡੀਅਨ ਅਮੈਰੀਕਨ ਮੁਸਲਿਮ ਕਾਂਉਸਲ ਦੇ ਓਮਰ ਮਲਿਕ, ਭਾਰਤ ਤੋਂ ਮੂਲਨਿਵਾਸੀ ਸੰਘ ਦੇ ਬੀ ਡੀ ਬੋਰਕਰ, ਸਿੱਖ ਰਿਸਰਚ ਇੰਸਟੀਚਿਊਟ ਦੇ ਹਰਿੰਦਰ ਸਿੰਘ ਅਤੇ ਸਿੱਖ ਇੰਨਫ਼ੋਰਮੇਸ਼ਨ ਸੈਂਟਰ ਦੇ ਪੀਟਰ ਫ਼ਰੈਡਰਿਕ ਨੇ ਆਪਣੇ ਵਿਚਾਰਾਂ ਨੂੰ ਰੱਖਦੇ ਹੋਏ ਪੈਨਲ ਚਰਚਾ ਵਿੱਚ ਭਾਗ ਲਿਆ।

ਫ਼ਾਦਰ ਲਿਕਟਰ ਨੇ ਕਿਹਾ ਕੇ ਚਾਰਲਸਟਨ ਵਿੱਚ ਇੱਕ 21 ਸਾਲਾਂ ਦੇ ਗੋਰੇ ਵਿਅਕਤੀ ਦੁਆਰਾ 9 ਕਾਲ਼ੇ ਮੂਲ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਦੇ ਪਿੱਛੇ ਅਤੇ ਵਿਸਕੌਨਸਿਨ ਦੇ ਗੁਰਦੁਆਰੇ ਵਿੱਚ ਗੋਲ਼ੀਆਂ ਨਾਲ਼ ਸਿੱਖਾਂ ਨੂੰ ਭੁੰਨਣ ਦੇ ਪਿੱਛੇ ਆਰੀਅਨ ਨਸਲ ਦੇ ਸ਼੍ਰੇਸ਼ਟ ਹੋਣ ਵਾਲ਼ੀ ਅਣਮਨੁੱਖੀ ਵਿਚਾਰਧਾਰਾ ਹੀ ਕੰਮ ਕਰ ਰਹੀ ਸੀ । ਭਾਰਤ ਵਿੱਚ ਮੁਸਲਮਾਨਾਂ, ਇਸਾਈਆਂ, ਬੋਧੀਆਂ ਤੇ ਮੂਲਨਿਵਾਸੀਆਂ ਤੇ ਨਸਲਵਾਦੀ ਹਮਲੇ ਬ੍ਰਾਹਮਣਾਂ ਦੀ ਸੌੜੀ ਤੇ ਅਪਰਾਧਿਕ ਮਾਨਸਿਕਤਾ ਦਾ ਹੀ ਨਤੀਜਾ ਸਨ।

ਹਰਿੰਦਰ ਸਿੰਘ ਨੇ ਸਾਊਥ ਏਸ਼ੀਆ ਵਿੱਚ ਤਸ਼ੱਦਦ ਵਾਲ਼ੀ ਸਥਿਤੀ ਦੇ ਲਗਾਤਾਰ ਜਾਰੀ ਰਹਿਣ ਪਿੱਛੇ ਵਰਨ ਆਸ਼ਰਮ ਧਰਮ ਦੀ ਵਿਚਾਰਧਾਰਾ ਨੂੰ ਹੀ ਜਿੰਮੇਵਾਰ ਠਹਿਰਾਇਆ ਹੈ। ਹਿੰਦੂ ਤਾਕਤਾਂ ਦੇ ਉਭਾਰ ਨਾਲ਼ ਮੂਲਨਿਵਾਸੀਆਂ ਤੇ ਘੱਟ ਗਿਣਤੀਆਂ ਦੇ ਕਤਲ ਹੁਣ ਜਾਇਜ ਠਹਿਰਾਏ ਜਾ ਰਹੇ ਹਨ । ਭਾਰਤ ਦੇ ਅਸਲੀ ਇਤਿਹਾਸ ਨੂੰ ਖ਼ਤਮ ਕਰਕੇ ਮਿਥਿਹਾਸ ਨੂੰ ਪ੍ਰਧਾਨ ਬਣਾਇਆ ਜਾ ਰਿਹਾ ਹੈ। ਜੇਡਾ ਬਰਨਾਰਡ ਜੋ ਕਿ ਅਫ਼ਰਿਕਨ ਅਮੈਰਿਕਨ ਭਾਈਚਾਰੇ ਦੀ ਪ੍ਰਤੀਨਿਧਤਾ ਕਰ ਰਹੇ ਸਨ ਨੇ ਕਿਹਾ ਬ੍ਰਾਹਮਣਵਾਦੀ ਤੇ ਮਨੂਵਾਦੀ ਸੋਚ ਨੇ ਗੋਰੀ ਨਸਲ ਨੂੰ ਬਾਕੀ ਨਸਲਾਂ ਤੇ ਕਾਬਜ ਹੋਣ ਲਈ ਪ੍ਰੇਰਿਆ ਤੇ ਖੂਨ ਦੀਆਂ ਨਦੀਆਂ ਬਹਾਉਣ ਲਈ ਮੋਹਰੀ ਬਣਾਇਆ।

ਅਫਰੀਕਾ ਤੇ ਅਮਰੀਕਾ ਵਿੱਚ ਕਾਲ਼ੇ ਮੂਲ ਦੇ ਲੋਕਾਂ ਤੇ ਤਸੱਦਦ ਸ਼੍ਰੇਸ਼ਟਵਾਦੀ ਵਿੱਚਾਰਧਾਰ ਕਾਰਣ ਹੀ ਜਾਰੀ ਰਹੇ। ਬਰਨਾਰਡ ਨੇ ਕਿਹਾ ਕਿ 1960 ਵਿੱਚ ਕਾਲ਼ੇ ਮੂਲ ਦੇ ਲੋਕਾਂ ਨੂੰ ਜਹਿਰੀ ਕੁੱਤਿਆਂ ਤੋ ਪੜਵਾਇਆ ਜਾਂਦਾ ਰਿਹਾ ਤੇ ਜਿੱਮ ਕ੍ਰੋਅ ਜਿਹੇ ਕਨੂੰਨਾਂ ਤਹਿਤ ਨੋਚ ਨੋਚ ਕੇ ਮਾਰਿਆ ਗਿਆ। ਇੰਨਸਾਫ਼ ਤੋਂ ਵਾਂਝੇ ਕਰਕੇ ਉਹਨਾਂ ਨੂੰ ਜਾਨਵਰਾਂ ਵਾਂਗ ਜੀਣ ਲਈ ਮਜਬੂਰ ਕਰ ਦਿਤਾ। ਦੁਨਿਆ ਦੇ ਹਰ ਕੋਣੇ ਤੇ ਲੋਕ ਸ਼੍ਰੇਸ਼ਟਵਾਦੀ ਵਿਚਾਰਧਾਰਾ ਦੇ ਸ਼ਿਕਾਰ ਹੋਕੇ ਅਣਮਨੁੱਖੀ ਵਿਹਾਰ ਨੂੰ ਸਹਿਨ ਕਰਦੇ ਆ ਰਹੇ ਹਨ। ਜੇਡਾ ਬਰਨਾਰਡ ਨੇ ਅਜਿਹੀ ਵਿਚਾਰਧਾਰਾ ਨੂੰ ਜੜੋਂ ਪੁੱਟਕੇ, ਹਰ ਪ੍ਰਾਣੀ ਨੂੰ ਸਵੈਮਾਣ ਵਾਲ਼ੀ ਜਿੰਦਗੀ ਜੀਣ ਲਈ ਪ੍ਰੇਰਿਆ।

ਓਮਰ ਮਲਿਕ ਨੇ ਕਿਹਾ ਕਿ ਕੋਈ ਵੀ ਕੌਮ ਜਦੋਂ ਵਿਤਕਰਾ ਕਰਦੀ ਹੈ ਤਾਂ ਉਹ ਨਿੰਦਣਯੋਗ ਹੈ। ਮੁਸਲਮਾਨਾਂ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਜੇਕਰ ਥੋੜੇ ਬੰਦੇ ਬਾਕੀਆਂ ਨਾਲ ਠੀਕ ਵਤੀਰਾ ਨਹੀਂ ਕਰਦੇ ਤਾਂ ਇਸਦਾ ਇਹ ਮਤਲਬ ਨਹੀਂ ਕਿ ਹਰੇਕ ਮੁਸਲਮਾਨ ਨੂੰ ਉਸਦੀ ਸਜਾ ਮਿਲੇ। ਭਾਰਤ ਦੀ ਸਥਿਤੀ ਦਾ ਜ਼ਿਕਰ ਕਰਦੇ ਹੋਏ ਓਮਰ ਨੇ ਕਿਹਾ ਕਿ ਹਜਾਰਾਂ ਗਰੀਬ ਮੁਸਲਮਾਨਾਂ ਦੇ ਕਤਲ ਲਈ ਕਿਸੇ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਗਿਆ। ਪੀਟਰ ਨੇ ਬਹੁਤ ਸਾਰੇ ਹਵਾਲੇ ਦਿੰਦੇ ਹੋਏ ਇਹ ਸਿੱਧ ਕਰ ਦਿਤਾ ਕਿ ਭਾਰਤੀ ਜਾਤ ਪ੍ਰਬੰਧ ਦਾ ਸਿੱਧਾ ਸਬੰਧ ਆਰੀਅਨ ਸ਼੍ਰੇਸ਼ਟਤਾ ਤੇ ਨਾਜ਼ੀਵਾਦ ਨਾਲ਼ ਹੈ ।

ਇਹੋ ਕਾਰਣ ਸੀ ਕਿ ਮੋਹਨ ਕਰਮਚੰਦ ਗਾਂਧੀ ਤੇ ਹਿਟਲਰ ਆਪਣੇ ਆਪ ਨੂੰ ਦੋਸਤ ਸਮਝਦੇ ਸਨ।

ਸਵਾਲਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ, ਡਾ ਅਮਰੀਕ ਸਿੰਘ ਨੇ ਪੈਨਲ ਨੂੰ ਵੜੇ ਅਹਿਮ ਸਵਾਲ ਪੁੱਛੇ ਜਿਨਾਂ ਦੇ ਜਵਾਬ ਨਾਲ਼ ਸ਼ਰੋਤਿਆਂ ਵਿੱਚ ਨਵੀਂ ਚੇਤਨਾ ਪੈਦਾ ਹੋਈ। ਮੋਹਨ ਰਾਮ ਪਾਲ ਜੋ ਕਿ (ਬ ਰਾ ਸ ਫ)ਦੇ ਬੋਰਡ ਮੈਂਬਰ ਵੀ ਹਨ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ। ਔਫ਼ਮੀ ਦੇ ਆਗੂ ਭਜਨ ਸਿੰਘ ਭਿੰਡਰ ਨੇ ਕਿਹਾ ਕਿ ਬ੍ਰਾਹਮਣਵਾਦ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਤੇ ਸਾਰੀਆਂ ਘੱਟਗਿਣਤੀਆਂ ਨੂੰ ਇਕੱਠੇ ਹੋਕੇ ਇਸਦੇ ਖ਼ਿਲਾਫ਼ ਸੰਘਰਸ ਕਰਨਾ ਚਾਹੀਦਾ ਹੈ ।

## ਅੰਮ੍ਰਿਤਸਰ ਹਵਾਈ ਅੱਡੇ ਦੇ ਅੱਛੇ ਦਿਨ ਲਿਆਉਣ ਲਈ ਅਕਾਲੀ ਭਾਜਪਾ ਆਗੂ ਅੱਗੇ ਆਉਣ: ਗੁਮਟਾਲਾ

**ਅੰਮ੍ਰਿਤਸਰ–** ਕੇਂਦਰ ਵਿਚ ਮੋਦੀ ਸਰਕਾਰ ਅੱਛੇ ਦਿਨ ਲਿਆਉਣ ਦੇ ਵਾਅਦੇ ਨਾਲ ਸਤਾ ਵਿਚ ਆਈ ਸੀ ਪਰ ਇਕ ਸਾਲ ਬੀਤ ਜਾਣ ਦੇ ਬਾਵਜੂਦ ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਹਵਾਈ ਅੱਡੇ ਦੇ ਅੱਛੇ ਦਿਨ ਨਹੀਂ ਆਏ। ਜਦ ਪਿਛਲੀ ਸਰਕਾਰ ਨੇ ਇੱਥੋਂ ਅੰਮ੍ਰਿਤਸਰ- ਬ੍ਰਮਿੰਘਮ ਉਡਾਣ ਅਤੇ ਅੰਮ੍ਰਿਤਸਰ ਲੰਡਨ-ਟੋਰਾਂਟੋ ਉਡਾਣ ਬੰਦ ਕੀਤੀਆਂ ਗਈਆਂ ਸਨ ਤਾਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ- ਮੁਖ ਮੰਤਰੀ ਸ. ਸੁਖ-ਬੀਰ ਸਿੰਘ ਬਾਦਲ, ਉਸ ਸਮੇਂ ਲੋਕ ਸਭਾ ਮੈਂਬਰ ਸ. ਨਵਜੋਤ ਸਿੰਘ ਸਿੱਧੂ, ਕੈਬਨਿਟ ਮੰਤਰੀ ਸ੍ਰੀ ਅਨਿਲ ਜੋਸ਼ੀ ਤੇ ਹੋਰ ਆਗੂਆਂ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਖ਼ਤ ਨੁਕਤਾਚੀਨੀ ਕੀਤੀ ਸੀ ਤੇ ਦੋਸ਼ ਲਾਇਆ ਗਿਆ ਸੀ ਕਿ ਇਹ ਸਾਰਾ ਕੁਝ ਦਿੱਲੀ ਹਵਾਈ ਅੱਡੇ ਨੂੰ ਲਾਭ ਪਹੁੰਚਾਉਣ ਲਈ ਕੀਤਾ ਗਿਆ ਹੈ ।ਆਸ ਕੀਤੀ ਜਾਂਦੀ ਸੀ ਮੋਦੀ ਸਰਕਾਰ ਇਹ ਉਡਾਣਾਂ ਮੁੜ ਸ਼ੁਰੂ ਕਰੇਗੀ,ਪਰ ਇਕ ਸਾਲ ਬੀਤ ਜਾਣ 'ਤੇ ਵੀ ਇਹ ਉਡਾਣਾਂ ਬਹਾਲ ਨਹੀਂ ਹੋਈਆਂ।



ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ- ਮੁਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਕੈਬਨਿਟ ਮੰਤਰੀ ਸ੍ਰੀ ਅਨਿਲ ਜੋਸ਼ੀ, ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਕਮਲ ਸ਼ਰਮਾ, ਭਾਜਪਾ ਦੇ ਕੌਮੀ ਸਕੱਤਰ ਸ੍ਰੀ ਤਰੁਣ ਚੁਗ, ਸਾਬਕਾ ਸਿਹਤ ਮੰਤਰੀ ਸ੍ਰੀ ਲਕਸ਼ਮੀ ਕਾਂਤਾ ਚਾਵਲਾ ਨੂੰ ਲਿਖੇ ਪੱਤਰ ਵਿਚ ਅਪੀਲ ਕੀਤੀ ਹੈ ਕਿ ਜਿੱਥੇ ਇਹ ਬੰਦ ਹੋਈਆਂ ਉਡਾਣਾਂ ਸ਼ੁਰੂ ਕਰਵਾਈਆਂ ਜਾਣ ਉੱਥੇ ਅੰਮ੍ਰਿਤਸਰ ਤੋਂ ਏਅਰ ਇੰਡੀਆ ਦੀਆਂ ਵੈਨਕੂਅਰ, ਸਾਂਨਫਰਾਂਸਿਸਕੋ, ਮਿਲਾਨ, ਆਸਟਰੇਲੀਆ ਆਦਿ ਨੂੰ ਵੀ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਲਈ ਕੇਂਦਰੀ ਖਜਾਨਾ ਮੰਤਰੀ ਸ੍ਰੀ ਅਰੁਣ ਜੇਤਲੀ, ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਸ੍ਰੀ ਅਸ਼ੋਕ ਗਜਪਤੀ ਰਾਜੂ ਨੂੰ ਪਹੁੰਚ ਕੀਤੀ ਜਾਵੇ।

## ਗੁਰਦੁਆਰਾ ਸਾਹਿਬ ਦੀਆਂ ਪਰਬੰਧਕ ਕਮੇਟੀਆਂ ਚਰਚ ਗੋਲੀ ਕਾਂਡ ਤੋਂ ਸਬਕ ਲੈਣ-ਧੂਤ

**ਮਿਲਪੀਟਸ (ਕੈਲੀਫੋਰਨੀਆ)–** ਸਾਊਥ ਕੈਰੋਲੀਨਾ ਦੇ ਇੱਕ ਚਰਚ ਵਿੱਚ ਇੱਕ ਬੰ-ਦੂਕਧਾਰੀ ਵੱਲੋਂ ਗੋਲੀਬਾਰੀ ਕਰਕੇ ਪ੍ਰਾਥਨਾ ਕਰ ਰਹੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਦੀ ਕਾਰਵਾਈ ਦੀ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਚੇਅਰਮੈਨ ਸ. ਦਲਵਿੰਦਰ ਸਿੰਘ ਧੂਤ ਨੇ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਲੋਕਾਂ ਵਿੱਚ ਦੂਜੇ ਧਰਮ ਜਾਂ ਵਿਚਾਰਧਾਰਾ ਵਾਲਿਆਂ ਲਈ ਵਧ ਰਹੀ ਨਫ਼ਰਤ ਚਿੰਤਾ ਦਾ ਵਿਸ਼ਾ ਹੈ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਰੋਕਣ ਲਈ ਸਿਆਸਤਦਾਨਾਂ, ਬੁੱਧੀਜੀਵੀਆਂ ਤੇ ਸਮਾਜਿਕ ਆਗੂਆਂ ਨੂੰ ਮਿਲ ਕੇ ਇਸ ਵਰਤਾਰੇ ਦਾ ਹੱਲ ਕੱਢਣਾ ਚਾਹੀਦਾ ਹੈ ਨਹੀਂ ਤਾਂ ਮਾਨਵੀ ਫ਼ਿਤਰਤ ਵਿੱਚ ਘਰ ਕਰ ਰਹੀ ਨਫ਼ਰਤ ਭਰੀ ਸੋਚ ਨੂੰ ਭਵਿੱਖ 'ਚ ਸੰਭਾਲਣਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸਾਲ ਕੁੱਝ ਸਾਲਾ ਪਹਿਲਾਂ ਵਿਸਕਾਸਿਨ ਦੇ ਗੁਰੂ ਘਰ ਵਿਖੇ ਵਾਪਰੀ ਗੋਲੀਬਾਰੀ ਦੀ ਘਟਨਾ ਨੇ ਸਿੱਖ ਭਾਇ-ਚਾਰੇ ਦੇ ਨਾਲ-ਨਾਲ ਬਾਕੀ ਅਮਰੀਕਨਾਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਸ. ਧੂਤ ਨ ਕਿਹਾ ਕਿ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਦੂਜੇ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਨੂੰ ਵੀ ਚਾਹੀਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕਿਆ ਜਾਵੇ ਅਤੇ ਸੁਰੱਖਿਆ ਦੇ ਮੱ-ਦੇਨਜ਼ਰ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਉਨ੍ਹਾਂ ਕਿਹਾ ਕਿ ਧਾਰਮਿਕ ਸੰਸਥਾਵਾਂ ਵਿੱਚ ਅਜਿਹੇ ਸੁਰੱਖਿਆ ਯੰਤਰ ਲਗਾਏ ਜਾਣ ਤਾਂ ਕਿ ਕੋਈ ਵੀ ਵਿਅਕਤੀ ਕਿਸੇ ਤਰ੍ਹਾਂ ਦਾ ਅਗਨ ਹਥਿਆਰ ਲੈ ਕੇ ਧਾਰਮਿਕ ਸਥਾਨ ਦੀ ਹਦੂਦ ਅੰਦਰ ਦਾਖ਼ਲ ਨਾ ਹੋ ਸਕੇ। ਸ: ਧੂਤ ਨੇ ਦਸਿਆ ਕਿ ਇਸ ਵੇਲੇ ਅਮਰੀਕਾ ਦੇ 283 ਮਿਲੀਅਨ ਲੋਕ ਅਜਿਹੇ ਹਨ ਜਿਹਨਾਂ ਦੇ ਕੋਲ ਹਥਿਆਰਬੰਦ ਅਸਲਾ ਹੈ। ਇਸ ਤੋਂ ਇਲਵਾ ਹਰ ਸਾਲ ਮਿਲੀਅਨ ਗੰਨ ਹਰ ਸਾਲ ਵੇਚੀਆਂ ਜਾ ਰਹੀਆਂ ਹਨ। ਸ: ਧੂਤ ਨੇ ਦਸਿਆ ਕਿ ਹਰ ਸਾਲ ਤੀਹ ਹਜਾਰ ਨਿਰਦੋਸ਼ ਲੋਕ ਇਹਨਾਂ ਗੰਨਾਂ ਨਾਲ ਮਾਰੇ ਜਾ ਰਹੇ ਹਨ।ਸ: ਧੂਤ ਨੇ ਇਸ ਗਲ ਤੇ ਆਪਣੀ ਚਿੰਤਾ ਦਾ ਪਰਗਟਾਵਾ ਕਰਦਿਆਂ ਕਿਹਾ ਕਿ ਅਜਿਹੀ ਸਥਿਤੀ ਵਿਚ ਗੁਰੂਦੁਆਰਾ ਸਾਹਿਬ ਦੀਆਂ ਪਰਬੰਧਕ ਕਮੇਟੀਆਂ ਨੂੰ ਸੁਰੱਖਿਆ ਦੇ ਪਰਬੰਧ ਕਰਨ ਲਈ ਅਵੇਸਲੇ ਨਹੀਂ ਹੋਣਾ ਚਾਹੀਦਾ।ਉਹਨਾਂ ਸੁਝਾਅ ਦਿਤਾ ਕਿ ਗੁਰੂਦੁਆਰਾ ਦੀ ਹੱਦ ਸ਼ੁਰੂ ਹੁੰਦਿਆਂ ਸਾਰ ਅੰਗਰੇਜੀ ਵਿਚ ਲਿਖੇ ਬੋਰਡ ਲਾਉਣੇ ਚਾਹੀਦੇ ਹਨ ਕਿ ਇਥੇ ਕਿਸੇ ਕਿਸਮ ਦਾ ਹਥਿਆਰ ਲਿਆਉਣਾ ਮਨਾ ਹੈ ਤੇ ਜੇਕਰ ਕੋਈ ਲੈ ਕੇ ਆਇਗਾ ਤਾਂ ਉਸਨੂੰ ਫੜਨ ਤੇ ਉਸਦੀ ਨਿਸ਼ਾਂਨਦੇਹੀ ਕਰਨ ਲਈ ਲੋੜੀਂਦੇ ਯੰਤਰ ਲਗੇ ਹੋਏ ਹਨ।



# ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਕੈਲੀਫੋਰਨੀਆ (ਰਜਿ.)



## Jai Bhim    Jai Bharat

### Educate Agitate and Organize

"An educated man without character and humility was move dangerous than abeast. If his education was deterimental to the welfare of poor, he was acurse to the society"

- Dr. B R Ambediar

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦਾ 124ਵਾਂ ਜਨਮ ਦਿਨ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਕੈਲੀਫੋਰਨੀਆ (ਰਜਿ.) ਵੱਲੋਂ 19 ਜੁਲਾਈ, ਦਿਨ ਐਤਵਾਰ 2015 ਨੂੰ ਹੋਲੀਡੇ ਇਨ, ਐਕਸਪ੍ਰੈਸ ਐਲਗਰੋਵ ਵਿਖੇ ਸ਼ਾਮੀ 5 ਵਜੇ ਤੋਂ ਲੈ ਕੇ ਰਾਤੀ ਗਿਆਰਾਂ ਵਜੇ ਤੱਕ ਮਨਾਇਆ ਜਾ ਰਿਹਾ ਹੈ, ਜਿਸ ਵਿਚ ਉੱਚ ਕੋਟੀ ਦੇ ਬੁਲਾਰੇ ਅਤੇ ਗਾਇਕ ਬਾਬਾ ਸਾਹਿਬ ਅੰਬੇਦਕਰ ਦੀ ਉਪਮਾ ਵਿਚ ਵਿਚਾਰ ਅਤੇ ਗੀਤ ਪੇਸ਼ ਕਰਨਗੇ।

ਮਹਿੰਦਰ ਸਿੰਘ ਧਾਮੀ- ਕੋਆਡੀਨੇਟਰ
ਜਸਵੰਤ ਜੱਸੀ ਸ਼ੀਮਾਰ- ਸਕੱਤਰ
(916-293-6030)

**ਪ੍ਰਬੰਧਕ ਸੱਜਣ**
ਇੰਦਰਜੀਤ ਪੱਡਵੱਗਾ
ਰਮੇਸ਼ ਬੰਗੜ

**ਸਮਾਗਮ ਦਾ: ਸੰਪਰਕ ਅਤੇ ਸਥਾਨ**

**916-478-9000**

**9175 W Stockton Blvd ELK Grove CA 95758**

### ਪ੍ਰੋਗਰਾਮਾਂ ਦਾ ਵੇਰਵਾ

1. 5 ਤੋਂ 6 ਵਜੇ ਤੱਕ ਚਾਹ ਅਤੇ ਸਨੈਕ
2. 6 ਤੋਂ 8 ਵਜੇ ਤੱਕ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ
3. 8 ਤੋਂ 9 ਵਜੇ ਤੱਕ ਮਿਸ਼ਨਰੀ ਗੀਤ ਸੰਗੀਤ ਦਾ ਪ੍ਰੋਗਰਾਮ ਹੋਵੇਗਾ।
4. 9 ਤੋਂ 10 ਵਜੇ ਤੱਕ ਡਿਨਰ ਹੋਵੇਗਾ।
5. 10 ਤੋਂ 11 ਵਜੇ ਤੱਕ ਬਾਬਾ ਸਾਹਿਬ ਅੰਬੇਦਕਰ ਜੀ ਦੇ ਜੀਵਨ ਅਤੇ ਵਿਚਾਰਾਂ ਤੇ ਮੂਵੀ ਵੀ ਦਿਖਾਈ ਜਾਵੇਗੀ


**Raja**
**SWEETS & CATERING**
AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


Entry Free    Entry Free

"ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ"

## P.C.S. Sacramento

ਵਲੋਂ ਪੇਸ਼ ਹੈ 15ਵੀਆਂ

# ਤੀਆਂ TEEYAN




**On Sunday, the 16th AUGUST 2015 At 1.00 P. M.**

**AT S.E.S. Hall**

**10427 E. STOCKTON BLVD. ELK GROVE, CA 95624**

Featuring : Songs, Gidha, Dances, Skits, D.J. and Much More

**All LADIES AND GIRLS ARE INVITED**

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Laddi Thandi, Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010, Email: palpharwala@yahoo.com I Website : www.sacpcs.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: bpp467@gmail.com





# ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ) ਦੇ 30ਵੇਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ

## ਸਵਰਗੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ) ਜੀ ਦੇ ਸਮੂਹ ਪਰਿਵਾਰ ਵੱਲੋਂ

## ਲੱਖ ਲੱਖ ਵਧਾਈਆਂ



ਮਾਣਯੋਗ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ (ਖੱਬੇ ਤੋਂ ਸੱਜੇ) ਉਹਨਾਂ ਦੇ ਸਪੁੱਤਰ ਸ੍ਰੀ ਅਜੈ ਪਾਲ ਰਾਮ, ਲੜਕੀ, ਸੁਪਤਨੀ, ਨੂੰਹ, ਪੋਤੀ ਅਤੇ ਵੱਡੇ ਸਪੁੱਤਰ ਸ੍ਰੀ ਜਗਦੇਵ ਰਾਮ ਜੀ



Commissioner Lahori Ram Ji officiating the Grand Opening of the Sri Guru Ravidass Temple in Pittsburg as General Secretary on June 2, 1985 (Note: Sri Guru Ravidass Temple Pittsburg in California is the first Sri Guru Ravidass Temple in North America)




# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 30ਵਾਂ ਸਥਾਪਨਾ ਦਿਵਸ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਮੂਹ ਬੰਗਾ ਪਰਿਵਾਰ ਵੱਲੋਂ

## ਲੱਖ ਲੱਖ ਵਧਾਈਆਂ



ਮਹਿੰਦਰ ਸਿੰਘ ਬੰਗਾ (ਖੱਬੇ) ਆਪਣੀ ਸੁਪਤਨੀ ਨਾਲ ਹਰਦਿਆਲ ਸਿੰਘ ਬੰਗਾ (ਸੱਜੇ) ਆਪਣੀ ਸੁਪਤਨੀ ਨਾਲ

# H & S CONSTRUCTION

**Hardi Banga** GENERAL CONTRACTOR

1824 Santa Rita Dr.
Pittsburg, CA 94565

Ph 925-458-2196

Fax 925-261-1891, Cell 925-584-0727




# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 30ਵਾਂ ਸਥਾਪਨਾ ਦਿਵਸ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਮੂਹ ਚੋਪੜਾ ਪਰਿਵਾਰ ਵੱਲੋਂ ਲੱਖ ਲੱਖ ਵਧਾਈਆਂ

ਉਘੇ ਸਮਾਜ ਸੇਵਕ ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ), 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕੀਤਾ।



## SHRI SUKHRAJ SINGH CHOPRA & MRS. ROSHNI CHOPRA

## ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪਾਵਨ ਸ਼ਹੀਦੀ ਪੁਰਬ 'ਤੇ



ਪ੍ਰੋ: ਐਚ.ਐਲ.ਕਪੂਰ
01- 916- 587-4002

# 'ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ'

**ਪੰਜਾਬ** ਦਾ ਸਿੱਖ ਇਤਿਹਾਸ ਇਕ ਜੁਝਾਰੂ ਇਤਿਹਾਸ ਹੈ। ਇਹ ਜੰਗਾਂ-ਯੁੱਧਾਂ, ਕੁਰਬਾਨੀਆਂ, ਘੱਲੂਘਾਰਿਆਂ ਤੇ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਮੁਗਲ ਰਾਜ ਦੇ ਜ਼ੁਲਮਾਂ ਤੇ ਤਸ਼ੱਦਦ ਦੇ ਖਿਲਾਫ ਸਿੱਖ ਜਗਤ ਨੇ ਇਸ ਨੂੰ ਖਤਮ ਕਰਨ ਲਈ ਸਿਰਤੋੜ ਯਤਨ ਤੇ ਬੜਾ ਲੰਮਾ ਸੰਘਰਸ਼ ਕੀਤਾ। ਇਸ ਸੰਘਰਸ਼ ਦੀ ਸ਼ੁਰੂਆਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਤੇ ਇਹ ਸੰਘਰਸ਼ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸਮੇਂ ਤੱਕ ਪਹੁੰਚਦਿਆਂ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਬਹੁਤ ਹੀ ਮਹਾਨ ਯੋਧਾ ਸੀ। ਉਨ੍ਹਾਂ ਦੀ ਬਹਾਦਰੀ ਨੂੰ ਦੇਖਦਿਆਂ ਪ੍ਰਸਿੱਧ ਇਤਿਹਾਸਕਾਰ ਮੈਕਲੇਗਰ ਲਿਖਦਾ ਹੈ ਕਿ "ਬਾਬਾ ਬੰਦਾ ਸਿੰਘ ਬਹਾਦਰ ਤਾਂ ਜਰਨੈਲਾਂ 'ਚ ਬੜੀ ਉਚੀ ਥਾਂ ਰੱਖਦਾ ਹੈ। ਉਹਨਾਂ ਦਾ ਨਾਂ ਹੀ ਪੰਜਾਬ ਤੇ ਪੰਜਾਬ ਤੋਂ ਬਾਹਰ ਮੁਗਲਾਂ 'ਚ ਦਹਿਸ਼ਤ ਫੈਲਾਉਣ ਲਈ ਕਾਫੀ ਸੀ।" ਇਤਿਹਾਸ ਦੇ ਇਸ ਬੜੇ ਨਾਜ਼ੁਕ ਸਮੇਂ'ਚ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਿੱਖਾਂ ਨੂੰ ਦੁਬਾਰਾ ਲਾਮਬੰਦ ਕਰਕੇ ਇਕ ਮਜ਼ਬੂਤ ਜਥੇਬੰਦੀ ਬਣਾਈ ਤੇ ਉਨ੍ਹਾਂ ਤੇ ਬਹਾਦਰੀ ਦੀ ਅਜਿਹੀ ਪਾਣ ਚੜ੍ਹਾਈ ਤੇ ਸੰਸਾਰ ਨੂੰ ਦਿਖਾ ਦਿੱਤਾ ਕਿ ਕਿਵੇਂ ਲੜਾਈ ਲੜੀ ਦੀ ਹੈ ਤੇ ਕਿਵੇਂ ਜਿੱਤ ਪ੍ਰਾਪਤ ਕਰੀਦੀ ਹੈ। ਇਕ ਬਹੁਤ ਹੀ ਪ੍ਰਸਿੱਧ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਇਹ ਗੱਲ ਵੱਖਰੀ ਹੈ ਕਿ ਕਹਾਣੀ ਦਾ ਪਲਾਟ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ, ਅਦਾਕਾਰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬੜੀ ਸਿਆਣਪਤ ਨਾਲ ਤਿਆਰ ਕੀਤੇ, ਪਰ ਇਹ ਬੰਦਾ ਬਹਾਦਰ ਹੀ ਸੀ, ਜਿਸ ਨੇ ਅਦਾਕਾਰਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਅਤੇ ਬੜੀ ਚੰਗੀ ਤਰ੍ਹਾਂ ਖਿਡਾਇਆ।"

ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਮਹਾਨ ਵਿਅਕਤਿਤਵ ਦੇ ਮਾਲਕ ਮੰਨਿਆ ਜਾਂਦਾ ਹੈ। ਉਹਨਾਂ ਨੇ ਆਪਣੇ ਜੀਵਨ ਦੇ (1670-1716) ਦੇ ਪਿਛਲੇ ਸੱਤ ਸਾਲਾਂ 1709-1715 ਦੇ ਸਮੇਂ ਦੇ ਦੌਰਾਨ ਉੱਤਰੀ ਭਾਰਤ, ਖਾਸ ਤੌਰ ਤੇ ਪੰਜਾਬ ਦੀ ਇਤਿਹਾਸਕ ਸ਼ਕਲ ਹੀ ਬਦਲ ਕੇ ਰੱਖ ਦਿੱਤੀ। ਇਹਨਾਂ ਦੀ ਕਮਾਨ ਹੇਠ ਸਿੱਖਾਂ ਨੇ ਅਠਾਰਵੀਂ ਸਦੀ ਦੇ ਪਹਿਲੇ ਦਹਾਕੇ 'ਚ ਮੁਗਲਾਂ ਨੂੰ ਪਹਿਲੀ ਵਾਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਤੇ ਉਹਨਾਂ ਦੇ ਸਾਨੂੰ ਕੋਈ ਜਿੱਤ ਨਹੀਂ ਸਕਦਾ, ਦੇ ਘੁਮੰਡ ਨੂੰ ਤੋੜ ਕੇ ਰੱਖ ਦਿੱਤਾ। ਉਹ ਪੰਜਾਬ ਦੇ ਇਤਿਹਾਸਕ ਰੰਗਮੰਚ ਤੇ ਅਚਾਨਕ ਇਕ ਮਹਾਨ ਯੋਧੇ ਦੇ ਰੂਪ 'ਚ ਆਉਂਦੇ ਹਨ ਤੇ ਸਭ ਨੂੰ ਹੈਰਾਨ ਕਰ ਦਿੰਦੇ ਹਨ। ਇਸ ਲਈ ਹੀ ਤਾਂ ਪ੍ਰਸਿੱਧ ਇਤਿਹਾਸਕਾਰ ਡਾ: ਹਰੀ ਰਾਮ ਗੁਪਤਾ ਲਿਖਦੇ ਹਨ ਕਿ ਬੰਦਾ ਬਹਾਦਰ, ਸਿਕੰਦਰ, ਨਪੋਲੀਅਨ, ਨਾਦਰਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਤੋਂ ਘੱਟ ਸ਼ਕਤੀਸ਼ਾਲੀ ਯੋਧਾ ਨਹੀਂ ਸੀ। ਉਸ ਨੇ ਆਪਣੀ ਚੜ੍ਹਤ ਦੌਰਾਨ ਤਿੰਨ ਬਾਦਸ਼ਾਹਾਂ- ਬਹਾਦਰ ਸ਼ਾਹ, ਜਹਾਂਦਾਰ ਸ਼ਾਹ ਅਤੇ ਫਾਰੁਖਸ਼ੀਅਰ ਨੂੰ ਵਖਤ ਪਾਈ ਰੱਖਿਆ। ਵੈਸੇ ਵੀ ਬੰਦਾ ਬਹਾਦਰ ਦੇ ਜੰਗੀ ਕਾਰਨਾਮਿਆਂ 'ਤੇ ਨਜ਼ਰ ਮਾਰਿਆਂ ਇਹ ਤੱਥ ਸਾਡੇ ਸਾਹਮਣੇ ਆਉਂਦਾ ਹੈ ਕਿ ਉਹ ਪੰਜਾਬ ਦੇ ਇਤਿਹਾਸ ਦਾ ਇਕ ਲਾਸਾਨੀ ਨਾਇਕ ਅਤੇ ਬਹੁਤ ਹੀ ਬਹਾਦਰ, ਨਿੱਡਰ ਤੇ ਦਲੇਰ ਸੈਨਾਪਤੀ ਸੀ। ਉਸ ਨੇ ਮਹਿਮੂਦ ਗਜ਼ਨਵੀ, ਤੈਮੂਰ ਲੰਗ ਤੇ ਬਾਬਰ ਦੇ ਖਾਨਦਾਨਾਂ 'ਚੋਂ ਅਖਵਾਉਣ ਵਾਲਿਆਂ ਦੀ ਅਣਖ ਤੇ ਆਨ-ਸ਼ਾਨ ਨੂੰ ਮਿੱਟੀ 'ਚ ਰੋਲ ਕੇ ਰੱਖ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਜੰਮੂ ਕਸ਼ਮੀਰ ਦੀ ਇਕ ਪਹਾੜੀ ਨਦੀ ਦੇ ਕਿਨਾਰੇ ਤੇ ਵੱਸੇ ਛੋਟੇ ਜਿਹੇ ਪਿੰਡ ਰਾਜੌਰੀ ਜ਼ਿਲ੍ਹਾ ਪੁਣਛ ਵਿਖੇ ਇਕ ਸਧਾਰਨ ਕਿਸਾਨ ਪਿਤਾ ਰਾਮਦੇਵ ਰਾਜਪੂਤ ਦੇ ਘਰ ਕੱਤਕ ਸੁਦੀ 13 ਸੰਮਤ 1727 ਬਿਕਰਮੀ ਮੁਤਾਬਕ 16 ਅਕਤੂਬਰ 1670 ਈਸਵੀ ਨੂੰ ਹੋਇਆ। ਉਹਨਾਂ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਉਹ ਛੋਟੀ ਉਮਰੇ ਹੀ ਇਕ ਅੱਛਾ ਘੋੜ-ਸਵਾਰ, ਪੱਕਾ ਨਿਸ਼ਾਨੇਬਾਜ਼ ਤੇ ਇਕ ਚੰਗਾ ਸ਼ਿਕਾਰੀ ਬਣ ਗਿਆ ਸੀ। ਉਹਨਾਂ ਦੇ ਜਨਮ ਉਸ ਦੌਰ 'ਚ ਹੋਇਆ ਜਦੋਂ ਮੁਸਲਮਾਨ ਸ਼ਾਸਕ ਤੇ ਉਹਨਾਂ ਦੀ ਸ਼ਾਹੀ ਫੌਜ ਹਿੰਦੂਆਂ ਦੀ ਲੁੱਟਮਾਰ ਕਰ ਰਹੀ ਸੀ ਤੇ ਉਹਨਾਂ ਨੂੰ ਜਬਰਦਸਤੀ ਮੁਸਲਮਾਨ ਬਣਾ ਰਹੀ ਸੀ।

ਲਛਮਣ ਦਾਸ 15 ਕੁ ਸਾਲਾਂ ਦੀ ਉਮਰ 'ਚ ਹੀ ਆਪਣਾ ਘਰ-ਬਾਰ ਤਿਆਗ ਕੇ ਬੈਰਾਗੀ ਸਾਧੂ ਬਣ ਗਿਆ ਸੀ ਅਤੇ ਉਸ ਦੇ ਗੁਰੂ ਨੇ ਉਸਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਉਸ ਨੇ ਭਾਰਤ ਦੇ ਵੱਖ-ਵੱਖ ਥਾਂਵਾਂ ਦੀ ਯਾਤਰਾ ਕੀਤੀ ਤੇ ਆਖਰ ਗੁਦਾਵਰੀ ਨਦੀ ਦੇ ਕਿਨਾਰੇ, ਇਕ ਇਕਾਂਤ ਸਥਾਨ 'ਤੇ ਨਾਂਦੇੜ ਵਿਖੇ ਆਪਣਾ ਪੱਕਾ ਟਿਕਾਣਾ ਬਣਾ ਲਿਆ।

ਅਸੀਂ ਜਦੋਂ ਸਿੱਖ ਧਰਮ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਇਤਿਹਾਸ ਕੁਰਬਾਨੀਆਂ ਤੇ ਸ਼ਹਾਦਤਾਂ ਨਾਲ ਭਰਿਆ ਹੋਇਆ, ਸਾਡੀਆਂ ਅੱਖਾਂ ਸਾਹਮਣੇ ਆਉਂਦਾ ਹੈ। ਇਹ ਇਤਿਹਾਸ ਦੀ ਬੜੀ ਇਕ ਲੰਬੀ ਗਾਥਾ ਹੈ। ਸਿੱਖ ਗੁਰੂਆਂ ਦੇ ਬਚਨਾਂ 'ਤੇ ਪਹਿਰਾ ਦੇਣ ਵਾਲੇ ਸਿੱਖਾਂ 'ਚ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਸਿਰਮੌਰ ਰੂਪ 'ਚ, ਸਾਡੇ ਸਾਹਮਣੇ ਆਉਂਦਾ ਹੈ। ਉਹ ਗੁਰਬਾਣੀ 'ਚ ਕਬੀਰ ਸਾਹਿਬ ਦੇ ਪਵਿੱਤਰ ਮਹਾਂਵਾਕ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ। ਪੁਰਜ਼ਾ ਪੁਰਜ਼ਾ ਕਟਿ ਮਰੇ ਕਬਹੁ ਨਾ ਛਾਡੇ ਖੇਤੁ।।' ਵਿਚਲੀ ਯੋਧੇ ਦੀ ਪਰਿਭਾਸ਼ਾ 'ਤੇ ਖਰੇ ਉਤਰੇ। ਜਾਲਮਾਂ ਨੇ ਉਹਨਾਂ ਦਾ ਬੰਦ-ਬੰਦ ਕੱਟ ਕੇ ਤੇ ਉਹਨਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ। ਇਸੇ ਲਈ ਹੀ ਸਿੱਖ ਇਤਿਹਾਸ 'ਚ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਨਾਂ ਇਕ ਮਹਾਨ ਯੋਧੇ ਅਤੇ ਜਰਨੈਲ ਦੇ ਰੂਪ 'ਚ ਜਾਣਿਆ ਜਾਂਦਾ ਹੈ। ਉਹਨਾਂ ਦੇ ਆਉਣ ਨਾਲ ਹੀ ਪੰਜਾਬ ਦੇ ਲੋਕਾਂ ਨੂੰ ਸੁੱਖ ਅਤੇ ਸ਼ਾਂਤੀ ਦਾ ਜੀਵਨ ਪ੍ਰਾਪਤ ਹੋਇਆ। ਉਹਨਾਂ ਦੇ ਸਿੰਘ ਸਜਣ ਤੋਂ ਪਹਿਲਾਂ ਦਾ ਜੀਵਨ ਸਾਡੇ ਸਾਹਮਣੇ ਇਕ ਵੈਰਾਗੀ ਸਾਧੂ ਦੇ ਰੂਪ 'ਚ ਆਉਂਦਾ ਹੈ। ਉਹਨਾਂ ਦਾ ਆਰੰਭਕ ਜੀਵਨ ਇਕ ਆਮ ਸਧਾਰਨ ਵਿਅਕਤੀ ਵਰਗਾ ਹੀ ਸੀ ਪਰ ਉਹ ਸਿੰਘ ਸਜਣ ਬਾਅਦ ਆਪਣੀ ਜ਼ਿੰਦਗੀ ਦੀ ਹਰ ਕਸੌਟੀ ਤੇ ਖਰੇ ਉਤਰੇ। ਉਹਨਾਂ ਦੀ ਪਹਿਲੀ ਮੁਲਾਕਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਤੀ 3 ਸਤੰਬਰ 1708 ਨੂੰ ਨੰਦੇੜ ਵਿਖੇ ਹੋਈ। ਇਸ ਤੋਂ ਬਾਅਦ ਉਹ ਅੰਮ੍ਰਿਤ ਛੱਕ ਕੇ ਮਾਧੋ ਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣ ਗਏ। ਅੰਮ੍ਰਿਤ ਛਕਣ ਬਾਅਦ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੱਕੇ ਸਿੱਖ ਬਣ ਗਏ। ਗੁਰੂ ਸਾਹਿਬ ਜੀ ਤੋਂ ਉਨ੍ਹਾਂ ਨੇ ਮੁਗਲ ਹਕੂਮਤ ਦੇ ਜ਼ੁਲਮਾਂ ਦੀ ਸਾਰੀ ਕਹਾਣੀ ਸੁਣੀ ਕਿ ਕਿਵੇਂ ਜਹਾਂਗੀਰ ਦੇ ਹੁਕਮਾਂ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਤੇ ਇਵੇਂ ਹੀ ਔਰੰਗਜ਼ੇਬ ਦੇ ਹੁਕਮਾਂ ਨਾਲ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਨੂੰ ਕਿਵੇਂ ਤਸੀਹੇ ਦੇ ਕੇ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ। ਇਹ ਸਾਰੀ ਦਾਸਤਾਨ ਸੁਣ ਕੇ, ਬਾਬਾ ਬੰਦਾ ਸਿੰਘ ਜੀ ਦੇ ਲੂੰ-ਕੰਡੇ ਖੜ੍ਹੇ ਹੋ ਗਏ ਤੇ ਉਹ ਤੁਰੰਤ ਇਸ ਦਾ ਬਦਲਾ ਲੈਣ ਲਈ ਤਿਆਰ ਹੋ ਗਏ ਤੇ ਉਨ੍ਹਾਂ ਨੇ ਗੁਰੂ ਸਾਹਿਬ ਤੋਂ ਇਸ ਦੀ ਆਗਿਆ ਮੰਗੀ ਕਿ ਉਹਨਾਂ ਨੂੰ ਪੰਜਾਬ ਜਾਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਉਹ ਜ਼ਾਲਮ ਹਕੂਮਤ ਦੇ ਰਾਜ-ਪਾਠ ਨੂੰ ਢਹਿ-ਢੇਰੀ ਕਰ ਸਕਣ ਤੇ ਪੰਥ ਦੇ ਦੁਸ਼ਮਣਾਂ ਨੂੰ ਉਹਨਾਂ ਦੇ ਕੁਕਰਮਾਂ ਦੀ ਢੁਕਵੀਂ ਸਜ਼ਾ ਦੇ ਸਕਣ।



ਬਾਬਾ ਬੰਦਾ ਸਿੰਘ ਬਹਾਦਰ ਦੀ ਬੇਨਤੀ ਮੰਨਦਿਆਂ, ਪੰਜਾਬ ਨੂੰ ਭੇਜਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਾਸ ਬੁਲਾਇਆ, ਫਤਿਹ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਤੇ ਬਹਾਦਰੀ ਦਾ ਥਾਪੜਾ ਵੀ ਦਿੱਤਾ। ਇਸ ਦੇ ਨਾਲ ਹੀ ਪੰਜ ਤੀਰ ਆਪਣੇ ਭੱਥੇ 'ਚੋਂ ਬਖ਼ਸ਼ੇ ਤੇ ਬੰਦੇ ਬਹਾਦਰ ਦੀ ਸਹਾਇਤਾ ਲਈ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਪੰਜ ਪਿਆਰੇ ਥਾਪੇ ਅਤੇ ਵੀਹ ਕੁ ਹੋਰ ਸੂਰਬੀਰ ਸਿੰਘ ਨਾਲ ਤੋਰ ਦਿੱਤੇ। ਪੰਜਾਬ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਜਥੇਬੰਦ ਕਰਕੇ ਮੁਗਲ ਹਕੂਮਤ ਵਿਰੁੱਧ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਖ਼ਾਲਸੇ ਦੀ ਜਥੇਬੰਦਕ ਸ਼ਕਤੀ ਨੂੰ ਨਾਲ ਲੈ ਕੇ ਅੱਗੇ ਵਧਿਆ ਤਾਂ ਮੁਗਲ ਹਕੂਮਤ ਦੇ ਕਹਿੰਦੇ-ਕਹਾਉਂਦੇ ਥੰਮ੍ਹ ਹਿੱਲ ਗਏ। ਲੜਾਈ ਦੇ ਮੈਦਾਨ 'ਚ ਮੁਗਲ ਫੌਜਾਂ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਅੱਤਿਆਚਾਰ ਤੇ ਜ਼ੁਲਮ ਨੂੰ ਨੇਸਤੋਨਬੂਤ ਕਰਨ ਲਈ, ਬਾਬਾ ਬੰਦਾ ਸਿੰਘ ਬਹਾਦਰ ਦੀ ਯੋਗ ਅਗਵਾਈ 'ਚ ਸਿੰਘਾਂ ਨੇ ਅਜਿਹੀ ਸੰਗਠਿਤ ਸ਼ਕਤੀ ਦਿਖਾਈ, ਜਿਸ ਦੀ ਮਿਸਾਲ ਇਤਿਹਾਸ 'ਚ ਕਿਤੇ ਮਿਲਣੀ ਮੁਸ਼ਕਿਲ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਜਿੱਥੇ ਵੀ ਹਮਲਾ ਕਰਦੇ ਵੈਰੀਆਂ ਦੇ ਛੱਕੇ ਛੁਡਾ ਦਿੰਦੇ ਤੇ ਜਿੱਤ ਪ੍ਰਾਪਤ ਕਰਦੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੀ ਖ਼ਾਲਸਾਈ ਫੌਜਾਂ ਨੇ ਸਰਹਿੰਦ ਸ਼ਹਿਰ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਇੱਟ ਨਾਲ ਇੱਟ ਖੜਕਾ ਕੇ ਫਤਿਹ ਪ੍ਰਾਪਤ ਕੀਤੀ।

ਸਿੱਖ ਇਤਿਹਾਸ 'ਚ ਪਹਿਲੀ ਵਾਰ ਸਿੱਖ ਰਾਜ ਦਾ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ, ਖਾਲਸਾ ਰਾਜ ਕਾਇਮ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾਂ ਸਰਹਿੰਦ ਨੂੰ ਰਾਜਧਾਨੀ ਬਣਾਉਣ ਦੀ ਵਿਚਾਰ ਕੀਤੀ ਪਰ ਇਹ ਸ਼ਾਹਰਾਹ 'ਤੇ ਹੋਣ ਕਰਕੇ, ਬਾਦਸ਼ਾਹੀ ਫੌਜਾਂ ਦੀ ਮਾਰ ਹੇਠ ਸੀ। ਇਸ ਲਈ ਇਸਦੀ ਥਾਂ ਮੁਖ਼ਲਿਸਗੜ੍ਹ ਕਿਲ੍ਹੇ ਦੀ ਮੁਰੰਮਤ ਕਰਕੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣਾ ਖ਼ਜ਼ਾਨਾ, ਮਾਲ-ਅਸਬਾਬ, ਜੰਗੀ ਸਮਾਨ ਤੇ ਜਿੱਤੇ ਹੋਏ ਇਲਾਕਿਆਂ ਤੇ ਉਗਰਾਹੇ ਮਾਮਲੇ ਸਭ ਇੱਥੇ ਇਕੱਠੇ ਕੀਤੇ। ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਮਗਤੀ ਤੇ ਬਹਾਦਰੀ ਦੀ ਕਹਾਣੀ ਪੰਜਾਬ ਦੇ ਇਤਿਹਾਸ 'ਚ ਇਕ ਖਾਸ ਮੁਕਾਮ ਰੱਖਦੀ ਹੈ।

ਸਰਹਿੰਦ ਦੀ ਜਿੱਤ 'ਚ ਉਥੇ ਦਾ ਸੂਬੇਦਾਰ ਵਜ਼ੀਰ ਖਾਂ, ਉਸਦਾ ਛੋਟਾ ਪੁੱਤਰ ਤੇ ਉਸ ਦਾ ਜਵਾਈ ਮਾਰੇ ਗਏ ਤੇ ਇਸ ਤੋਂ ਤੁਰੰਤ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਜਿੱਤਾਂ ਦਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਲਾਹੌਰ ਤੋਂ ਜਮਨਾ ਪਾਰ ਸਹਾਰਨਪੁਰ ਤੱਕ ਆਪਣਾ ਰਾਜ ਸਥਾਪਤ ਕਰ ਲਿਆ।



ਬਾਬਾ ਬੰਦਾ ਸਿੰਘ ਬਹਾਦਰ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਇਕ ਚੰਗਾ ਪ੍ਰਸ਼ਾਸਕ ਵੀ ਸੀ। ਉਸ ਨੇ ਲੋਕ ਭਲਾਈ ਦੇ ਕੰਮ ਵੀ ਕੀਤੇ।

ਉਸ ਨੇ ਗਰੀਬ ਤੇ ਚਿਰਾਂ ਤੋਂ ਲਤਾੜੇ ਹੋਏ ਆਦਮੀਆਂ ਨੂੰ ਆਪਣੇ ਰਾਜ 'ਚ ਉੱਚ ਅਹੁਦਿਆਂ ਤੇ ਨਿਯੁਕਤ ਵੀ ਕੀਤਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਐਲਾਨਨਾਮੇ "ਇਨ ਗਰੀਬ ਸਿੱਖਨ ਕੋ ਦੋਊਂ ਪਾਤਸ਼ਾਹੀ, ਯਾਦ ਕਰੇ ਯੇਹ ਹਮਾਰੀ ਗੁਰਿਆਈ" ਨੂੰ ਅਮਲੀ ਜਾਮਾ ਵੀ ਪਹਿਨਾਇਆ। ਸਭ ਤੋਂ ਵੱਡਾ ਕਾਰਜ ਉਸ ਨੇ ਇਹ ਕੀਤਾ ਕਿ ਜ਼ਿਮੀਂਦਾਰਾ ਪ੍ਰਬੰਧ ਨੂੰ ਸੁਧਾਰ ਕੇ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੂੰ ਦੇਖਦਿਆਂ ਮੁਗਲ ਸਮਰਾਟ ਬਹਾਦਰਸ਼ਾਹ ਆਪ ਇਕ ਵੱਡੀ ਫੌਜ ਲੈ ਕੇ ਪੰਜਾਬ ਪਹੁੰਚ ਗਿਆ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ, ਸਿੱਖ ਫੌਜਾਂ ਨੂੰ ਪਿੱਛੇ ਹਟਣਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਦਾ ਕਿਲ੍ਹਾ ਛੱਡ ਕੇ ਪਹਾੜਾਂ 'ਚ ਚਲਾ ਗਿਆ। ਇਸੇ ਦੌਰਾਨ ਉਸ ਨੇ ਚੰਬੇ ਦੇ ਰਾਜੇ ਦੀ ਧੀ ਨਾਲ ਵਿਆਹ ਕਰਵਾ ਲਿਆ ਤੇ ਦੂਸਰਾ ਵਿਆਹ ਵਜ਼ੀਰਾਬਾਦ ਦੇ ਖੱਤਰੀ ਸ਼ਿਵ ਰਾਮ ਦੀ ਧੀ ਨਾਲ ਕਰਵਾਇਆ।

ਮੁਗਲ ਸਮਰਾਟ ਬਹਾਦਰ ਸ਼ਾਹ ਦੀ 18 ਫਰਵਰੀ 1712 ਈਸਵੀ ਨੂੰ ਲਾਹੌਰ ਵਿਖੇ ਮੌਤ ਹੋ ਗਈ। ਮੌਕੇ ਦਾ ਫਾਇਦਾ ਉਠਾਉਂਦਿਆਂ ਆਪਣੀ ਸ਼ਕਤੀ ਨੂੰ ਸੰਗਠਿਤ ਕੀਤਾ, ਮੁੜ ਕਈ ਇਲਾਕਿਆਂ ਜਿਵੇਂ 1715 'ਚ ਕਲਾਨੌਰ ਤੇ ਬਟਾਲੇ 'ਤੇ ਕਬਜ਼ਾ ਕਰ ਲਿਆ।

ਅੰਤ 'ਚ ਬਾਬਾ ਬੰਦ ਸਿੰਘ ਬਹਾਦਰ ਆਪਣੇ ਸੈਨਿਕਾਂ ਸਮੇਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ 'ਚ ਮੁਗਲ ਫੌਜਾਂ ਦੇ ਘੇਰੇ 'ਚ ਆ ਗਿਆ। ਇਹ ਘੇਰਾ ਕਈ ਮਹੀਨਿਆਂ ਤੱਕ ਜਾਰੀ ਰਿਹਾ। ਸਿੰਘਾਂ ਪਾਸ ਰਾਸ਼ਨ ਮੁੱਕ ਗਿਆ ਤੇ ਉਹਨਾਂ ਨੂੰ ਕਾਫੀ ਸਮਾਂ ਫਾਕੇ ਕੱਟਣੇ ਪਏ।

ਦਸੰਬਰ 7, 1715 ਨੂੰ ਮੁਗਲ ਫੌਜਾਂ ਨੇ ਗੜ੍ਹੀ 'ਤੇ ਕਬਜ਼ਾ ਕਰ ਲਿਆ। ਸ਼ਾਹੀ ਫੌਜਾਂ ਦੀ ਜਿੱਤ ਤੇ ਟਿੱਪਣੀ ਕਰਦਿਆਂ, ਹਾਜੀ ਕਾਮਵਾਰ ਖਾਂ ਆਪਣੀ ਪੁਸਤਕ 'ਤਜ਼ਕਿਰਾਤੂ-ਸਲਾਤੀਨ ਚੁਗਤਾਈਆ, ਵਿਚ ਲਿਖਦਾ ਹੈ "ਇਹ ਕਿਸੇ ਦੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਸੀ, ਬਲਕਿ ਰੱਬ ਦੀ ਮਿਹਰਬਾਨੀ ਸੀ। ਕਾਫ਼ਰ ਸਿੱਖ (ਬਾਬਾ ਬੰਦਾ ਸਿੰਘ ਬਹਾਦਰ) ਅਤੇ ਉਸ ਦੇ ਸਾਥੀ ਭੁੱਖ ਦੇ ਅਧੀਨ ਹੋਣ ਲਈ ਮਜਬੂਰ ਕਰ ਦਿੱਤੇ ਸਨ।"

ਬਾਬਾ ਬੰਦਾ ਸਿੰਘ ਬਹਾਦਰ ਤੇ ਲੱਗਭੱਗ 800 ਸਿੱਖਾਂ ਨੂੰ ਕੈਦੀ ਬਣਾ ਲਿਆ ਗਿਆ। ਪਹਿਲਾਂ ਉਹਨਾਂ ਨੂੰ ਲਾਹੌਰ ਲਿਆਂਦਾ ਗਿਆ ਤੇ ਫਿਰ ਇਕ ਜਲੂਸ ਦੀ ਸ਼ਕਲ 'ਚ ਦਿਲੀ ਲਿਆਂਦਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਦਾਸਤਾਨ ਵੀ ਬੜੀ ਵਿਲੱਖਣ ਹੈ। ਗ੍ਰਿਫਤਾਰੀ ਮਗਰੋਂ ਉਨ੍ਹਾਂ ਨੂੰ ਮੁਗਲ ਹਕੂਮਤ ਨੇ ਬਹੁਤ ਤਸੀਹੇ ਦਿੱਤੇ।ਇਹਨਾਂ ਤਸੀਹਿਆਂ ਦੇ ਦੌਰਾਨ ਉਹਨਾਂ ਨੇ ਅਡੋਲਤਾ ਦਾ ਅਜਿਹਾ ਪ੍ਰਗਟਾਵਾ ਕੀਤਾ ਜਿਹੜਾ ਕਿ ਇਕ ਮਹਾਨ ਯੋਧਾ ਤੇ ਗੁਰੂ ਦਾ ਪੱਕਾ ਸਿੱਖ ਹੀ ਕਰ ਸਕਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਮਾਸੂਮ ਪੁੱਤਰ ਭਾਈ ਅਜੇ ਸਿੰਘ ਨੂੰ ਉਨ੍ਹਾਂ ਦੀ ਗੋਦ 'ਚ ਬਿਠਾ ਕੇ ਕਿਹਾ ਗਿਆ ਕਿ ਉਹ ਆਪਣੇ ਬੱਚੇ ਦਾ ਆਪਣੇ ਹੱਥੀਂ ਆਪ ਕਤਲ ਕਰਨ, ਬਾਬਾ ਬੰਦਾ ਸਿੰਘ ਬਹਾਦਰ ਦੇ ਇਨਕਾਰ ਕਰਨ ਉਪਰੰਤ ਜਲਾਦ ਨੇ ਅਜੇ ਸਿੰਘ ਦੇ ਟੁਕੜੇ-ਟੁਕੜੇ ਕਰਕੇ ਉਸ ਦਾ ਤੜਫਦਾ ਹੋਇਆ ਕਲੇਜਾ ਕੱਢਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ 'ਚ ਤੁੰਨ ਦਿੱਤਾ। ਇਸ ਤੋਂ ਵੱਡਾ ਜ਼ੁਲਮ ਹੋਰ ਕੀ ਹੋ ਸਕਦਾ ਹੈ? ਇਸ ਜ਼ੁਲਮ ਨੂੰ ਦੇਖ ਕੇ ਵੀ ਬਾਬਾ ਬੰਦਾ ਸਿੰਘ ਬਹਾਦਰ ਅਡੋਲ ਰਹੇ।

ਇਸ ਤਰ੍ਹਾਂ ਕਤਲਾਂ ਦਾ ਇਹ ਸਿਲਸਿਲਾ 5 ਮਾਰਚ, 1715 ਨੂੰ ਸ਼ੁਰੂ ਹੋਇਆ, ਹਰ ਰੋਜ਼ 100 ਸਿੱਖ ਕਤਲ ਕੀਤੇ ਜਾਂਦੇ ਤੇ ਇਹ ਸਿਲਸਿਲਾ ਕੋਈ ਸੱਤ ਦਿਨ ਤੱਕ ਚਲਦਾ ਰਿਹਾ। ਇਹਨਾਂ ਕਤਲਾਂ ਤੋਂ ਬਾਅਦ ਕੋਈ ਤਿੰਨ ਮਹੀਨੇ ਤੱਕ ਚੁੱਪ ਛਾਈ ਰਹੀ।

9 ਜੂਨ, 1716 ਈਸਵੀ ਨੂੰ ਬੰਦਾ ਬਹਾਦਰ ਅਤੇ ਉਸਦੇ ਸਾਥੀਆਂ ਨੂੰ ਇਕ ਜਲੂਸ ਦੀ ਸ਼ਕਲ 'ਚ ਕੁਤਬ-ਮੀਨਾਰ ਦੇ ਨੇੜੇ ਖੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਰੋਜ਼ੇ ਪਾਸੇ ਪਹੁੰਚਾਇਆ ਗਿਆ। ਜਲਾਦ ਨੇ ਸਭ ਤੋਂ ਪਹਿਲਾਂ ਉਨ੍ਹਾਂ ਦੀਆਂ ਅੱਖਾਂ ਕੱਢੀਆਂ।

ਫਿਰ ਹੱਥ-ਪੈਰ ਵੱਢ ਦਿੱਤੇ। ਇਸ ਤੋਂ ਉਪਰੰਤ ਭੱਖਦੇ ਗਰਮ ਲੋਹੇ ਦੇ ਚਿਮਟਿਆਂ ਨਾਲ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ ਕੇ ਤੋੜੀਆਂ ਗਈਆਂ। ਅੰਤ 'ਚ ਇਨ੍ਹਾਂ ਦਾ ਬੰਦ-ਬੰਦ ਕੱਟਿਆ ਗਿਆ ਤੇ ਸਿਰ ਧੜ ਤੋਂ ਅਲੱਗ ਕਰਕੇ ਮਿਤੀ 9 ਜੂਨ, 1716 ਨੂੰ ਸ਼ਹੀਦ ਕਰ ਦਿੱਤਾ ਗਿਆ।

ਇਨ੍ਹਾਂ ਸਾਰੇ ਤਸੀਹਿਆਂ ਨੂੰ ਸਹਾਰਦਿਆਂ ਹੋਇਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਪ੍ਰਮਾਤਮਾ ਦੇ ਭਾਣੇ ਨੂੰ ਸ਼ਾਂਤ ਚਿੱਤ ਹੋ ਕੇ ਮੰਨਿਆ। ਇਸ ਤਰ੍ਹਾਂ ਦੀ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਨੂੰ ਇਤਿਹਾਸ ਕਦੀ ਵੀ ਨਹੀਂ ਭੁਲਾ ਸਕਦਾ, ਜਿਹੜੀ ਕਿ ਸਮੁੱਚੀ ਮਾਨਵਤਾ ਲਈ ਬੜੀ ਪ੍ਰੇਰਨਾ ਸਰੋਤ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸਮੁੱਚੀ ਸ਼ਖਸੀਅਤ ਸਾਡੇ ਸਾਹਮਣੇ ਇਕ ਮਹਾਨ ਯੋਧੇ ਤੇ ਇਕ ਸੱਚੇ-ਸੁੱਚੇ ਗੁਰੂ ਦੇ ਸਿੱਖ ਦੇ ਰੂਪ 'ਚ, ਸਾਡੇ ਸਾਹਮਣੇ ਆਉਂਦੀ ਹੈ ਤੇ ਜਿਹੜੀ ਮਾਨਵਤਾ ਨੂੰ ਜ਼ੁਲਮ, ਅੱਤਿਆਚਾਰ ਤੇ ਹਰ ਪ੍ਰਕਾਰ ਦੇ ਅਨਿਆਇ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦੀ ਹੈ। ਉਹਨਾਂ ਨੇ ਆਪਣੀ ਸ਼ਹਾਦਤ ਦੇ ਕੇ ਇਹ ਤੱਥ ਸਾਬਤ ਕਰ ਦਿੱਤਾ ਕਿ ਖਾਲਸਾ ਸਿਰਫ਼ ਆਪਣੀ ਰੱਖਿਆ ਲਈ ਹੀ ਨਹੀਂ ਲੜਦਾ, ਸਗੋਂ ਜਰਵਾਣਿਆਂ ਨਾਲ ਉਨ੍ਹਾਂ ਦੇ ਘਰ ਜਾ ਕੇ ਵੀ, ਉਨ੍ਹਾਂ ਨੂੰ ਸੋਧਣ ਤੇ ਸਿੱਧੇ ਰਸਤੇ ਤੇ ਪਾਉਣ ਦੀ ਸਮਰੱਥਾ ਵੀ ਰੱਖਦਾ ਹੈ।

ਆਓ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ 299ਵੇਂ ਪਾਵਨ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਤੋਂ ਆਪਣੇ ਜੀਵਨ 'ਚ ਸੇਧ ਲੈ ਕੇ, ਗੁਰਮਤਿ ਸਿਧਾਂਤਾਂ ਦੇ ਧਾਰਨੀ ਬਣ ਕੇ, ਵਧੀਆ ਜੀਵਨ ਯੁਕਤੀ ਦੀ ਜਾਂਚ ਅਪਣਾ ਕੇ, ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਲਈ ਸੰਘਰਸ਼ ਦੇ ਰਾਹ ਤੇ ਚੱਲ ਕੇ ਤੇ ਸਰਬੱਤ ਦੇ ਭਲੇ ਲਈ ਕੰਮ ਕਰੀਏ ਤਾਂ ਹੀ ਸਾਡਾ ਸਮਾਜ ਇਕ ਨਰੋਆ ਸਮਾਜ ਬਣ ਸਕਦਾ ਹੈ।

# ਪੁਸਤਕ ਸਮੀਖਿਆ



ਪ੍ਰੀਤਮ ਲੁਧਿਆਣਵੀ
9876428641

**ਪੁਸਤਕ ਦਾ ਨਾਂ - "ਤੀਰ ਨਿਸ਼ਾਨੇ 'ਤੇ''**
**ਕਾਵਿ-ਸੰਗ੍ਰਹਿ**
**ਲੇਖਕ- ਵਰਿਆਮ ਬਟਾਲਵੀ ਅਤੇ ਰਾਜ ਕੁਮਾਰ ਸਾਹੋਵਾਲੀਆ**
**ਪੰਨੇ-127,**
**ਮੁੱਲ-130 ਰੁਪਏ**
**ਪੇਸ਼ਕਸ਼- ਰਾਣਾ ਹੈਡੀਕਰਾਫਟਸ ਇੰਟਰਨੈਸ਼ਨਲ ਮੁਹਾਲੀ (ਰਜਿ:)**

ਹੱਥਲਾ ਕਾਵਿ-ਸੰਗ੍ਰਹਿ, "ਤੀਰ ਨਿਸ਼ਾਨੇ 'ਤੇ'' ਵਰਿਆਮ ਬਟਾਲਵੀ ਅਤੇ ਰਾਜ ਕੁਮਾਰ ਸਾਹੋਵਾਲੀਆ ਦਾ ਸਾਂਝਾ ਉਪਰਾਲਾ ਹੈ, ਜਿਸ ਵਿਚ 100 ਤੋਂ ਵੱਧ ਗੀਤ-ਕਵਿਤਾਵਾਂ ਸ਼ਾਮਲ ਹਨ। ਪੁਸਤਕ ਦਾ ਟਾਈਟਲ ਉਸਾਰੂ ਅਤੇ ਲੋਕ- ਹਿੱਤੂ ਸਾਹਿਤ ਨੂੰ ਪਾਠਕਾਂ ਅਤੇ ਪੰਜਾਬੀ ਮਾਂ-ਬੋਲੀ ਦੇ ਪਿਆਰਿਆਂ ਤੱਕ ਪਹੁੰਚਾਉਣ ਦਾ ਆਪਣੇ ਆਪ ਵਿਚ ਮੂੰਹ ਬੋਲਦੀ ਗਵਾਹੀ ਭਰਦਾ ਦਿਲਕਸ਼ ਟਾਈਟਲ ਹੈ। ਪੁਸਤਕ ਦੇ ਪਿਛਲੇ ਪਾਸੇ "ਜਾਗੋ'' ਅਤੇ "ਤ੍ਰਿੰਝਣ'' ਦੇ ਨਾਲ-ਨਾਲ ਕੁਦਰਤੀ ਨਜਾਰਿਆਂ ਦੇ ਦ੍ਰਿਸ਼ ਹਨ।

ਟਾਈਟਲ ਦੇ ਅੰਦਰਲੇ ਫੋਲਡਰ ਉਤੇ ਪ੍ਰਸਿੱਧ ਸ਼ਾਇਰ ਤੇ ਉੱਘੇ ਸ਼ਿਲਪਕਾਰ ਬਲਵੰਤ ਸਿੰਘ ਮੁਸਾਫਿਰ ਦੀਆਂ ਕਲਾ-ਕਿਰਤਾਂ ਦੇ ਨਮੂਨੇ ਹਨ। ਪੰਜਾਬੀ ਸਭਿਆਚਾਰ ਦੀ ਹਾਮੀ ਭਰਦੇ ਮਨਮੋਹਕ ਅਤੇ ਖਿੱਚ-ਭਰਪੂਰ ਇਹ ਚਿੱਤਰ ਪੁਸਤਕ ਦੀ ਦਿੱਖ ਨੂੰ ਹੋਰ ਵੀ ਚਾਰ ਚੰਨ ਲਾ ਰਹੇ ਹਨ।

ਬਟਾਲਵੀ ਅਤੇ ਸਾਹੋਵਾਲੀਆ ਜੀ ਦੇ ਕਲਮੀ-ਮਿਆਰ ਨੂੰ ਦਰਸਾਉਣ ਲਈ ਅਲੰਕਾਰਾਂ ਅਤੇ ਵਿਸ਼ਲੇਸ਼ਣਾਂ ਤੇ ਬਹੁਤਾ ਜੋਰ ਦੇਣ ਦੀ ਲੋੜ ਨਹੀ। ਪੰਜਾਬੀ ਸਾਹਿਤ-ਜਗਤ ਵਿਚ ਕਲਮ ਨਾਲ ਮੋਹ ਪਾਲਣ ਵਾਲਾ, ਖਾਸ ਕਰ ਚੰਡੀਗੜ੍ਹ-ਮੁਹਾਲੀ, ਖਰੜ-ਕੁਰਾਲੀ ਅਤੇ ਇਨ੍ਹਾਂ ਦੇ ਜਨਮ-ਭੂਮੀ ਜਿਲ੍ਹਾ ਗੁਰਦਾਸਪੁਰ ਏਰੀਏ ਦਾ ਹਰ ਸਖਸ਼ ਇਨ੍ਹਾਂ ਦੋਵਾਂ ਕਲਮੀ-ਹਸਤੀਆਂ ਦੇ ਕਲਮੀ-ਮਿਆਰ ਤੋਂ ਭਲੀ-ਭਾਂਤ ਜਾਣੂ ਹੈ।

ਪਾਠਕ, ਪੁਸਤਕ ਦੇ ਅੰਦਰ ਵੜਕੇ ਜਿਉਂ-ਜਿਉਂ ਇਸ ਦੀਆਂ ਪਰਤਾਂ ਫਰੋਲਦਾ ਅੱਗੇ ਵਲ ਵਧਦਾ ਹੈ ਤਿਉਂ-ਤਿਉਂ ਇਨ੍ਹਾਂ ਦੋਵਾਂ ਕਲਮਾਂ ਦੀ ਸਮਾਜ, ਕੌਮ, ਦੇਸ਼, ਸਾਹਿਤ ਅਤੇ ਸੱਭਿਆਚਾਰ ਪ੍ਰਤੀ ਲਗਨ, ਦ੍ਰਿੜਤਾ ਅਤੇ ਵਚਨ-ਬੱਧਤਾ ਦੀ ਉੱਤਮ ਮਿਸਾਲ ਪੜ੍ਹਨ-ਵੇਖਣ ਨੂੰ ਮਿਲਦੀ ਜਾਂਦੀ ਹੈ। ਪੁਸਤਕ ਵਿਚ ਲਗਭਗ ਹਰ ਵਿਸ਼ੇ ਨੂੰ ਛੋਹਿਆ ਗਿਆ ਹੈ। ਧਾਰਮਿਕ ਬਿਰਤੀ ਅਤੇ ਸਮਾਜਿਕ ਸਰੋਕਾਰਾਂ ਦਾ ਕਾਵਿਕ ਖੁਲਾਸਾ ਤਾਂ ਬਾ-ਕਮਾਲ ਹੀ ਪੇਸ਼ ਕੀਤਾ ਗਿਆ ਹੈ।

ਪੁਸਤਕ ਦੇ 1 ਤੋਂ 53 ਪੰਨੇ ਤੱਕ ਬਟਾਲਵੀ ਜੀ ਦੀਆਂ ਰਚਨਾਵਾਂ ਹਨ। ਇਨ੍ਹਾਂ ਵਿਚੋਂ ਮੁਢਲੀ ਕਵਿਤਾ ਵਿੱਚ ਹੀ ਸ਼ਾਇਰ ਨੇ ਮਨੁੱਖ ਨੂੰ ਆਪਣੇ ਕੀਤੇ ਕੰਮਾਂ ਤੇ ਝਾਤੀ ਮਾਰਨ ਲਈ ਹਲੂਣਿਆ ਹੈ। "ਸਗਲ ਪਸਾਰਾ'', "ਫਰਜ'', "ਸੁਚੇਰਾ ਪੰਧ'' ਤੇ "ਚੇਤਾਵਨੀ'' ਕਵਿਤਾ ਮਨੁੱਖ ਨੂੰ ਮਨੁੱਖੀ ਜਾਮੇ ਵਿੱਚ ਆ ਕੇ ਕੀ ਕਰਨਾ ਚਾਹੀਦਾ ਹੈ, ਬਾਰੇ ਸੁਚੇਤ ਕਰਦੀਆਂ ਹਨ। ਬਟਾਲਵੀ ਨੇ ਆਪਣੀ ਰਚਨਾ ''ਜੀਵਨ ਸੇਧ'' ਵਿਚ ਨੌਜਵਾਨ ਵਰਗ ਨੂੰ ਮਾਪਿਆਂ ਦੀ ਸੇਵਾ ਕਰਨ ਅਤੇ ਜਾਤ-ਪਾਤ ਤੋਂ ਉਪਰ ਉਠ ਕੇ ਮਨੁੱਖਤਾ ਦੀ ਸੇਵਾ ਕਰਨ ਦੀ ਬੜੇ ਵਧੀਆ ਢੰਗ ਨਾਲ ਮੱਤ ਦਿੱਤੀ ਹੈ।

ਰਾਜ ਕੁਮਾਰ ਸਾਹੋਵਾਲੀਆ ਦੀਆਂ ਰਚਨਾਵਾਂ (54 ਤੋਂ 120) ਵਿਚ "ਨੋਕ ਝੋਕ'', "ਨੂੰਹ-ਸੱਸ ਦੀ ਲੜਾਈ'', "ਖਰੀਆਂ-ਖਰੀਆਂ'', "ਜੀਜੇ ਤੋਂ ਫੁੱਫੜ'', "ਬਹੁ-ਰੰਗੇ ਲੋਕ'', "ਨਸੀਹਤ'', "ਗੁਰੂ ਗੰਰਥ ਸਾਹਿਬ ਦੀ ਵਿਲੱਖਣਤਾ'', "ਚੋਜੀ ਪ੍ਰੀਤਮ'', "ਸਿੰਘਾਂ ਦੀ ਬਹਾਦਰੀ'', "ਮਹਿਮਾ ਛੇਵੇਂ ਨਾਨਕ ਦੀ'' ਅਤੇ "ਮਹਿਮਾ ਸ੍ਰੀ ਗੁਰੂ ਰਵਿਦਾਸ ਜੀ'' ਆਦਿ ਮੱਲੋ-ਮੱਲੀ ਧਿਆਨ ਖਿੱਚਦੀਆਂ, ਉਤਮ ਦਰਜੇ ਦੀਆਂ ਰਚਨਾਵਾਂ ਹਨ। ਇਵੇਂ ਹੀ ਵਿਅੰਗਾਤਮਕ ਰਚਨਾਵਾਂ ਵਿਚ "ਚਾਹ ਤੇ ਲੱਸੀ ਦੀ ਲੜਾਈ, ''ਡਿੱਸ਼ ਬਣੂ ਗਜਰੇਲਾ'', "ਨਵੇਕਲਾ ਅੰਦਾਜ'', ''ਸੁਨੇਹਾ'' ਅਤੇ ''ਝੂੱਡੂ ਬੀਬਾ ਰਾਣਾ'' ਆਦਿ ਦਿਲ ਨੂੰ ਧੂਹ ਪਾਉਂਦੀਆਂ ਸੇਧਆਤਕ ਰਚਨਾਵਾਂ ਹਨ। ਪੇਸ਼ ਹਨ, ਮਿਸਾਲ-ਮਾਤਰ ਦੋਵਾਂ ਕਲਮਾਂ ਦੀ ਕਾਵਿ-ਟਰੇਅ ਚੋਂ ਕੁਝ ਇਕ ਟੁੱਕਾਂ:

"ਸੱਜਣ ਕੋਈ ਕਿਤੇ ਦਿਲਗੀਰ ਨਾ ਹੋ ਜਾਵੇ,
ਗਮ ਉਨ੍ਹਾਂ ਤੋਂ ਆਪਣੇ ਛੁਪਾਉਂਦਾ ਰਿਹਾ।''

"ਵਿਤਕਰਾ ਨਾ ਕਦੇ ਧੀ ਨਾਲ ਹੋਵੇ,
ਆਉ ਰਲ-ਮਿਲ ਬਣਤ ਬਣਾਈਏ।
"ਕਲਪਨਾ'', ''ਵਿਲੀਅਮ'' ਦੇ ਵਾਂਗਰ ਇਹਨੂੰ,
ਉੱਡਣ ਵਿਚ ਪੁਲਾੜ ਦੇ ਲਾਈਏ।''

"ਕਿਤੇ ਨੱਚਦੀ, ਕਿਤੇ ਟੱਪਦੀ,
ਕਿਤੇ ਨਵੇਂ ਪੁਆੜੇ ਪਾਵੇ ਬਈ,
ਮਿੱਟੀ ਦੀ ਢੇਰੀ,
ਕੀ ਕੀ ਰੰਗ ਵਿਖਾਵੇ ਬਈ।''

"ਕਈ ਵਾਰ ਕੰਮ ਆ ਜਾਂਦੇ ਨੇ, ਅਸਲੋਂ ਹੀ ਬੇਗਾਨੇ ਲੋਕ।
ਪਹਿਲਾਂ ਬਹਿ ਕੇ ਪੀਵਣ ਦਾਰੂ, ਜਾਂਦੇ ਨੇ ਫਿਰ ਥਾਣੇ ਲੋਕ।''

"ਯਾਰੋ ਵਿਗੜੀ ਗੱਲ ਬਣਾਉਣੀ, ਏਥੇ ਡਾਹਢੀ ਔਖੀ ਹੈ,
ਸੌਖਾ ਬਿਲਕੁਲ ਹੀ ਵਧਾਉਣਾ, ਝਗੜੇ ਦਾ ਤੇ ਲੱਸੀ ਦਾ।''

ਕੁੱਲ ਮਿਲਾਕੇ ਸਰਕਾਰੀ ਅਤੇ ਘਰੇਲੂ ਲਾਇਬਰੇਰੀਆਂ ਦਾ ਸ਼ਿੰਗਾਰ ਬਣਨ ਦਾ ਦਮ ਰੱਖਦੀ, ਇਹ ਇਕ ਜਾਨਦਾਰ ਤੇ ਸ਼ਾਨਦਾਰ ਪੁਸਤਕ ਹੋ ਨਿੱਬੜੀ ਹੈ।

# ਸਾਹਿਤ ਵਿਚ ਨਵੇਂ ਪੂਰਨੇ ਪਾ ਰਹੀ ਨਿਵੇਕਲੀ ਸਖਸ਼ੀਅਤ- ਸਰਵਨ ਸਿੰਘ ਸਹੋਤਾ

ਉਝ ਵਲਵਲੇ ਤਾਂ ਹਰੇਕ ਦਿਲ ਵਿੱਚ ਉਸਲਵੱਟੇ ਲੈਂਦੇ ਹਨ, ਪਰ ਕਵੀ-ਹਿਰਦੇ ਵਿਚੋਂ ਇਹ ਵਲਵਲੇ ਮੂੰਹ-ਜੋਰ ਹੋ ਕੇ ਅੱਖਰਾਂ ਦਾ ਜਾਮਾ ਪਹਿਨ ਕੇ ਮੱਲੋ-ਮੱਲੀ ਆਪ-ਮੁਹਾਰੇ ਪਠਾਕਾਂ ਦੇ ਮੂਹਰੇ ਆ ਟਪਕਦੇ ਹਨ। ਇਹਨਾਂ ਸਤਰਾਂ ਵਿਚ ਗੱਲ ਕਰਨ ਜਾ ਰਿਹਾ ਹਾਂ ਉਸ ਸਖਸ਼ ਦੀ, ਜਿਸ ਦੇ ਨਿਰਮਲ ਤੇ ਨਿਰਛਲ ਹਿਰਦੇ ਵਿਚੋਂ ਉੱਠੀ ਹੂਕ ਅੱਖਰਾਂ ਉਤੇ ਸੁਆਰ ਹੋ ਕੇ, ਕਾਗਜ ਦੀ ਹਿੱਕੜੀ ਉਤੇ ਮਟਕਣੀ ਤੋਰ ਤੁਰਦੀ ਨੇ ਸਾਹਿਤਕ ਖੇਤਰ ਵਿਚ ਕਮਾਲ-ਮਈ ਪੂਰਨੇ ਪਾ ਕੇ ਰੱਖ ਦਿੱਤੇ। ਮੇਰੀ ਮੁਰਾਦ ਹੈ, 10 ਅਪ੍ਰੈਲ, 1942 ਨੂੰ ਪੰਜਾਬ ਦੇ ਜਿਲਾ ਹੁਸ਼ਿਆਰਪੁਰ ਵਿਚ ਪੈਂਦੇ ਪਿੰਡ ਬਾੜੀਆਂ ਖੁਰਦ ਦੀ ਧਰਤ ਨੂੰ ਭਾਗ ਲਾਉਣ ਵਾਲੇ ਮਾਣ-ਮੱਤੇ ਵਿਦਵਾਨ-ਸ਼ਾਇਰ ਸਰਵਨ ਸਿੰਘ ਸਹੋਤਾ ਤੋਂ। ਸਹੋਤਾ, ਵਿ-ਗਆਨੀ ਦੇ ਪੇਸ਼ੇ ਨਾਲ ਜੁੜਿਆ ਹੋਇਆ ਭਾਵੇ ਇਕ ਵਧੀਆ ਅਧਿਕਾਰੀ ਰਿਹਾ ਹੈ, ਪਰ ਮੇਰੀ ਜਾਚੇ ਉਸ ਦੇ ਧੁਰ ਅੰਦਰਲਾ ਕਵੀ ਵੀ ਸਫਲ ਕਦਮੀਂ ਨਾਲੋ-ਨਾਲ ਆਪਣਾ ਸਫਰ ਨਿਰੰਤਰ ਤਹਿ ਕਰਦਾ ਆਇਆ ਹੈ। ਸਿੱਟੇ ਵਜੋਂ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਉਤੇ ਕਲਮ-ਅਜਮਾਈ ਕਰਦਿਆਂ ਉਹ 2002 ਤੋਂ 2015 ਤਕ, "ਕਿਨਾਰੇ-ਕਿਨਾਰੇ'' (ਨਾਵਲ), "ਮੰਜਿਲ'' (ਨਾਵਲ), "ਰਾਹੀ'' (ਕਹਾਣੀ-ਸੰਗ੍ਰਹਿ), "ਦਸ ਮਿਲਨ'' (ਕਾਵਿ-ਸੰਗ੍ਰਹਿ), "ਪ੍ਰਭਾਤ'' (ਕਹਾਣੀ-ਸੰਗ੍ਰਹਿ), "ਮੈਂ ਓ-ਹੀ ਹਾਂ'' (ਕਾਵਿ-ਸੰਗ੍ਰਹਿ), "ਇੰਤਹਾ ਪਿਆਰ ਦੀ'' (ਕਾਵਿ- ਸੰਗ੍ਰਹਿ), "ਬੇ-ਪਨਾਹ ਮੁਹੱਬਤ'' (ਕਾਵਿ-ਸੰਗ੍ਰਹਿ), "ਤੜਪਨ ਦਿਲਾਂ ਦੀ'' (ਕਾਵਿ-ਸੰਗ੍ਰਹਿ), ਅਤੇ "ਦਿਲਕਸ਼ ਚਾਹਤ'' (ਕਾਵਿ-ਸੰਗ੍ਰਹਿ), ਆਦਿ ਮਿਆਰੀ ਕਿਤਾਬਾਂ ਸਾਹਿਤ ਦੀ ਝੋਲੀ ਪਾ ਚੁੱਕਣ ਉਪਰੰਤ ਹੁਣ ਛੇਤੀ ਹੀ "ਖਿਆਲ ਅਵੱਲੇ'' ਪਾਠਕਾਂ ਦੇ ਹੱਥਾਂ ਤੱਕ ਅੱਪੜਦੀ ਕਰਕੇ ਦਰਜਨ ਦੀ ਗਿਣਤੀ ਦਾ ਮੋਰਚਾ ਫਤਹਿ ਕਰਨ ਜਾ ਰਿਹਾ ਹੈ।



ਜਿੰਦਗੀ ਨੂੰ ਖੁੱਲੀ ਕਿਤਾਬ ਦੀ ਤਰਾਂ ਜਿਊਣ ਵਾਲਾ ਇਹ ਸ਼ਾਇਰ ਜਿਥੇ ਕਾਦਰ ਦੀ ਕੁਦਰਤ ਦੇ ਨਜਾਰਿਆਂ ਨੂੰ ਦੇਖ ਕੇ ਵਿਸਮਾਦੀ ਹੋ ਉੱਠਦਾ ਹੈ, ਉਥੇ ਆਪਣੀ ਜੀਵਨ-ਸਾਥਣ ਸ੍ਰੀਮਤੀ ਸਸ਼ੀ ਸਹੋਤਾ ਨਾਲ ਬਿਤਾਏ ਚੰਗੇ ਪਲਾਂ ਨੂੰ ਵੀ ਯਾਦ ਕਰਨਾ ਨਹੀਂ ਭੁੱਲਦਾ। 72ਵੇ ਨੂੰ ਢੁੱਕਣ ਦੇ ਬਾਵਜੂਦ, ਜੀਵਨ ਵਿੱਚ ਕੁਝ ਕਰ ਗੁਜਰਨ ਦਾ ਉਤਸ਼ਾਹ ਹਾਲੇ ਵੀ ਇਸ ਸ਼ਾਇਰ ਅੰਦਰ ਠਾਠਾਂ ਮਾਰਦਾ ਵੇਖਿਆ ਜਾ ਸਕਦਾ ਹੈ। ਸਰੀਰਕ ਪੱਖੋਂ ਕਈ ਵਾਰ ਭਾਂਵੇਂ ਨਾ-ਸਾਜੀ ਦਾ ਆਲਮ ਰਿਹਾ ਹੈ, ਪਰ ਸਹੋਤਾ ਨੇ ਇਸ ਦਾ ਕਾਲਾ ਛਾਇਆ ਆਪਣੀ ਸ਼ਾਇਰੀ ਉਤੇ ਕਦੀ ਵੀ ਨਹੀਂ ਪੈਣ ਦਿੱਤਾ। ਜਿਵੇਂ ਇਸ ਸ਼ਾਇਰ ਨੂੰ ਕੁਦਰਤ ਨੇ ਆਪਣੀਆਂ ਨਿਆਮਤਾਂ ਨਾਲ ਨਿਵਾਜਣ ਲੱਗਿਆਂ ਕੋਈ ਕਸਰ ਬਾਕੀ ਨਹੀ ਛੱਡੀ, ਇਵੇਂ ਹੀ ਅੱਗੋਂ ਕਾਦਰ ਦਾ ਸ਼ੁਕਰਾਨਾ ਕਰਨਾ ਵੀ ਨਹੀਂ ਭੁੱਲਦਾ, ਇਹ ਅਲਬੇਲਾ ਫੱਕਰ। ਪੈਰ ਕਦੇ ਵੀ ਜਮੀਨ ਤੋਂ ਉਤਾਂਹ ਨਹੀਂ ਚੁੱਕਦਾ।

ਸਹੋਤਾ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਵਿੱਚ ਜਿਥੇ ਮੁਹੱਬਤ ਦੀ ਬਾਤ ਸੁਚੱਜੇ ਢੰਗ ਨਾਲ ਪਾਈ ਹੈ, ਉਥੇ ਭੈਣ-ਭਾਈ, ਮਾਂ-ਪਿਓ, ਫੁੱਫੜ ਤੇ ਮਾਸੀ ਜਿਹੇ ਸਮਾਜੀ ਰਿਸ਼ਤਿਆਂ ਉਤੇ ਵੀ ਕਲਮ ਅਜਮਾਈ ਕੀਤੀ ਹੈ। ਗਰੀਬੀ ਦੀ ਦਲਦਲ ਵਿੱਚ ਧਸੇ ਨਿਮਾਣੇ ਤੇ ਨਿਤਾਣੇ ਲੋਕਾਂ ਪ੍ਰਤੀ ਹਮਦਰਦੀ ਰੱਖਣ ਵਾਲਾ, ਅਜਨਬੀ ਨੂੰ ਪਹਿਲੀ ਮਿਲਣੀ ਵਿਚ ਹੀ ਆਪਣਾ ਬਣਾ ਲੈਣ ਵਾਲੀ ਤਬੀਅਤ ਦਾ ਮਾਲਕ ਸਹੋਤਾ, ਸਰਬੱਤ ਦੇ ਭਲੇ ਦਾ ਪੂਰਨ ਮੁੱਦਈ ਹੈ। ਉਸ ਨੇ ਆਪਣੇ ਅੰਦਰ ਨੂੰ ਚੰਗੀ ਤਰਾਂ ਹੰਗਾਲਦਿਆਂ ਹੋਇਆਂ, ਜੋ ਕੁਝ ਉਸਦੇ ਅੰਦਰ ਹੈ ਉਸ ਨੂੰ ਕਲਮ ਨਾਲ ਕਾਗਜ ਉਤੇ ਉਕਰਨ ਦਾ ਚੰਗਾ ਉਪਰਾਲਾ ਕੀਤਾ ਹੈ ਅਤੇ ਇਹ ਸਫਰ ਨਿਰੰਤਰ ਜਾਰੀ ਵੀ ਹੈ। ਆਪਣੇ ਆਪ ਨੂੰ ਹਮੇਸ਼ਾਂ ਕਿਸੇ- ਨਾ-ਕਿਸੇ ਕਾਰਜ ਵਿਚ ਰੁਝਾਈ ਰੱਖਣਾ, ਸਾਦਾ ਖਾਣਾ ਤੇ ਸਾਦਾ ਪਹਿਰਾਵਾ ਅਤੇ ਸੂਝਵਾਨ ਵਿਅੱਕਤੀਆਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਰਹਿਣਾ ਉਸਦੇ ਸੁਭਾਅ ਦੇ ਮੀਰੀ ਗੁਣ ਹਨ। ਮੁਹਾਲੀ ਸ਼ਹਿਰ ਦੇ ਸੈਕਟਰ-64 ਵਿਚ ਡੇਰਾ ਲਾ ਕੇ ਬੈਠੀ ਸਾਹਿਤਕ-ਖੁਸ਼ਬੂਆਂ ਵਿਖੇਰ ਰਹੀ ਇਸ ਬਹੁ-ਪੱਖੀ ਸਖਸ਼ੀਅਤ ਦੀ ਜਿੰਦਾ-ਦਿਲੀ ਨੂੰ ਸਲਾਮ! ਲੰਮੀ ਉਮਰ ਲਈ ਢੇਰ ਸਾਰੀਆਂ ਦੁਆਵਾਂ! ਸਮਾਜ ਪ੍ਰਤੀ ਆਪਣਾ ਫਰਜ ਪਛਾਣ-ਦਿਆਂ, ਲਾ-ਜੁਵਾਬ ਕਲਮ ਨਾਲ ਸਮਾਜ ਦੀ ਪੀੜਾ ਨੂੰ ਘੱਟ ਕਰਦੇ ਰਹਿਣ ਦਾ ਯਤਨ ਨਿਰੰਤਰ ਜਾਰੀ ਰੱਖਣ ਦੀਆਂ ਉਸ ਤੋਂ ਆਸਾਂ ਭਰੀਆਂ ਅਥਾਹ ਸੰਭਾਵਨਾਵਾਂ ਵੀ! ਆਮੀਨ !

**- ਪ੍ਰੀਤਮ ਲੁਧਿਆਣਵੀ**

# 'ਧੀਆਂ ਪ੍ਰਦੇਸਣਾਂ'

'ਚਰਨ ਪ੍ਰਦੇਸੀ'
916-587-4002



ਕੌਣ ਜਾਣੇ ਦੁੱਖ ਪ੍ਰਦੇਸਣਾਂ ਦੇ
ਸ਼ਾਲਾ ਕੌਣ ਜਾਣੇ ਦੁੱਖ ਪ੍ਰਦੇਸਣਾਂ ਦੇ।।

ਇਕ ਵਾਰ ਜੋ ਉਡਿਆ ਪੰਛੀ
ਲਈ ਨਾ ਸਾਰ ਪਿਛੋਕੜ ਦੀ
ਉਡਿਆ ਜਾਵੇ ਪੈਲਾਂ ਪਾਉਂਦਾ
ਸਾਰ ਰਹੀ ਨਾ ਪਰਤਣ ਦੀ

ਮਨ 'ਚ ਲੈ ਕੇ ਸਭ ਦੀਆਂ ਸੀਸਾਂ
ਪਹੁੰਚ ਜਾਵਾਂ ਪ੍ਰਦੇਸਾਂ ਨੂੰ
ਦੇਰ ਕਰਾਂ ਨਾ ਹੁਣ ਮੈਂ ਕੋਈ
ਕਰਾਂ ਪੂਰੀਆਂ ਸਭ ਇੱਛਾਂ ਨੂੰ

ਬਾਪ ਮੇਰੇ ਨੇ ਵਰ ਜੋ ਲੱਭਿਆ
ਲੱਭਿਆ ਵਿਚ ਪ੍ਰਦੇਸਾਂ ਦੇ
ਖੁਸ਼ੀਆਂ ਵਿਚ ਉਹ ਉਡਿਆ ਫਿਰਦਾ
ਬਿਨ ਸੋਚੇ ਅੱਧਵੇਸਾਂ ਦੇ

ਉਹ ਕੀ ਜਾਣੇ ਮਨ ਮੇਰੇ ਨੂੰ
ਜਿਸ ਤਨ ਮੈਂ ਆਸ ਲਗਈ
ਢੈਅ ਜਾਨੀ ਆਂ ਅੰਦਰੋਂ-ਅੰਦਰੀਂ
ਜਦ ਬਾਪੂ ਆਣ ਇਹ ਗੱਲ ਸੁਣਾਈ

ਕਰ ਸਕਾਂ ਨਾ ਉਸ ਤੋਂ ਦੂਰੀ
ਕਿੰਝ ਸੁਣਾਵਾਂ ਇਹ ਮਜਬੂਰੀ
ਤਾਰੋ ਵੀ ਸੀ ਵਿਆਹ ਕਰਵਾਇਆ
ਦੁੱਲਾ ਉਸ ਦਾ ਸੀ ਬਾਹਰੋਂ ਆਇਆ

ਚਲਾ ਗਿਆ ਉਹ ਵਿਆਹ ਕਰਵਾ ਕੇ
ਫਿਰ ਨਾ ਮੁੜਿਆ ਉਹ ਲਾਰਾ ਲਾ ਕੇ
ਰੋਂਦੀ ਬੈਠੀ ਉਹ ਕਰਮਾਂ ਮਾਰੀ
ਕਈ ਵਾਰ ਕੀਤੀ ਉਸ ਮਰਨ ਤਿਆਰੀ

ਧੀਆਂ ਦੀ ਹੋਵੇ ਹੁਣ ਸੌਦੇਬਾਜੀ
ਲੱਭਣ ਸੱਭੇ ਐਨ. ਆਰ. ਆਈ. ਭਾਵੇਂ ਹੋਵੇ ਪਾਜ਼ੀ
ਦੂਰ ਦੇਸ਼ ਜਦ ਚਲੀਆਂ ਜਾਵਣ
ਮਾਪਿਆਂ ਲਈ ਉਹ ਦੁੱਖ ਉਠਾਵਣ

ਇੱਥੇ ਕੌਣ ਸੁਣੇ ਇਹਨਾਂ ਦੀ ਵਿਪਤਾ
ਇੱਥੇ ਤਾਂ ਬੱਸ ਡਾਲਰ ਦਿਸਦਾ
ਕਰੋ ਕੰਮ ਤੇ ਕਰੋ ਕਮਾਈ
ਕੌਣ ਕਹੇ ਤੂੰ ਬਹੁ, ਮੈਂ ਜਵਾਈ

ਖਿੱਚਾ ਤਾਣੀ ਇਹ ਚੱਲਦੀ ਰਹਿੰਦੀ
ਬਹੁ ਸੁਣੇ ਨਾ, ਸੱਸ ਜੋ ਕਹਿੰਦੀ

ਡਾਲਰ ਹੋ ਗਿਆ ਸਭ ਤੇ ਭਾਰੀ
ਖੁੱਡੇ ਲਾਤੀ ਕੁੜਮਾਂ ਚਾਰੀ

ਨਾ ਭੇਜੀ ਮੈਨੂੰ ਪਰਦੇਸ ਨੀ ਮਾਏ
ਮਰ ਜਾਵਾਂਗੀ ਦੂਜੇ ਦੇਸ਼ ਨੀ ਮਾਏ
ਧੀ ਆਪਣੀ ਦੀ ਸੁਣ ਅਰਜੋਈ
ਕਰੀ ਨਾ ਗਲਤੀ, ਵਾਂਗ ਜੋ ਤਾਰੋ ਹੋਈ

'ਚਰਨ' ਕਹੇ ਸੁਣੋ ਸਭ ਵੀਰ ਭਰਾਵੋ
ਧੀ ਆਪਣੀ ਨੂੰ ਗਲ਼ ਨਾਲ ਲਾਵੋ
ਕੁਝ ਨਹੀਂ ਪਿਆ ਵਿਚ ਪ੍ਰਦੇਸਾਂ
ਮਿਲਦਾ ਸਭ ਕੁਝ ਆਪਣੇ ਦੇਸ਼ਾਂ

ਕੌਣ ਜਾਣੇ ਦੁੱਖ ਪ੍ਰਦੇਸਣਾਂ ਦੇ
ਸ਼ਾਲਾ ਕੌਣ ਜਾਣੇ, ਦੁੱਖ ਪ੍ਰਦੇਸਣਾਂ ਦੇ।।





# ਲੋਕ ਵਿਰਸਾ

## ਆਪਾਂ ਦੋਨੋਂ ਉੱਠ ਚੱਲੀਏ



ਡਾ. ਕਰਮਜੀਤ ਸਿੰਘ
91-98763-23862

ਮੇਰੇ ਪਿੰਡ ਸੱਜਣਾ ਤੋਂ ਚਾਰ ਪੰਜ ਕਿਲੋਮੀਟਰ ਦੀ ਦੂਰੀ 'ਤੇ ਦੁਰਮੀ-ਆਲ ਪਿੰਡ। ਇੱਥੋਂ ਮੈਂ ਬਹੁਤ ਸਾਰੇ ਗੀਤ ਸੁਣੇ, ਬੜੇ ਹੀ ਮਹੱਤਵਪੂਰਨ। ਪਰ ਇਨ੍ਹਾਂ ਵਿਚੋਂ ਤਿੰਨ ਗੀਤ ਅਜਿਹੇ ਸਨ ਜਿਨ੍ਹਾਂ ਦੀ ਸ਼ੁਰੂਆਤ ਬਤਾਊਂਆਂ ਦੀ ਗੱਲ ਨਾਲ ਹੁੰਦੀ ਸੀ।

ਬਗਲੋਂ ਡਿੱਗ ਪਈ ਬਤਾਊਂਆਂ ਵਾਲੀ ਤੌੜੀ...
ਬੋਰੀ ਚੱਕ ਲਾ ਬਤਾਊਂਆਂ ਵਾਲੀ...
ਬਗਲੇ ਪਾ ਲੈ ਬਤਾਊਂਆਂ ਵਾਲੀ ਤੌੜੀ...

ਤਿੰਨੋਂ ਗੀਤਾਂ ਵਿਚ ਔਰਤ, ਪ੍ਰੇਮੀ ਨੂੰ ਘਰੋਂ ਭੱਜ ਜਾਣ ਦੀ ਸਲਾਹ ਦੇ ਰਹੀ ਹੈ। ਇਹ ਸਾਡੇ ਸਮਾਜ ਦਾ ਇਕ ਤੱਥ ਹੈ ਕਿ ਪਿਆਰ ਹੋਣ ਦੀ ਸੂਰਤ ਵਿਚ ਵਧੇਰੇ ਤਸ਼ੱਦਦ ਕੁੜੀ ਨੂੰ ਹੀ ਸਹਿਣਾ ਪੈਂਦਾ ਹੈ। ਮਾਰ ਦੇਣ ਦੀਆਂ ਧਮਕੀਆਂ ਹੀ ਨਹੀਂ ਮਿਲਦੀਆਂ ਸਗੋਂ ਅਸਲ ਵਿਚ ਮਾਰ ਕੇ ਖਪਾਉਣਾ ਸਾਡੀ ਸਮਾਜੀ ਜ਼ਿੰਦਗੀ ਦਾ ਇਕ ਵਰਤਾਰਾ ਹੈ। ਇਸ ਲਈ ਜੇ ਕੁੜੀ ਘਰੋਂ ਨੱਸ ਜਾਣ ਦੀ ਪਹਿਲਾਂ ਸਲਾਹ ਦਿੰਦੀ ਹੈ ਤਾਂ ਗੱਲ ਸਮਝ ਵਿਚ ਆਉਣ ਵਾਲੀ ਹੈ। ਕਮਾਲ ਇਹ ਹੈ ਕਿ ਪ੍ਰੇਮੀ ਵੀ ਇਹੀ ਚਾਹੁੰਦਾ ਹੈ, ਪਰ ਜਦੋਂ ਔਰਤ ਪਹਿਲ ਕਰਦੀ ਹੈ ਤਾਂ ਉਹ ਪਿਛਾਂਹ ਵੱਲ ਪੈਰ ਪੁੱਟ ਲੈਂਦਾ ਹੈ। ਸਿਰਫ਼ ਇਸੇ ਲਈ ਨਹੀਂ ਕਿ ਉਸ ਦੀ ਮਰਦ ਹਉਂ ਨੂੰ ਸੱਟ ਵੱਜਦੀ ਹੈ ਸਗੋਂ ਉਹ ਆਪਣੇ ਵਰਗੇ ਹੋਰ ਮਰਦਾਂ ਨੂੰ ਚੰਗੀ ਤਰ੍ਹਾਂ ਪਹਿਚਾਣਦਾ ਹੈ ਜੋ ਉਸ ਦੀ ਪ੍ਰੇਮਿਕਾ ਨੂੰ ਹੀ ਨਹੀਂ ਸਗੋਂ ਉਸ ਨੂੰ ਵੀ ਬਿਲ੍ਹੇ ਲਾ ਸਕਦੇ ਹਨ। ਵਾਰਿਸ ਸ਼ਾਹ ਵੀ ਆਪਣੀ 'ਹੀਰ' ਵਿਚ ਇਸੇ ਸੱਚ ਦਾ ਪ੍ਰਗਟ ਕਰਦਾ ਹੈ। ਹੀਰ ਵੱਲੋਂ ਪਹਿਲ ਕਰਨ 'ਤੇ ਰਾਂਝਾ ਸਦਾਚਾਰ ਦੀ ਮੂਰਤੀ ਬਣ ਖਲੋਂਦਾ ਹੈ। 'ਹੀਰੇ ਇਸ਼ਕ ਨਾ ਮੂਲ ਸੁਆਦ ਦਿੰਦੇ ਨਾਲ ਚੋਰੀਆਂ ਅਤੇ ਉਧਾਲਿਆਂ ਦੇ।' ਰਾਂਝਾ ਤਾਂ ਬਣੀਆਂ-ਬਣਾਈਆਂ ਕਦਰਾਂ-ਕੀਮਤਾਂ ਦਾ ਉਹਲਾ ਲੈਂਦਾ ਹੈ। ਜੋ ਕੁਝ ਬਾਅਦ ਵਿਚ ਵਾਪਰਦਾ ਹੈ, ਉਹ ਇਕ ਵੱਖਰਾ ਕਿੱਸਾ ਹੈ।

ਜਿਨ੍ਹਾਂ ਤਿੰਨ ਗੀਤਾਂ ਦੀ ਗੱਲ ਮੈਂ ਕਰ ਰਿਹਾ ਹਾਂ ਉਹ ਤਿੰਨੋਂ ਔਰਤਾਂ ਦੀ ਸਿਰਜਣਾ ਹਨ। ਅਚੇਤ ਜਾਂ ਸੁਚੇਤ ਇਨ੍ਹਾਂ ਵਿਚ ਔਰਤ ਨੇ ਆਪਣੀ ਮਨੋ-ਅਵਸਥਾ ਨੂੰ ਹੀ ਪੇਸ਼ ਕੀਤਾ ਹੈ ਤੇ ਪ੍ਰੇਮੀ ਦੇ ਮੂੰਹੋਂ ਜੋ ਗੱਲਾਂ ਅਖਵਾਈਆਂ ਹਨ, ਉਹ ਵੀ ਉਸ ਦੀਆਂ ਹੀ ਹਨ। ਪਹਿਲੇ ਗੀਤ ਵਿਚ ਤਾਂ ਨਾਇਕ ਹਾਜ਼ਰ ਹੀ ਨਹੀਂ। ਔਰਤ ਹੀ ਕਹਿ ਰਹੀ ਹੈ ਕਿ 'ਮੁੰਡਿਆ ਵੇ ਸਾਧਾ ਵੇ ਆਪਾਂ ਦੋਨੋਂ ਤੁਰ ਚੱਲੀਏ' ਤੇ ਤੁਰਨ ਲੱਗਿਆਂ ਉਹ ਪਿਛਾਂਹ ਵੱਲ ਵੀ ਤੁਰ ਪੈਂਦੀ ਹੈ, 'ਮੁੰਡਿਆ ਵੇ ਸਾਧਾ ਪਈ ਆ ਜਾ ਦੋਨੋਂ ਮੁੜ ਚੱਲੀਏ।' ਅਜਿਹਾ ਕਰਨ ਪਿੱਛੇ ਜੋ ਕਾਰਨ ਕੰਮ ਕਰਦੇ ਹਨ ਉਨ੍ਹਾਂ ਵਿਚੋਂ ਇਕ ਤਾਂ ਇਹ ਹੈ ਕਿ ਔਰਤ ਵਿਆਹੀ ਹੋਈ ਹੈ ਤੇ ਉਹ ਰੋਂਦੇ ਦਿਉਰ ਨੂੰ ਛੱਡ ਕੇ ਨਹੀਂ ਜਾਣਾ ਚਾਹੁੰਦੀ। ਦੂਸਰੇ ਮਾਪਿਆਂ ਦਾ ਮੋਹ ਵੀ ਉਸ ਨੂੰ ਅਜਿਹਾ ਨਹੀਂ ਕਰਨ ਦਿੰਦਾ। ਇਸ ਭਾਵੁਕ ਉਚਾਰ ਨਾਲ ਗੀਤ ਸਮਾਪਤ ਹੁੰਦਾ ਹੈ ਕਿ :-

ਮੇਰੇ ਰੋਂਦੇ ਮਾਈ ਤੇ ਬਾਬਲ, ਮਾਈ ਤੇ ਬਾਬਲ,
ਜਿਨ੍ਹਾਂ ਦੀ ਮੈਂ ਧੀ ਲੱਗਦੀ,
ਮੁੰਡਿਆ ਵੇ ਸਾਧਾ ਵੇ, ਜਿਨ੍ਹਾਂ ਦੀ ਮੈਂ ਧੀ ਲੱਗਦੀ।
ਮੇਰੇ ਰੋਂਦੇ ਸੱਸੂ ਤੇ ਸਹੁਰਾ, ਸੱਸੂ ਤੇ ਸਹੁਰਾ,
ਪਈ ਜਿਨ੍ਹਾਂ ਦੀ ਮੈਂ ਨੂੰਹ ਲੱਗਦੀ,
ਮੁੰਡਿਆ ਵੇ ਸਾਧਾ ਪਈ ਜਿਨ੍ਹਾਂ ਦੀ ਮੈਂ ਨੂੰਹ ਲੱਗਦੀ।

ਪਤੀ ਪ੍ਰਤੀ ਇਕ ਵੀ ਮੋਹ ਦਾ ਸ਼ਬਦ ਇੱਥੇ ਨਹੀਂ ਮਿਲਦਾ। ਭਾਵ ਕਿ ਉਸ ਨੂੰ ਉਸ ਨਾਲ ਕਿਸੇ ਤਰ੍ਹਾਂ ਦਾ ਵੀ ਲਗਾਉ ਨਹੀਂ ਹੈ।

ਦੂਜਾ ਗੀਤ 'ਆਪਾਂ ਦੋਨੋਂ ਮੁੜ ਚੱਲੀਏ' ਤੋਂ ਬਾਅਦ ਵੀ 'ਕਰੁਣਾ' ਵਿਚ ਪ੍ਰਵੇਸ਼ ਨਹੀਂ ਕਰਦਾ। ਸਗੋਂ ਕੁੜੀ ਪ੍ਰੇਮੀ ਨੂੰ 'ਘੁੰਗਰੂਆਂ ਵਾਲੀ ਬੋਤੀ' ਲਿਆਉਣ ਨੂੰ ਕਹਿੰਦੀ ਹੈ। ਬੋਤੀ ਆ ਗਈ ਪਰ ਅਚਾਨਕ ਗੀਤ ਨੇ ਮੋੜਾ ਕੱਟਿਆ। ਉਹ ਵਿਅੰਗ ਤੇ ਹਾਸ ਰਸ ਦੇ ਖੇਤਰ ਵਿਚ ਸ਼ਾਮਲ ਹੋ ਗਿਆ। 'ਗੋਰੀ ਮਰ ਗਈ ਗੰਢੇ ਦਾ ਛਿੱਲ ਖਾ ਕੇ, ਗੰਢੇ ਦਾ ਛਿੱਲ ਖਾ ਕੇ, ਮਾਪਿਆਂ ਨੂੰ ਖ਼ਬਰ ਕਰੋ।' ਗੋਰੀ ਦੇ ਮਰਨ ਦਾ ਕਾਰਨ ਏਨਾ ਹਾਸੋ-ਹੀਣਾ ਹੈ ਕਿ ਉਸ ਤੋਂ ਬਾਅਦ ਮਾਪਿਆਂ, ਸਹੁਰਿਆਂ ਦਾ ਰੋਣਾ ਵੀ ਹਾਸਾ ਹੀ ਪੈਦਾ ਕਰਦਾ ਹੈ। ਮਰੀ ਹੋਈ ਦੇ ਪਤੀ ਨੂੰ ਕਹੇ ਸ਼ਬਦ ਵੀ ਮਨ ਵਿਚ ਕੁਤਕੁਤਾੜੀਆਂ ਹੀ ਕੱਢਦੇ ਹਨ।

ਮੁੰਡਾ ਪਾਲੀ ਪਰੀਤ ਨਾਲ ਮੇਰਾ, ਪਰੀਤ ਨਾਲ ਮੇਰਾ
ਰੰਨਾਂ ਦਾ ਖ਼ਿਆਲ ਨਾ ਕਰੀਂ,
ਮੁੰਡਿਆ ਸਾਧਾਂ ਵੇ ਰੰਨਾਂ ਦਾ ਖ਼ਿਆਲ ਨਾ ਕਰੀਂ।

ਪਤੀ ਨੂੰ 'ਬਹੁ-ਰੰਨਾਂ ਵਾਲਾ' ਸੰਬੋਧਨ ਕਰਦਿਆਂ ਗੀਤ ਸਮਾਪਤ ਹੋ ਜਾਂਦਾ ਹੈ।

ਪਰ ਤੀਜਾ ਗੀਤ 'ਉੱਠ ਚੱਲਣ' ਤੋਂ ਬਾਅਦ ਮੁੜਨ ਦਾ ਨਾਂ ਤੱਕ ਨਹੀਂ ਲੈਂਦਾ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਹ ਗੀਤ ਇਕ ਘਟਨਾ ਦੇ ਕਈ ਪਾਸਾਰਾਂ ਨੂੰ ਵੱਖ-ਵੱਖ ਢੰਗ ਨਾਲ ਪੇਸ਼ ਕਰ ਰਹੇ ਹਨ। ਤੀਜੇ ਗੀਤ ਵਿਚ ਸ਼ੁਰੂ ਤੋਂ ਹੀ ਪ੍ਰੇਮੀ-ਪ੍ਰੇਮਿਕਾ ਦੋਨੋਂ ਮੌਜੂਦ ਹਨ ਇਸ ਲਈ ਗੀਤ ਵਾਰਤਾਲਾਪ ਰਾਹੀਂ ਅਗਾਂਹ ਵਧਦਾ ਦੋਨਾਂ ਧਿਰਾਂ ਨੂੰ ਸਾਹਮਣੇ ਲਿਆਉਂਦਾ ਹੈ, ਭਾਵੇਂ ਇਹ ਸੱਚ ਹੈ ਕਿ ਦੂਜੀ ਧਿਰ ਇਸਤਰੀ ਸਿਰਜਕ ਦੇ ਹੱਥ ਵਿਚ ਹੈ।

ਬਗਲੇ ਪਾ ਲੈ ਬਤਾਊਂਆਂ ਵਾਲੀ ਤੌੜੀ,
ਬਤਾਊਂਆਂ ਵਾਲੀ ਤੌੜੀ,
ਬਈ ਆਪਾਂ ਦੋਨੋਂ ਉੱਠ ਚੱਲੀਏ,
ਮੁੰਡਿਆ ਵੇ ਸਾਧਾ ਵੇ, ਆਪਾਂ ਦੋਨੋਂ ਉੱਠ ਚੱਲੀਏ।
ਬਗਲੇ ਪਾ ਲਈ ਬਤਾਊਂਆਂ ਵਾਲੀ ਤੌੜੀ,
ਬਤਾਊਂਆਂ ਵਾਲੀ ਤੌੜੀ
ਬਈ ਆਪਾਂ ਦੋਨੋਂ ਉੱਠ ਚੱਲੀਏ,
ਕੁੜੀਏ ਤਾਰੋ ਨੀ, ਆਪਾਂ ਦੋਨੋਂ ਉੱਠ ਚੱਲੀਏ।

ਪਿਛਾਂਹ ਨੂੰ ਮੁੜਨ ਦੀ ਬਜਾਇ ਗੱਲ 'ਮਰਨ' ਜਾਂ ਮਰਨ ਤੋਂ ਡਰਨ ਜਾਂ ਨਾ ਡਰਨ ਦੀ ਹੋਣ ਲੱਗ ਪੈਂਦੀ ਹੈ।

ਬੋਤਾ ਮੋੜ ਲਾ ਚੜੇਲਾਂ ਵਾਲੀ ਸੜਕੇ, ਚੜੇਲਾਂ ਵਾਲੀ ਸੜਕੇ
ਵੇ ਮਰਨੇ ਨੂੰ ਚਿੱਤ ਕਰਦਾ,
ਮੁੰਡਿਆ ਸਾਧਾ ਵੇ ਮਰਨੇ ਨੂੰ ਚਿੱਤ ਕਰਦਾ,
ਬੋਤਾ ਮੋੜ ਲਉਂ ਚੜੇਲਾਂ ਵਾਲੀ ਸੜਕੇ,
ਚੜੇਲਾਂ ਵਾਲੀ ਸੜਕੇ ਨੀ ਮਰਨੇ ਤੋਂ ਕੀ ਡਰਨਾ,
ਨੀ ਕੁੜੀਏ ਤਾਰੋ ਨੀ ਮਰਨੇ ਤੋਂ ਕੀ ਡਰਨਾ।

ਕੁੜੀ ਵੱਲੋਂ ਮਰਨ ਦੀ ਇੱਛਾ ਦਾ ਇਜ਼ਹਾਰ ਪਿਛੋਕੜ ਵਿਚ ਖੜ੍ਹੇ ਸਮਾਜੀ ਬੰਧਨਾਂ ਤੇ ਨਤੀਜਿਆਂ ਕਰਕੇ ਹੈ ਜਿਸ ਦਾ ਇਕ ਪੱਖ ਪਿਛਲੇ ਦੋ ਗੀਤਾਂ ਵਿਚ ਸਪੱਸ਼ਟ ਹੀ ਹੁੰਦਾ ਹੈ। ਇਕ ਮਰਨ ਦੀ ਗੱਲ ਕਰਦਾ ਹੈ ਤਾਂ ਦੂਜਾ ਨਿਡਰ ਹੈ ਜਾਂ ਹੋਣ ਦਾ ਵਿਖਾਵਾ ਕਰਦਾ ਹੈ। ਦੋਨੋ ਆਪਣੀ ਮਰਜ਼ੀ ਨਾਲ ਨਿਡਰ ਹੋ ਕੇ ਆਪਣੀ ਪ੍ਰੀਤ ਨੂੰ ਨਿਭਾਅ ਸਕਣ, ਸਮਾਜ ਵਿਚ ਅਜੇ ਇਹ ਸੰਭਵ ਨਹੀਂ। ਮਰਨ ਦਾ ਖ਼ਿਆਲ ਤਰਕ ਕਰਕੇ ਗੀਤ ਨਵੇਂ ਸੰਦਰਭ ਵਿਚ ਆ ਜਾਂਦਾ ਹੈ।

ਬੋਤਾ ਬੰਨ੍ਹ ਲੈ ਬਸਾਣੇ ਦੀ ਛਾਵੇਂ, ਬਸਾਣੇ ਦੀ ਛਾਵੇਂ,
ਵੇ ਆਪਾਂ ਦੋਨੋਂ ਤਾਸ਼ ਖੇਡੀਏ
ਮੁੰਡਿਆ ਸਾਧਾ ਵੇ ਆਪਾ ਦੋਨੋਂ ਤਾਸ਼ ਖੇਡੀਏ।
ਤੈਨੂੰ ਤਾਸ਼ ਖੇਡਣੀ ਨਾ ਆਵੇ, ਖੇਡਣੀ ਨਾ ਆਵੇ,
ਪੱਤਾ ਸਿੱਟ ਚਿੜੀਏ ਦਾ,
ਕੁੜੀਏ ਤਾਰੋ ਨੀ ਪੱਤਾ ਸਿੱਟ ਚਿੜੀਏ ਦਾ।

'ਬਸਾਣਾ' ਸ਼ਬਦ ਦੇ ਅਰਥ ਕੀ ਹਨ? ਪਤਾ ਨਹੀਂ। ਗਾਇਕਾਵਾਂ ਇੱਥੇ ਕਿਸੇ ਦਰਖ਼ਤ ਦਾ ਨਾਮ ਲੈ ਰਹੀਆਂ ਹਨ। ਔਰਤ ਤਾਸ਼ ਖੇਡਣ ਦੀ ਗੱਲ ਕਹੇ, ਅਚੰਭਾ ਤਾਂ ਹੁੰਦਾ ਹੈ। ਪ੍ਰੇਮੀ ਇਹ ਗੱਲ ਸਾਫ਼ ਵੀ ਕਰ ਦਿੰਦਾ ਹੈ। ਤਾਸ਼ ਖੇਡਣ ਦੀ ਗੱਲ ਇੱਥੇ ਹੀ ਠੱਪ ਹੋ ਜਾਂਦੀ ਹੈ। ਅਗਾਂਹ ਗੀਤ ਕਿਸੇ ਬਿਰਤਾਂਤ ਵਿਚ ਨਹੀਂ ਫੈਲਦਾ ਸਗੋਂ ਵਾਰਤਾਲਾਪਾਂ ਵਿਚ ਹੀ ਉਲਝ ਜਾਂਦਾ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਟੱਪਿਆਂ ਵਿਚ ਕੁਝ ਵਿਚਾਰਾਂ ਨੂੰ ਸੂਤਰਬੱਧ ਕੀਤਾ ਜਾ ਰਿਹਾ ਹੈ। ਹਾਂ ਘਰੋਂ ਤੁਰ ਪਈ ਹੈ ਪਰ ਨਾਇਕਾ ਦੀ ਝਾਕ ਅਜੇ ਵੀ ਕਿਤੇ ਪਿੱਛੇ ਹੈ, ਇਸੇ ਲਈ ਉਸ ਨੂੰ ਸਹੇਲੀਆਂ ਮਿਲਣ ਦੀ ਸਿੱਕ ਹੈ।

ਬੋਤਾ ਬੰਨ੍ਹ ਲੈ ਕਿੱਕਰ ਦੀ ਛਾਵੇਂ, ਕਿੱਕਰ ਦੀ ਛਾਵੇਂ
ਵੇ ਸਹੇਲੀਆਂ ਨੂੰ ਮਿਲ ਆਉਣ ਦੇ,
ਮੁੰਡਿਆਂ ਸਾਧਾ ਵੇ ਸਹੇਲੀਆਂ ਨੂੰ ਮਿਲ ਆਉਣ ਦੇ,
ਤੈਨੂੰ ਸਹੇਲੀਆਂ ਮਿਲਣ ਨਾ ਆਈਆਂ
ਮਿਲਣ ਨਾ ਆਈਆਂ
ਕਿੱਕਰਾਂ ਨੂੰ ਪਾ ਲੈ ਜੱਫੀਆਂ,
ਕੁੜੀਏ ਤਾਰੋ ਨੀ ਕਿੱਕਰਾਂ ਨੂੰ ਪਾ ਲੈ ਜੱਫੀਆਂ।

ਇਹ ਗੱਲ ਵੀ ਇੱਥੇ ਹੀ ਪੂਰੀ ਹੋ ਗਈ। ਅਗਾਂਹ ਗੀਤ ਮਜ਼ਾਕੀਆ ਮੂਡ ਵਿਚ ਤੁਰਨ ਲੱਗਦਾ ਹੈ। ਜਿਵੇਂ ਦੂਜੇ ਗੀਤ ਵਿਚ ਹੋਇਆ ਸੀ ਪਰ ਇੱਥੇ ਮਜ਼ਾਕੀਆਂ ਮੂਡ ਵਧੇਰੇ ਚਿਰ ਰਹਿੰਦਾ ਹੈ ਇਸ ਲਈ ਅਨੇਕਾਂ ਟੱਪੇ ਇਸ ਨਾਲ ਸਬੰਧਤ ਕਰ ਦਿੱਤੇ ਗਏ ਹਨ। ਇਕ ਟੱਪਾ ਤਾਂ ਅਧਿਆਤਮ ਵੱਲ ਜਾ ਵੜਦਾ ਹੈ।

ਜੇ ਮੈਂ ਜਾਣਦੀ ਤੋਤੇ ਨੇ ਉੱਡ ਜਾਣਾ,
ਤੋਤੇ ਨੇ ਉੱਡ ਜਾਣਾ, ਕ ਪਿੰਜਰਾ ਬਣਾ ਰੱਖਦੀ,
ਮੁੰਡਿਆ ਸਾਧਾ ਵੇ ਪਿੰਜਰਾ ਬਣਾ ਰੱਖਦੀ।

ਕਿਉਂਕਿ ਸੰਬੋਧਨ 'ਸਾਘਾਂ' ਦਾ ਹੈ ਇਸ ਲਈ ਇਹ ਇਕੋ ਗੀਤ ਵਿਚ ਪਰੋਏ ਗਏ ਟੱਪੇ ਹਨ ਭਾਵੇਂ ਇਨ੍ਹਾਂ ਦਾ ਮੂਲ ਕਿਤੇ ਹੋਰ ਹੋਵੇ। ਇਸ ਤੋਂ ਚੌਂਕਣ ਦੀ ਲੋੜ ਨਹੀਂ। ਇਹ ਤਾਂ ਗੀਤਾਂ ਵਿਚ ਆਮ ਵਾਪਰਦਾ ਹੈ ਜਿਸ ਦਾ ਮੁੱਖ ਕਾਰਨ ਮੌਖਿਕਤਾ ਹੈ। ਅਤਿਕਥਨੀ ਦੀਆਂ ਉਦਾਹਰਣਾਂ ਵੀ ਇਹ ਪੰਗਤੀਆਂ ਆਪ ਹੀ ਹਨ।

ਕਾ਼ਲੀ ਕੀੜੀ ਨੇ ਦਲੱਤਾ ਮਾਰਿਆ, ਦਲੱਤਾ ਮਾਰਿਆ,
ਵੇ ਸੱਟ ਮੇਰੇ ਕਿਤੇ ਨਾ ਲੱਗੀ।
ਮੁੰਡਿਆ ਸਾਧਾ ਵੇ ਸੱਟ ਮੇਰੇ ਕਿਤੇ ਨਾ ਲੱਗੀ।
ਕਾ਼ਲੀ ਕੀੜੀ ਨੇ ਦਲੱਤਾ ਮਾਰਿਆ, ਦਲੱਤਾ ਮਾਰਿਆ,
ਡੌਲੇ ਉੱਤੋਂ ਬਾਂਹ ਭੱਜ ਗਈ,
ਮੁੰਡਿਆ ਸਾਧਾ ਵੇ ਡੌਲੇ ਉਤੋਂ ਬਾਂਹ ਭੱਜ ਗਈ।




ਦੇਖਣ ਵਾਲੀਆਂ ਗੱਲਾਂ ਦੋ ਹਨ ਪਹਿਲੀ ਇਹ ਕਿ ਲੰਬੇ ਗੀਤਾਂ (ਗਾਉਣਾਂ) ਵਿਚ ਹਾਸ ਰਸ ਦੀ ਘਾਟ ਹੁੰਦੀ ਹੈ ਕਿਉਂਕਿ ਇਹ ਬੜੀਆਂ ਗੰਭੀਰ ਭਾਵਨਾਵਾਂ ਨਾਲ ਜੁੜੇ ਹੁੰਦੇ ਹਨ ਤੇ ਇਨ੍ਹਾਂ ਰਾਹੀਂ ਮਾਨਸਿਕ ਵੇਦਨਾਵਾਂ ਦਾ ਕਥਾਰਸਿਸ ਹੁੰਦਾ ਹੈ, ਪਰ ਕਿਤੇ-ਕਿਤੇ ਹੱਥਲੇ ਗੀਤਾਂ ਵਾਂਗ ਚੂੰਢੀਆਂ ਵੱਢ ਕੇ (ਜਾਂ ਭੋਰ ਕੇ) ਮਾਹੌਲ ਨੂੰ ਹਲਕਾ ਫੁਲਕਾ ਵੀ ਰੱਖਿਆ ਗਿਆ ਹੈ। ਦੂਸਰੀ ਗੱਲ ਇਹ ਕਿ ਇਨ੍ਹਾਂ ਤਿੰਨਾਂ ਗੀਤਾਂ ਵਿਚ ਸੰਬੋਧਨ 'ਸਾਧ' ਦਾ ਹੈ। 'ਸਾਧ' ਤੇ ਵਿਆਹੀ ਵਰੀ ਔਰਤ ਦੇ ਪ੍ਰੇਮ ਨਾਲ ਜੁੜੇ ਅਨੇਕਾਂ ਗੰਭੀਰ ਗੀਤ ਪ੍ਰਾਪਤ ਹੁੰਦੇ ਹਨ, ਪਰ ਇੱਥੇ 'ਸਾਧ' ਜਾਂ 'ਸਾਧੂ' ਨਾਲ ਚਹੇਡਾਂ ਕੀਤੀਆਂ ਗਈਆਂ ਹਨ। ਸਿਰਜਣਹਾਰ ਦੀ ਮਰਜ਼ੀ ਹੈ ਜਾਂ ਰੰਗ।

ਜੇ ਮੈਂ ਜਾਣਦੀ ਚੱਕੀ ਦਾ ਪੁੜ ਭਾਰਾ,
ਚੱਕੀ ਦਾ ਪੁੜ ਭਾਰਾ, ਵੇ ਸੱਸ ਨਾਲ ਸੁਲ੍ਹਾ ਰੱਖਦੀ
ਮੁੰਡਿਆ ਸਾਧਾ ਵੇ ਸੱਸ ਨਾਲ ਸੁਲ੍ਹਾ ਰੱਖਦੀ
ਜੇ ਮੈਂ ਜਾਣਦੀ ਨਣਦੇ ਨੇ ਤੁਰ ਜਾਣਾ,
ਨਣਦੇ ਨੇ ਤੁਰ ਜਾਣਾ, ਕਦੇ ਨਾ ਮੈਂ ਮੰਦਾ ਬੋਲਦੀ,
ਮੁੰਡਿਆ ਸਾਧਾ ਵੇ ਕਦੇ ਨਾ ਮੈਂ ਮੰਦਾ ਬੋਲਦੀ।

ਸੱਸ ਤੇ ਨਣਾਨ ਨਾਲ ਮੰਦਾ ਬੋਲਣ ਦਾ ਪਛਤਾਵਾ ਕਰਕੇ ਗੀਤ ਸਮਾਪਤ ਹੋ ਜਾਂਦਾ ਹੈ। ਅਜਿਹਾ ਪਛਤਾਵਾ ਹੋਰਨਾਂ ਗੀਤਾਂ ਵਿਚ ਦੇਖਣ ਨੂੰ ਨਹੀਂ ਮਿਲਦਾ। ਇਸ ਕਥਨ ਵਿਚ ਵੀ ਸੂਖ਼ਮ ਜਿਹੇ ਵਿਅੰਗ ਰਾਹੀਂ ਸੁਆਦ ਲਿਆ ਗਿਆ ਹੈ। ਇਹ ਤਿੰਨੋਂ ਗੀਤ ਇਕੱਠੇ ਦੇਖਿਆਂ ਲੋਕ ਗੀਤਾਂ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ ਵਿਚ ਬੜੀ ਮਦਦ ਮਿਲਦੀ ਹੈ। ਤਿੰਨ ਰੂਪਾਂ ਵਿਚ ਵੀ ਇਹ ਗੀਤ ਕਿਸੇ ਸਾਰਥਕ ਬਿਰਤਾਂਤ ਨੂੰ ਨਹੀਂ ਸਿਰਜ ਸਕਿਆ।

ਦੋ ਪ੍ਰੇਮੀ ਘਰੋਂ ਨਿਕਲ ਤੁਰੇ ਹਨ, ਪਰ ਜਾਣਾ ਕਿੱਥੇ ਹੈ? ਇਸ ਬਾਰੇ ਸਿਰਜਕ ਨਹੀਂ ਸੋਚ ਸਕੇ ਇਸ ਲਈ ਬੋਤੀ ਕਿੱਕਰ ਦੀ ਛਾਵੇਂ ਬੰਨ੍ਹ ਕੇ ਹੀ ਗੱਲ ਰੁਕ ਜਾਂਦੀ ਹੈ, ਅਗਾਂਹ ਵਧਣ ਦੀ ਲਾਲਸਾ ਹੈ ਪਰੰਤੂ ਇਹ ਲਾਲਸਾ ਟੱਪੇ ਸਿਰਜਣ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਭਾਵੇਂ ਮੈਂ ਇਹ ਗੀਤ ਹੋਰ ਕਿਤੇ ਨਹੀਂ ਸੁਣਿਆ, ਪਰ ਇਸ ਨੇ ਕੁਝ ਪੜਾਅ ਹੀ ਪਾਰ ਕੀਤੇ ਹਨ ਕਿ ਆਧੁਨਿਕ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਇਸ ਲਈ ਹੁਣ ਇਸ ਦੇ ਸੰਪੂਰਨ ਹੋਣ ਦੀ ਕੋਈ ਸੰਭਾਵਨਾ ਨਹੀਂ, ਫਿਰ ਵੀ ਇਸ ਨੇ ਸਾਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਕੀਤਾ ਹੈ, ਜਿਸ ਦਾ ਇਹ ਸਿੱਟਾ ਹੈ ਕਿ ਅਸੀਂ ਇਸ ਨੂੰ ਉਲਟਾ-ਪੁਲਟਾ ਕੇ ਪੜ੍ਹਨ-ਪਰਖਣ ਦਾ ਯਤਨ ਕੀਤਾ ਹੈ।

## 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"






ਡਾ. ਜਸਵੰਤ ਰਾਏ
91-98158-25999

### ਘਰ ਦੀ ਇੱਜ਼ਤ

ਇਕ ਬੰਦਾ ਸੀ। ਉਸ ਨੂੰ ਆਪਣੀ ਤੀਵੀਂ ਨਾਲ ਬਹੁਤ ਮੋਹ ਸੀ। ਰੱਬ ਦਾ ਭਾਣਾ ਕੋਈ ਐਸਾ ਵਰਤਿਆ ਕਿ ਉਸਦੀ ਤੀਵੀਂ ਬਹੁਤ ਬਿਮਾਰ ਹੋ ਗਈ। ਬਿਮਾਰ ਵੀ ਐਸੀ ਹੋਈ ਕਿ ਠੀਕ ਹੋਣ ਦਾ ਨਾਂ ਹੀ ਨਾ ਲਵੇ। ਹਲਾਤ ਕੁੱਝ ਇੱਦਾਂ ਦੇ ਬਣੇ ਕਿ ਇੱਦਾਂ ਲੱਗਣ ਲੱਗ ਪਿਆ ਬਈ ਇਹ ਨਹੀਂ ਬਚਦੀ।

ਉਹਦੇ ਘਰਵਾਲਾ ਉਹਦੇ ਕੋਲ ਬੈਠ ਕੇ ਰੋਣ ਲੱਗ ਪਿਆ। ਇਕ ਦਿਨ ਉਹਦੀ ਤੀਵੀਂ ਕਹਿੰਦੀ, "ਮੈਨੂੰ ਪਤਾ ਆ ਮਰਦ ਜ਼ਾਤ ਦਾ, ਜਦੋਂ ਮੈਂ ਮਰ ਗਈ ਤਾਂ ਤੂੰ ਤੇਰਾਂ ਵੀ ਨਹੀਂ ਹੋਣ ਦੇਣੀਆਂ। ਪਹਿਲਾਂ ਹੀ ਵਿਆਹ ਕਰਵਾ ਲੈਣਾ ਆ।"

ਘਰਵਾਲੀ ਦੀ ਗੱਲ ਸੁਣ ਕੇ ਬੰਦੇ ਨੂੰ ਇੰਨਾ ਗੁੱਸਾ ਆਇਆ ਕਿ ਉਹਨੇ ਆਪਣਾ ਇੰਦਰ ਕੱਟ ਦਿੱਤਾ। ਰੱਬ ਦੀ ਕਰਨੀ ਕੁਝ ਐਸੀ ਹੋਈ ਕਿ ਜ਼ਨਾਨੀ ਠੀਕ ਹੋਣ ਲੱਗ ਪਈ। ਜਦੋਂ ਬਿਲਕੁਲ ਠੀਕ ਹੋ ਗਈ ਤਾਂ ਉਹ ਆਪਣੇ ਨੌਕਰ ਨਾਲ ਫਸ ਗਈ। ਇਕ ਦਿਨ ਬੰਦਾ ਉਹਨੂੰ ਕਹਿਣ ਲੱਗਾ, "ਦੇਖ ਮੈਂ ਤੇਰੇ ਲਈ ਕੀ ਕੀਤਾ ਤੇ ਤੂੰ ਮੇਰੇ ਨਾਲ ਕੀ ਕਰ ਰਹੀ ਏਂ।"

ਤਾਂ ਜ਼ਨਾਨੀ ਉਸਨੂੰ ਆਖਣ ਲੱਗੀ, "ਇਸੇ ਲਈ ਤਾਂ ਮੈਂ ਘਰ ਦੀ ਇੱਜ਼ਤ ਘਰ ਈ ਰੱਖੀਓ ਆ, ਬਾਹਰ ਨਹੀਂ ਜਾਣ ਦਿੱਤੀ।"

### ਵਿਸ਼ਵਾਸ

ਇਕ ਵਾਰ ਇਕ ਹਿੰਦੂ ਅਤੇ ਮੁਸਲਮਾਨ ਵਿਚ ਝਗੜਾ ਹੋ ਗਿਆ। ਉਹ ਕਹਿੰਦਾ ਮੇਰਾ ਰੱਬ ਸੱਚਾ ਤੇ ਮੁਸਲਮਾਨ ਕਹਿੰਦਾ ਮੇਰਾ ਰੱਬ ਸੱਚਾ। ਦੋਵੇਂ ਪੈਰਾਂ ਤੇ ਪਾਣੀ ਨਾ ਪੈਣ ਦੇ। ਲਾਗੇ ਈ ਇਕ ਪਿੱਪਲ ਦਾ ਦਰੱਖਤ ਸੀ। ਦੋਹਾਂ ਨੇ ਸ਼ਰਤ ਲਾ ਲਈ। ਬਈ ਅਸੀਂ ਆਪਣੇ ਆਪਣੇ ਰੱਬ ਨੂੰ ਧਿਆ ਕੇ ਇਸ ਪਿੱਪਲ ਦੇ ਦਰੱਖਤ ਤੋਂ ਛਾਲ ਮਾਰਾਂਗੇ। ਦੋਹਾਂ ਵਿਚੋਂ ਛਾਲ ਮਾਰਨ ਤੋਂ ਬਾਅਦ ਜਿਹੜਾ ਸਹੀ ਸਲਾਮਤ ਬਚਿਆ ਉਸਦਾ ਰੱਬ ਸੱਚਾ ਮੰਨਿਆ ਜਾਵੇਗਾ।

ਪਹਿਲ ਮੁਸਲਮਾਨ ਦੀ ਆ ਗਈ। ਮੁਸਲਮਾਨ ਦਰੱਖਤ ਤੇ ਚੜ੍ਹਿਆ। ਆਪਣੇ ਮੁਰਸ਼ਦ ਨੂੰ ਯਾਦ ਕੀਤਾ। ਅਖੇ ਜਾ ਅੱਲ੍ਹਾ ਮੇਰੀ ਰੱਖਿਆ ਕਰੀਂ, ਕਹਿ ਕੇ ਛਾਲ ਮਾਰ ਦਿੱਤੀ। ਮੁਸਲਮਾਨ ਨੂੰ ਕੁਝ ਨਾ ਹੋਇਆ। ਉਹ ਨੌ ਬਰ ਨੌ ਉੱਠ ਕੇ ਖੜਾ ਹੋ ਗਿਆ।

ਫੇਰ ਵਾਰੀ ਆ ਗਈ ਹਿੰਦੂ ਦੀ। ਹਿੰਦੂ ਪਿੱਪਲ ਦੇ ਦਰੱਖਤ ਤੇ ਚੜ੍ਹਿਆ। ਅੱਖਾਂ ਬੰਦ ਕਰਕੇ, ਹੱਥ ਜੋੜ ਕੇ ਕਹਿਣ ਲੱਗਾ, "ਹੇ ਰਾਮ ਮੇਰੀ ਰੱਖਿਆ ਕਰੀਂ, ਹੇ ਕ੍ਰਿਸ਼ਨ ਮੇਰੀ ਰੱਖਿਆ ਕਰੀਂ, ਹੇ ਮਾਤਾ ਮੇਰੀ ਰੱਖਿਆ ਕਰੀਂ। ਇੰਨਾ ਕਹਿ ਕੇ ਹਿੰਦੂ ਨੇ ਵੀ ਛਾਲ ਮਾਰ ਦਿੱਤੀ। ਜਿਉਂ ਹਿੰਦੂ ਧਰਤੀ ਉੱਤੇ ਡਿੱਗਿਆ ਉਸਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਸਿਗਾ ਹਿੰਦੂ ਵੀ ਬੜਾ ਭਗਤ। ਉਸਨੇ ਫੇਰ ਪ੍ਰਮਾਤਮਾ ਅੱਗੇ ਅਰਦਾਸ ਕੀਤੀ, ਹੇ ਪ੍ਰਮ-ਾਤਮਾ! ਇਹ ਮੇਰੇ ਨਾਲ ਅੱਜ ਕੀ ਹੋਇਆ। ਮੁਸਲਮਾਨ ਨੇ ਅੱਲ੍ਹਾ ਕਿਹਾ ਉਸਦਾ ਬਚਾਅ ਹੋ ਗਿਆ ਤੇ ਮੇਰੇ ਨਾਲ ਤੇਰਾ ਨਾਂ ਲੈਣ ਦੇ ਬਾਵਜੂਦ ਵੀ ਇਹ ਹਾਲ ਹੋਇਆ।"

ਪ੍ਰਮਾਤਮਾ ਹਿੰਦੂ ਦੀ ਗੱਲ ਸੁਣ ਕੇ ਆਪ ਹਾਜ਼ਰ ਹੋ ਗਿਆ। ਪ੍ਰਮਾਤਮਾ ਕਹਿਣ ਲੱਗਾ, "ਓ ਮੂਰਖ ਮੈਂ ਤੇਰੀ ਪ੍ਰਾਰਥਨਾ ਤੇ ਵੀ ਆਉਣ ਲੱਗਾ ਸੀ। ਮੈਂ ਪਹਿਲਾਂ ਰਾਮ ਵਾਲੇ ਕੱਪੜੇ ਪਹਿਨੇ। ਤੂੰ ਹੇ ਕ੍ਰਿਸ਼ਨਾ ਕਹਿ ਦਿੱਤਾ। ਮੈਂ ਕ੍ਰਿਸ਼ਨ ਦੇ ਭੇਸ 'ਚ ਆਉਣ ਲੱਗਾ। ਤੂੰ ਫੇਰ ਹੇ ਮਾਤਾ ਆਖ ਕੇ ਮਾਤਾ ਨੂੰ ਯਾਦ ਕਰ ਲਿਆ ਹੁਣ ਮਾਤਾ ਦੇ ਭੇਸ 'ਚ ਮੈਨੂੰ ਸਾੜ੍ਹੀ ਬੰਨ੍ਹਣ ਨੂੰ ਤਾਂ ਸਮਾਂ ਲੱਗਣਾ ਹੀ ਸੀ। ਤੂੰ ਜਦ ਨੂੰ ਛਾਲ ਮਾਰ ਦਿੱਤੀ। ਹੁਣ ਤੂੰ ਹੀ ਦੱਸ ਤੇਰਾ ਵਿਸ਼ਵਾਸ਼ ਹੀ ਨਹੀਂ ਇਕ ਥਾਂ ਟਿਕਿਆ ਤਾਂ ਮੈਂ ਤੇਰੀ ਮਦਦ ਕਿਸ ਤਰ੍ਹਾਂ ਕਰਦਾ।"

### ਵਿਸ਼ਵਾਸ ਸ੍ਵੈ-ਵਿਸ਼ਵਾਸ

ਇਕ ਆਸਤਕ ਸੀ। ਉਹ ਰੋਜ਼ ਇਕ ਮੜ੍ਹੀ ਤੇ ਦੀਵਾ ਜਗਾ ਕੇ ਆਇਆ ਕਰਦਾ ਸੀ। ਬਿਨਾਂ ਨਾਗਾ ਉਸਦਾ ਇਹ ਕਰਮ ਸੀ। ਦੂਜੇ ਪਾਸੇ ਇਕ ਨਾਸਤਕ ਸੀ। ਜਿਹੜਾ ਰੱਬ ਨੂੰ ਰੱਤੀ ਭਰ ਵੀ ਨਹੀਂ ਮੰਨਦਾ ਸੀ। ਉਹ ਵੀ ਉਸੇ ਮੜ੍ਹੀ ਉੱਤੇ ਜਾਇਆ ਕਰਦਾ ਸੀ। ਦੀਵਾ ਜਗਾਉਣ ਨਹੀਂ, ਆਸਤਕ ਦੁਆਰਾ ਜਗਾਇਆ ਗਿਆ ਦੀਵਾ ਬੁਝਾਉਣ। ਨਾਸਤਕ ਬਿਨਾਂ ਨਾਗਾ ਇਹ ਕੰਮ ਕਰਦਾ ਰਿਹਾ। ਇਕ ਦਿਨ ਕਾਫ਼ੀ ਮੀਂਹ ਪੈ ਰਿਹਾ ਸੀ।

ਨ੍ਹੇਰੀ ਵੀ ਚੱਲ ਰਹੀ ਸੀ। ਆਸਤਕ ਨੇ ਸੋਚਿਆ ਕਿ ਜੇ ਮੈਂ ਅੱਜ ਮੜ੍ਹੀ 'ਤੇ ਦੀਵਾ ਜਗਾ ਵੀ ਆਇਆ ਤਾਂ ਉਹ ਮੀਂਹ ਨ੍ਹੇਰੀ ਨੇ ਕਿਹੜਾ ਜਗਦਾ ਰਹਿਣ ਦੇਣਾ ਹੈ। ਦੀਵਾ ਤਾਂ ਬੁੱਝ ਹੀ ਜਾਣਾ ਹੈ ਇਹੋ ਜਿਹੇ ਮੌਸਮ ਵਿਚ। ਸੋ ਉਹ ਇਹ ਸੋਚ ਕੇ ਦੀਵਾ ਜਗਾਉਣ ਨਾ ਗਿਆ।

ਪਰ ਨਾਸਤਕ ਆਪਣੇ ਕਰਮ ਤੋਂ ਨਾ ਉੱਕਿਆ। ਉਹ ਮੀਂਹ ਨ੍ਹੇਰੀ ਵਿਚ ਵੀ ਮੜ੍ਹੀ ਤੋਂ ਦੀਵਾ ਬੁਝਾਉਣ ਲਈ ਪੁੱਜ ਗਿਆ। ਪ੍ਰਮਾਤਮਾ ਉਸਦਾ ਸਵੈ ਵਿਸ਼ਵਾਸ ਦੇਖ ਕੇ ਖੁਸ਼ ਹੋਇਆ ਅਤੇ ਪ੍ਰਮਾਤਮਾ ਨੇ ਉਸ ਦਿਨ ਨਾਸਤਕ ਨੂੰ ਦਰਸ਼ਨ ਦਿੱਤੇ।

# ਸੀਰਤ ਦੇ ਕਾਵਿ ਵਿਚ ਸਮਾਂ ਅਤੇ ਗਤੀ ਦੇ ਦਰਸ਼ਨ






**ਜੰਮੂ–** ਸੂਬੇ ਦੇ ਪ੍ਰਸਿੱਧ ਪੰਜਾਬੀ ਕਵੀ ਅਤੇ ਨਾਵਲਕਾਰ ਸੁਰਿੰਦਰ ਸੀਰਤ ਦੀ ਸਿਰਜਣਾਤਮਕ ਲੇਖਣ ਪ੍ਰਕਿਰਿਆ ਤੇ ਦੋ ਦਿਨਾ ਕੌਮੀ ਸੰਮੇਲਨ ਇੱਥੇ ਆਯੋਜਿਤ ਕੀਤਾ ਗਿਆ। ਇਸ ਵਿਚ ਵੱਖ ਵੱਖ ਯੂਨੀਵਰਸਿਟੀਆਂ ਤੋਂ ਆਏ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਨੇ ਉਹਨਾਂ ਦੇ ਜੀਵਨ ਤੇ ਚਰਚਾ ਕੀਤੀ। ਮੁੱਖ ਭਾਸ਼ਣ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਦਰਿਆ ਨੇ ਸੁਰਿੰਦਰ ਸੀਰਤ ਦੀ ਸਮੁੱਚੀ ਰਚਨਾ ਪ੍ਰਕਿਰਿਆ ਬਾਰੇ ਚਰਚਾ ਕਰਦੇ ਹੋਏ ਉਸਦੀ ਵਿਚਾਰਧਾਰਾ ਨੂੰ ਪੇਸ਼ ਕੀਤਾ। ਉਹਨਾਂ ਕਿਹਾ ਕਿ ਸੀਰਤ ਆਪਣੇ ਸਾਹਿਤ ਵਿਚ ਸਥਾਨਕ ਸਮੱਸਿਆਵਾਂ ਤੋਂ ਆਰੰਭ ਹੋ ਕੇ ਵਿਸ਼ਵ ਪੱਧਰ ਤੱਕ ਮਨੁੱਖੀ ਅਤੇ ਆਧੁਨਿਕ ਸਰੋਕਾਰਾਂ ਦੀ ਗੱਲ ਕਰਦੇ ਹਨ।

ਪ੍ਰਧਾਨਗੀ ਭਾਸ਼ਣ ਵਿਚ ਡਾ. ਸੁਖਦੇਵ ਸਿੰਘ ਖਾਰਾ ਨੇ ਸੀਰਤ ਦੇ ਸਾਹਿਤ ਨੂੰ ਅਲੱਗ ਅਲੱਗ ਦਾਰਸ਼ਨਿਕ ਧਾਰਾਵਾਂ ਦੇ ਨਾਲ ਜੋੜ ਕੇ ਗੱਲ ਕੀਤੀ। ਸੀਰਤ ਦੇ ਕਾਵਿ ਵਿਚ ਸਮਾਂ ਅਤੇ ਗਤੀ ਦਾ ਦਰਜ਼ਨ ਹੈ।

ਅੱਜ ਤੱਕ ਜੰਮੂ ਦਾ ਪੰਜਾਬੀ ਸਾਹਿਤ ਹਾਸ਼ੀਏ ਦਾ ਸਾਹਿਤ ਰਿਹਾ ਹੈ। ਡਾ. ਸੁਸ਼ੀਲ ਸ਼ਰਮਾ, ਵਿਸ਼ਵ ਨਾਗਰਿਕ, ਡਾ. ਮਨੋਜੀਤ, ਖਾਲਿਦ ਹੁਸੈਨ ਅਤੇ ਕੁਝ ਸਾਹਿਤਕ ਸੰਗਠਨਾਂ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਮੁੱਖ ਧਾਰਾ ਵੱਲ ਵੱਧ ਰਿਹਾ ਹੈ। ਦਿੱਲੀ ਯੂਨੀਵਰਸਿਟੀ ਦੇ ਡਾ. ਜਗਵੀਰ ਨੇ ਸੀਰਤ ਦੀ ਗਿਆਨ ਦੀ ਕਹਾਣੀ, ਪ੍ਰੇਰਨਾ, ਦਾਰਸ਼ਨਿਕ ਅਤੇ ਸਿਰਜਣਾਤਮਕ ਸਫਰ ਤੇ ਰੌਸ਼ਨੀ ਪਾਈ।

ਡਾ. ਦਰਿਆ ਦੀਪੁਸਤਕ ਪੰਜਾਬ ਦੇ ਕਬੀਲੇ, ਡਾ. ਗੁਰਪ੍ਰੀਤ ਦੀ ਪੁਸਤਕ ਸਖੀ ਸਰਵਰ, ਸਾਹਿਬ ਸਿੰਘ ਦੀ ਪੁਸਤਕ ਡਰਾਇਵਰਾਂ ਦੀ ਲੋਕ ਧਾਰਾ ਸੰਸਕ੍ਰਿਤਕ ਪੜਚੋਲ ਅਤੇ ਡਾ. ਸੁਸ਼ੀਲ ਸ਼ਰਮਾ ਦੁਆਰਾ ਸੰਪਾਦਿਤ ਤ੍ਰੈਮਾਸਿਕ ਮੈਗਜ਼ੀਨ ਅਮਲਤਾਸ ਦੀ ਘੁੰਡ ਚੁਕਾਈ ਕੀਤੀ ਗਈ। ਪਹਿਲੇ ਪੱਧਰ ਦਾ ਮੰਚ ਸੰਚਾਲਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾ. ਪ੍ਰਵੀਨ ਕੁਮਾਰ ਨੇ ਕੀਤਾ। ਡਾ. ਅਮਰਜੀਤ ਸਿੰਘ ਨੇ ਸੁਰਿੰਦਰ ਸੀਰਤ ਦੇ ਦਾਰਸ਼ਨਿਕ ਮੁਹਾਵਰੇ ਅਤੇ ਤਜਰਬੇ ਤੇ ਪੇਪਰ ਪੜ੍ਹਿਆ। ਪੇਪਰ ਵਿਚ ਭਾਰਤੀ ਦਰਸ਼ਨ ਅਤੇ ਵਿਸ਼ਵ ਦਰਸ਼ਨ ਤੇ ਅਧਿਐਨ ਕਰਦੇ ਹੋਏ ਸੀਰਤ ਦੀ ਕਵਿਤਾ ਅਤੇ ਗ਼ਜ਼ਲ ਦੇ ਤਜਰਬੇ ਅਤੇ ਮੁਹਾਵਰੇ ਦਾ ਅਧਿਐਨ ਝਲਕਿਆ।

ਡਾ. ਪ੍ਰਵੀਨ ਕੁਮਾਰ ਨੇ ਸੁਰਿੰਦਰ ਸੀਰਤ ਦੀ ਕਵਿਤਾ ਅਸਤਿਤਵਵਾਦੀ ਮਾਹੌਲ ਵਿਸ਼ੇ ਤੇ ਪੇਪਰ ਪੜ੍ਹਿਆ। ਉਹਨਾਂ ਨੇ ਪੇਪਰ ਵਿਚ ਅਸਤਿਤਵਵਾਦ ਦੀ ਸਿਧਾਂਤਕ ਚਰਚਾ ਦੇ ਨਾਲ ਸੀਰਤ ਦੀ ਕਵਿਤਾ ਨੂੰ ਸਾਹਿਤਵਾਦ ਨਾਲ ਜੋੜ ਕੇ ਗੱਲ ਕੀਤੀ। ਡਾ. ਗੁਰਪ੍ਰੀਤ ਸਿੰਘ ਸਿੱਧੂ, ਸਾਹਿਬ ਸਿੰਘ, ਡਾ. ਸੰਤਸੇਵਕ ਸਿੰਘ, ਡਾ. ਹਰਿੰਦਰ ਸਿੰਘ ਦੁਆਰਾ ਪੜ੍ਹੇ ਗਏ ਪੇਪਰ ਵੀ ਪਸੰਦ ਕੀਤੇ ਗਏ।

ਸੁਸ਼ੀਲ ਸ਼ਰਮਾ ਨੇ ਕਿਹਾ ਕਿ ਸੀਰਤ ਦੀਆਂ ਕਵਿਤਾਵਾਂ, ਗ਼ਜ਼ਲਾਂ ਜੀਵਨ ਦੇ ਵੱਖ ਵੱਖ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ। ਵਰਤਮਾਨ ਮਾਹੌਲ ਤੇ ਜੋ ਟਿੱਪਣੀ ਉਹਨਾਂ ਨੇ ਕੀਤੀ ਹੈ, ਪੰਜਾਬੀ ਸਾਹਿਤ ਵਿਚ ਨਵਾਂ ਦਰਵਾਜ਼ਾ ਖੋਲ੍ਹਦੀ ਹੈ। ਕੇ. ਐਲ. ਸਹਿਗਲ ਹਾਲ ਵਿਚ ਸੈਮੀਨਾਰ ਦਾ ਆਯੋਜਨ ਪੰਜਾਬੀ ਲੇਖਕ ਸਭਾ ਜੰਮੂ ਅਤੇ ਅਦਬੀ ਸੰਗਤ ਜੰਮੂ ਦੇ ਸਹਿਯੋਗ ਨਾਲ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸ਼ਾਮ ਸਾਜਨ ਦੁਆਰਾ ਸੰਗੀਤਬੱਧ ਸੀਰਤ ਦੀਆਂ ਗ਼ਜ਼ਲਾਂ ਨੇ ਮਨ ਮੋਹ ਲਿਆ।

# ਚੁਸ਼ਮੇ ਦਾ ਮੇਲਾ ਜਾਹੋ ਜਲਾਲ ਨਾਲ ਹੋਇਆ ਸੰਪੰਨ

## ਕੁਸ਼ਤੀ ਦੰਗਲ ਵਿਚ ਲੜਕੀ ਨੇ ਦੌੜ ਲਗਾ ਕੇ ਕੀਤਾ ਸਭ ਨੂੰ ਹੈਰਾਨ





**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਬਲਾਚੌਰ ਗੜ੍ਹਸ਼ੰਕਰ ਮੁੱਖ ਮਾਰਗ ਤੇ ਸਥਿਤ ਲੱਖ ਦਾਤਾ ਪੀਰ ਤੇ ਭੈਰੋਂਯੰਤੀ ਮੰਦਰ ਚੁਬਮਾ ਵਿਖੇ ਹੋਇਆ ਸਾਲਾਨਾ ਕੁਸ਼ਤੀ ਦੰਗਲ ਅਤੇ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਗਿਆ।

ਮੇਲੇ ਦੇ ਆਖਰੀ ਦਿਨ ਪਹਿਲਾਂ ਸਟੇਜ ਤੇ ਆਏ ਹੋਏ ਕਲਾਕਾਰਾਂ ਵੱਲੋਂ ਆਪਣੇ ਜੌਹਰ ਦਿਖਾਏ ਗਏ।ਡਿਊਟ ਜੋੜੀ ਵੀਰ ਸੁਖਵੰਤ ਤੇ ਰੇਣੂ ਰਣਜੀਤ ਤੇ ਬੰਸ਼ੀ ਬਰਨਾਸ ਸਮੇਤ ਹੋਰ ਛੋਟੇ ਵੱਡੇ ਕਲਾਕਾਰਾਂ ਨੇ ਆਪਣੀ ਗਾਇਕੀ ਨਾਲ ਮਨੋਰੰਜਨ ਕੀਤਾ। ਸ਼ਾਮ ਦੇ ਸਮੇਂ ਨਜ਼ਦੀਕ ਹੀ ਸਜਾਏ ਗਏ ਅਖਾੜੇ ਵਿਚ ਨਾਮੀ ਭਲਵਾਨਾਂ ਦੇ ਕੁਸ਼ਤੀ ਦੇ ਦੰਗਲ ਕਰਵਾਏ ਗਏ। ਅਖਾੜੇ ਵਿਚ 50 ਦੇ ਕਰੀਬ ਕੁਸ਼ਤੀ ਮੁਕਾਬਲੇ ਕਰਵਾਏ ਗਏ। ਕੁਸ਼ਤੀ ਮੁਕਾਬਲਿਆਂ ਵਿਚ ਸੋਨੂੰ ਚੰਨਿਆਣੀ ਨੇ ਕੁਲਵਿੰਦਰ ਮੀਰਪੁਰ ਲੱਖਾਂ ਨੂੰ ਹਰਾ ਕੇ ਜਿੱਤ ਦਰਜ ਕਰਵਾਈ, ਜਿਸਤੇ ਖੁਸ਼ ਹੋ ਕੇ ਪਿੰਡ ਸਜਾਨਵਲਪੁਰ ਦੇ ਚੈਂਚਲ ਸਿੰਘ ਨੇ ਇਕ ਹਜ਼ਾਰ ਦਾ ਸਪੈਸ਼ਲ ਇਨਾਮ ਦੇ ਕੇ ਸਨਮਾਨਿਤ ਕੀਤਾ। ਪਟਕੇ ਦੀ ਕੁਸ਼ਤੀ ਦਾ ਮੁਕਾਬਲਾ ਰਾਣੀ ਲੱਲੀਆਂ ਤੇ ਜੱਸਾ ਪੱਟੀ ਵਿਚਕਾਰ ਹੋਇਆ। ਕਈ ਘੋਲਾਂ ਦੇ ਜੇਤੂ ਰਾਨੀ ਲੱਲੀਆਂ (ਅਖਾੜਾ ਬਘੇਲ ਸਿੰਘ ਲੱਲੀਆਂ) ਨੂੰ ਹਰਾ ਕੇ ਜੱਸਾ ਪੱਟੀ ਵਾਲਾ ਨੇ ਪਟਕੇ ਤੇ ਕਬਜਾ ਕੀਤਾ। ਜੱਸੇ ਪੱਟੀ ਵਾਲੇ ਨੂੰ 31000 ਤੇ ਰਾਨੀ ਲੱਲੀਆਂ ਨੂੰ 25000 ਨਕਦ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਕੁਸ਼ਤੀ ਅਖਾੜੇ ਵਿਚ ਇਕ ਲੜਕੀ ਨੇ ਅਚਾਨਕ ਆਪਣੀ ਹਾਜ਼ਰੀ ਲਗਵਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਗੁਰਵਿੰਦਰ ਕੌਰ ਪਿੰਡ ਈਨੇਵਾਲ ਖੇੜੀ ਸੰਗਰੂਰ ਨੇ ਕੁਝ ਸਕਿੰਟਾਂ ਵਿਚ ਮਿੱਥੀ ਦੌੜ ਪੂਰੀ ਕਰਕੇ ਵਾਹ ਵਾਹ ਖੱਟੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ, ਸੁਰਿੰਦਰ ਸਿੰਘ ਛਿੰਦਾ, ਸਰਪੰਚ ਰਣਵੀਰ ਸਿੰਘ ਭੱਟੀ, ਨਰਿੰਦਰ ਕੁਮਾਰ, ਚਰਨ ਸਿੰਘ, ਜਗਤਾਰ ਸਿੰਘ ਸਰਪੰਚ, ਚੈਂਚਲ ਸਿੰਘ, ਜੋਗਾ ਸਿੰਘ ਤੇ ਅਨੀਤ ਸਿੰਘ ਮਜਾਰੀ ਵੀ ਹਾਜ਼ਰ ਸਨ।

# ਕਰਨਾਣਾ 'ਚ ਸ਼ਾਨਦਾਰ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ





**ਬੰਗਾ, (ਰੇਸ਼ਮ ਕਰਨਾਣਵੀ)–** ਖੇਡ ਖੇਤਰ ਵਿੱਚ ਵਿਲੱਖਣ ਤੇ ਇਤਿਹਾਸਕ ਪੈੜਾਂ ਪਾਉਣ ਵਾਲੇ ਵੇਟ ਲਿਫਟਰ ਉਲੰਪੀਅਨ ਜਸਵੀਰ ਸਿੰਘ ਬੰਗੜ ਦੇ ਪਿੰਡ ਕਰਨਾਣਾ ਵਿੱਚ ਨੌਜਵਾਨਾਂ ਦੇ ਉੱਦਮ ਨਾ਼ਲ ਮੀਆਂ ਸਾਹਿਬ ਸਪੋਰਟਸ ਕਲੱਬ ਵਲੋਂ 16 ਜੂਨ ਤੋਂ 22 ਜੂਨ ਤੱਕ ਕਰਵਾਏ ਗਏ ਨਾਇਟ ਕ੍ਰਿਕਟ ਟੂਰਨਾਮੈਂਟ ਵਿੱਚ ਪਿੰਡ ਕੁੱਕੜਾਂ ਬੀੜਾਂ ਦੀ ਟੀਮ ਕਰਨਾਣਾ ਦੀ ਟੀਮ ਨੂੰ ਹਰਾ ਕੇ ਜਿੱਤ ਦਰਜ ਕੀਤੀ।

ਇਸ ਟੂਰਨਾਮੈਂਟ ਵਿੱਚ ਇਨਾਮਾਂ ਦੀ ਵੰਡ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਹਲਕਾ ਬੰਗਾ ਦੇ ਇੰਚਾਰਜ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕੀਤੀ। ਫਲੱਡ ਲਾਇਟਾਂ ਦੀ ਰੌਸ਼ਨੀ ਵਿੱਚ ਸੱਤ ਰਾਤਾਂ ਚੱਲੇ ਇਸ ਟੂਰਨਾਮੈਂਟ ਵਿੱਚ 26 ਟੀਮਾਂ ਨੇ ਭਾਗ ਲਿਆ। ਕਰਨਾਣਾ ਦੀ ਟੀਮ ਨਾ਼ਲ ਹੋਏ ਫਾਇਨਲ ਮੈਚ ਵਿਚ ਕੁੱਕੜਾਂ ਬੀੜਾਂ ਦੀ ਟੀਮ ਸੱਤ ਵਿਕਟਾਂ ਨਾ਼ਲ ਜੇਤੂ ਰਹੀ।

ਇਨਾਂ ਟੀਮਾਂ ਨੇ ਕ੍ਰਮਵਾਰ 15 ਹਜ਼ਾਰ ਅਤੇ 10 ਹਜ਼ਾਰ ਦੇ ਇਨਾਮ ਪ੍ਰਾਪਤ ਕੀਤੇ। ਮੈਨ ਆਫ਼ ਦ ਮੈਚ ਘੰਟੀ ਬੰਗਾ ਅਤੇ ਮੈਨ ਆਫ਼ ਦ ਟੂਰਨਾਮੈਂਟ ਮਨੂ ਐਲਾਨੇ ਗਏ। ਮੀਆਂ ਸਾਹਿਬ ਸਪੋਰਟਸ ਕਲੱਬ ਦੇ ਪ੍ਰਧਾਨ ਸਰਬਜੀਤ ਲਾਖਾ, ਉੱਪ ਪ੍ਰਧਾਨ ਓਂਕਾਰ ਧੀਰ, ਖਜ਼ਾਨਚੀ ਸਾਭੀ ਧੀਰ, ਸਹਾਇਕ ਖਜ਼ਾਨਚੀ ਲੁੱਗੀ ਅਤੇ ਬਿੰਦੀ ਧੀਰ, ਹੀਰਾ ਧੀਰ, ਮਨਜੋਤ ਧੀਰ, ਜੱਸੂ ਧੀਰ, ਗੁੱਗੂ ਧੀਰ, ਹਨੀ ਧੀਰ, ਮਨਦੀਪ ਲਾਖਾ ਆਦਿ ਮੈਂਬਰਾਂ ਤੇ ਪਿੰਡ ਵਾਸੀਆਂ ਦੇ ਉੱਦਮ, ਐੱਨ. ਆਰ. ਆਈਜ਼ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਸਵਰਗੀ ਹਰਭਜਨ ਸਿੰਘ ਲਾਖਾ ਦੇ ਪਰਿਵਾਰ ਵਲੋਂ ਕੀਤੇ ਆਰਥਿਕ ਸਹਿਯੋਗ ਨਾ਼ਲ ਕਰਵਾਏ ਗਏ ਟੂਰਨਾਮੈਂਟ ਵਿੱਚ ਇਨਾਮਾਂ ਦੀ ਵੰਡ ਸਮੇਂ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਨੌਜਵਾਨਾਂ ਦੇ ਖੇਡਾਂ ਪ੍ਰਤੀ ਪ੍ਰੇਮ ਭਾਵਨਾ ਰੱਖਦੇ ਹੋਏ ਜੋ ਆਯੋਜਨ ਕੀਤਾ ਹੈ ਉਹ ਵਡਮੁੱਲਾ ਹੈ।

ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸਰਕਾਰ ਵਲੋਂ ਸਮੇਂ-ਸਮੇਂ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕ੍ਰਿਕਟ ਅਤੇ ਫੁਟਬਾਲ ਕਲੱਬ ਨੂੰ 50 ਹਜ਼ਾਰ ਰੁਪਏ ਦਾ ਚੈਕ ਭੇਂਟ ਕੀਤਾ। ਇਸ ਮੌਕੇ ਉਲੰਪੀਅਨ ਜਸਵੀਰ ਸਿੰਘ ਦੇ ਸਹੁਰਾ ਸਾਹਿਬ ਅਜੀਤ ਸਿੰਘ ਭਾਟੀਆ ਐੱਮ.ਸੀ. ਨੇ 3200 ਰੁਪਏ ਦਾ ਵਿਸ਼ੇਸ਼ ਇਨਾਮ ਦੇ ਤੌਰ ਤੇ ਭੇਂਟ ਕੀਤੇ। ਕਲੱਬ ਅਤੇ ਪਿੰਡ ਵਾਸੀਆਂ ਵਲੋਂ ਡਾ. ਸੁੱਖੀ ਅਤੇ ਹੋਰ ਪਤਵੰਤਿਆਂ ਦਾ ਸਨਮਾਨ ਅਤੇ ਧੰਨਵਾਦ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਦੇ ਨਾ਼ਲ ਸ਼੍ਰੋਮਣੀ ਅਕਾਲੀ ਦਲ ਦੇ ਐੱਸ. ਸੀ.ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੋਹਣ ਲਾਲ ਢੰਡਾ, ਕਰਮਜੀਤ ਸਿੰਘ ਕਰਨਾਣਾ, ਅਜੀਤ ਸਿੰਘ ਭਾਟੀਆ ਐੱਮ.ਸੀ. ਬੰਗਾ, ਜਸਵਿੰਦਰ ਸਿੰਘ ਕਲੇਰਾਂ, ਜਸਵਿੰਦਰ ਸਿੰਘ ਮਾਨ ਐੱਮ. ਸੀ. ਬੰਗਾ, ਸੁਖਦੀਪ ਸਿੰਘ, ਰਾਜਵਿੰਦਰ ਲਾਖਾ, ਦਵਿੰਦਰ ਲਾਖਾ ਪੰਚ, ਲਖਵੀਰ ਸਿੰਘ ਨੰਬਰਦਾਰ, ਮਾਸਟਰ ਜਸਵੀਰ ਸਿੰਘ, ਲੇਬਰ ਇੰਸਪੈਕਟਰ ਬਲਦੇਵ ਰਾਜ ਨਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ



**ਪ੍ਰੋਫੈਸਰ (ਡਾ.) ਰੌਣਕੀ ਰਾਮ**
Dean, Faculty of Arts
Honorary Director, ICSSR, North-Western Regional Centre
Shaheed Bhagat Singh Professor of Political Science, Arts Block IV, Panjab University, Chandigarh
0091-9779142308

**ਦਲਿਤ** ਮੁਕਤੀ ਦਾ ਸਵਾਲ ਭਾਰਤੀ ਸਮਾਜ ਦੀ ਜਾਤਪਾਤੀ ਵਿਵਸਥਾ ਅਤੇ ਉਸ ਤੇ ਉਸਰੇ ਛੂਤਛਾਤ ਨਾਮ ਦੇ ਕੋਹੜਮਈ ਵਰਤਾਰੇ ਤੋਂ ਮੁਕਤੀ ਦੇ ਸਵਾਲ ਦਾ ਨਾਂ ਹੈ। ਇਹ ਉਸ ਸਾਰੇ ਸਮਾਜਕੀ, ਰਾਜਸੀ ਅਤੇ ਆਰਥਿਕ ਬੰਦਸ਼ਾਂ ਜਿਨ੍ਹਾਂ ਦੀਆਂ ਜੜ੍ਹਾਂ ਬ੍ਰਾਹਮਣਵਾਦੀ ਚਤੁਰਵਰਣੀ ਪ੍ਰਬੰਧ ਵਿੱਚ ਡੂੰਘੀ ਤਰ੍ਹਾਂ ਧਸੀਆਂ ਹੋਈਆਂ ਹਨ ਅਤੇ ਜਿਨ੍ਹਾਂ ਨੂੰ "ਮਹਾਤਮਾ ਬੁੱਧ, ਭਗਤੀ ਤੇ ਸੂਫੀ ਲਹਿਰਾਂ, ਜੋਤੀਬਾ ਫੂਲੇ, ਰਾਮਾਸਵਾਮੀ ਨਾਇਕਰ ਪੇਰੀਅਰ, ਨਾਰਾਇਣ ਗੁਰੂ, ਡਾ. ਭੀਮਰਾਓ ਅੰਬੇਡਕਰ ਅਤੇ ਮਹਾਤਮਾ ਗਾਂਧੀ ਆਦਿ ਸਮਾਜ ਸੁਧਾਰਕਾਂ ਦੇ ਅੰਦੋਲਨ, ਪੂੰਜੀਵਾਦੀ ਉਤਪਾਦਨ ਪ੍ਰਣਾਲੀ ਨਾਲ ਉਪਜੇ ਨਵੇਂ ਵਰਗ-ਸੰਬੰਧ ਅਤੇ ਆਧੁਨਿਕ ਸਿੱਖਿਆ ਤੇ ਵਿਗਿਆਨਕ ਚੇਤਨਾ ਦਾ ਪ੍ਰਸਾਰ..." ਵੀ ਪੂਰੀ ਤਰ੍ਹਾਂ ਨਸ਼ਟ ਕਰਨ ਵਿੱਚ ਅਸਫਲ ਰਹੇ ਹਨ, ਬਾਰੇ ਚੇਤਨ ਹੋ ਕੇ ਲੋਕਤੰਤਰੀ ਅਤੇ ਸੰਵਿਧਾਨਕ ਵਿਧੀਆਂ ਦੁਆਰਾ ਮੁਕਤ ਹੋਣ ਤੋਂ ਹੈ। ਦਲਿਤ ਮੁਕਤੀ ਦੇ ਇਸ ਅਹਿਮ ਸਵਾਲ ਦੀ ਸਭ ਤੋਂ ਪਹਿਲਾਂ ਗੱਲ ਦਲਿਤ ਕਵਿਤਾ ਵਿੱਚ ਸਾਹਮਣੇ ਆਉਂਦੀ ਹੈ ਜਿਸ ਦੀ ਪ੍ਰੌੜਤਾ ਮੱਧਕਾਲੀ ਉਤਰੀ ਭਾਰਤੀ ਭਗਤੀ ਲਹਿਰ ਦੇ ਕਵੀਆਂ ਦੀ ਰਚਨਾ ਵਿੱਚ ਹੁੰਦੀ ਹੈ। ਮੱਧਕਾਲੀਨ ਭਗਤੀ ਲਹਿਰ ਤੋਂ ਬਾਅਦ ਦਲਿਤ ਮੁਕਤੀ ਦੇ ਸਵਾਲ ਦੀ ਇਕ ਵਾਰ ਫਿਰ ਚਰਚਾ ਮਹਾਰਾਸ਼ਟਰ ਦੇ ਅੰਦੋਲਨਕਾਰੀ ਸਮਾਜ ਸੁਧਾਰਕ ਤੇ ਰਾਜਸੀ ਵਿਚਾਰਕ ਜੋਤੀ ਰਾਓ ਫੂਲੇ ਦੇ ਮਰਾਠੀ ਨਾਟਕਾਂ ਤੇ ਮਹਾਂਕਾਵਾਂ ਵਿੱਚ ਹੋਈ ਮਿਲਦੀ ਹੈ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਦੌਰਾਨ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਉੱਠੀਆਂ ਆਦਿ ਲਹਿਰਾਂ ਦੌਰਾਨ ਦਲਿਤ ਮੁਕਤੀ ਦਾ ਸਵਾਲ ਬੱਝਵੇਂ ਰੂਪ ਵਿੱਚ ਕਵਿਤਾ ਦੇ ਮਾਧਿਅਮ ਰਾਹੀਂ ਆਪਣੀ ਹੋਂਦ ਦੀ ਤਿੱਖੀ ਆਵਾਜ਼ ਉਠਾਉਂਦਾ ਹੈ। ਆਦਿ ਲਹਿਰਾਂ ਦੀ ਦਲਿਤ ਮੁਕਤੀ ਦੇ ਸਵਾਲ ਪ੍ਰਤੀ ਚੇਸ਼ਟਾ ਦੇ ਨੁਕਤਾ-ਨਿਗਾਹ ਤੋਂ ਉਤਰੀ ਭਾਰਤੀ ਖਿੱਤਾ ਮੁੱਖਧਾਰਾ ਵਜੋਂ ਸਾਹਮਣੇ ਆਉਂਦਾ ਹੈ। ਉਤਰ ਪ੍ਰਦੇਸ਼ ਦੇ ਅਛੂਤਾਨੰਦ ਤੇ ਹੀਰਾਡੋਮ ਦਲਿਤ ਕਵਿਤਾ ਦੇ ਮਾਧਿਅਮ ਰਾਹੀਂ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਸਵਾਲ ਦੀ ਇਸ ਖਿੱਤੇ ਵਿੱਚ ਨਿੱਠ ਕੇ ਵਕਾਲਤ ਕਰਦੇ ਹਨ। ਪੰਜਾਬ ਵਿੱਚ ਦਲਿਤ ਕਵਿਤਾ ਦੇ ਮਾਧਿਅਮ ਰਾਹੀਂ ਦਲਿਤ ਮੁਕਤੀ ਦੇ ਸਵਾਲ ਦੀ ਚਰਚਾ ਪਹਿਲੀਵਾਰ ਆਦਿ ਧਰਮ ਲਹਿਰ ਦੌਰਾਨ ਦਲਿਤ ਜੀਵਨ, ਦਮਨ ਅਤੇ ਉਥਾਨ ਨੂੰ ਸਮਰਪਿਤ ਬਾਬੂ ਮੰਗੂ ਰਾਮ, ਗੁਰਦਾਸ ਰਾਮ ਆਲਮ, ਚਰਨ ਦਾਸ ਨਿਧੜਕ ਅਤੇ ਚਾਨਣ ਲਾਲ ਮਾਣਕ ਦੀ ਕਵਿਤਾ ਵਿੱਚ ਹੁੰਦੀ ਹੈ।

ਭਾਰਤ ਦੀਆਂ ਵੱਖ-ਵੱਖ ਖੇਤਰੀ ਭਾਸ਼ਾਵਾਂ ਦੇ ਸਾਹਿਤ ਵਿੱਚ ਦਲਿਤ ਮੁਕਤੀ ਨਾਲ ਜੁੜਿਆ ਸਵਾਲ ਮੁੱਖ ਤੌਰ ਤੇ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਵਿਢੇ ਗਏ ਦਲਿਤ ਅੰਦੋਲਨ ਦੌਰਾਨ ਜਮ ਕੇ ਹੋਂਦ ਵਿੱਚ ਆਉਂਦਾ ਹੈ। ਕੰਵਲ ਭਾਰਤੀ ਦੇ ਸ਼ਬਦਾਂ ਵਿੱਚ, "ਮਹਾਤਮਾ ਫੂਲੇ ਤੋਂ ਬਾਅਦ ਵੀਹਵੀਂ ਸ਼ਤਾਬਦੀ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਨੇ ਦਲਿਤ ਅੰਦੋਲਨ ਨੂੰ ਨਵੀਂ ਧਾਰ ਦਿੱਤੀ। ਉਨ੍ਹਾਂ ਨੇ ਦਲਿਤਾਂ ਦੇ ਸਵਾਲ ਨੂੰ ਰਾਸ਼ਟਰੀ ਅੰਦੋਲਨ ਦਾ ਸਵਾਲ ਬਣਾਇਆ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜਾਤ ਅਤੇ ਵਰਗਹੀਣ ਸਮਾਜ ਦੇ ਨਿਰਮਾਣ ਕੀਤੇ ਬਿਨਾਂ ਸਵਰਾਜ ਪ੍ਰਾਪਤ ਕਰਨ ਦਾ ਕੋਈ ਮਹੱਤਵ ਨਹੀਂ ਹੈ। ਅੰਬੇਡਕਰ ਦੇ ਅੰਦੋਲਨ ਅਤੇ ਦਰਸ਼ਨ ਨੇ ਨਾ ਸਿਰਫ਼ ਮਹਾਰਾਸ਼ਟਰ ਵਿੱਚ ਬਲਕਿ ਪੂਰੇ ਭਾਰਤ ਵਿੱਚ ਦਲਿਤ ਨੂੰ ਨਵੀਂ ਸ਼ਕਤੀ ਅਤੇ ਨਵਾਂ ਜੋਸ਼ ਦਿੱਤਾ, ਜਿਸ ਨੇ ਅੱਗੇ ਜਾ ਕੇ ਜਿੱਥੇ ਰਾਜਨੀਤੀ ਦੇ ਖੇਤਰ ਵਿੱਚ ਅਗਵਾਈ ਕੀਤੀ, ਉੱਥੇ ਸਾਹਿਤ ਵਿੱਚ ਵੀ ਨਵੀਂ ਪੀੜ੍ਹੀ ਨੂੰ ਤਿਆਰ ਕੀਤਾ। ਮਹਾਰਾਸ਼ਟਰਾ ਵਿੱਚ ਡਾ. ਅੰਬੇਡਕਰ ਦੀ ਸਿੱਖਿਆ ਸੰਸਥਾਵਾਂ ਅਤੇ ਉਨ੍ਹਾਂ ਵੱਲੋਂ ਪ੍ਰਕਾਸ਼ਤ 'ਜਨਤਾ', 'ਪ੍ਰਬੁੱਧ ਭਾਰਤ', 'ਬਹਿਸ਼ਕ੍ਰਿਤ ਭਾਰਤ' ਅਤੇ 'ਮੂਕ ਨਾਇਕ' ਅਖ਼ਬਾਰਾਂ ਵਿੱਚ ਮੁੱਖਧਾਰਾ ਦੀ ਮਰਾਠੀ ਪੱਤਰਕਾਰਤਾ ਅਤੇ ਸਾਹਿਤ ਵਿੱਚ ਹਲਚਲ ਪੈਦਾ ਕਰ ਦਿੱਤੀ ਸੀ। ਇਸ ਨੇ ਅੱਗੇ ਚੱਲ ਕੇ ਮਰਾਠੀ ਦਲਿਤ ਸਾਹਿਤ ਦਾ ਮਾਰਗ ਦਰਸ਼ਨ ਕੀਤਾ"। ਡਾ. ਅੰਬੇਡਕਰ ਵੱਲੋਂ ਵਿਢੇ ਦਲਿਤ ਅੰਦੋਲਨ ਦਾ ਪੰਜਾਬ ਨਾਲ ਖ਼ਾਸ ਨਾਤਾ ਰਿਹਾ ਹੈ। ਮਹਾਰਾਸ਼ਟਰਾ ਤੋਂ ਬਾਅਦ ਅਤੇ ਉਥੋਂ ਦੇ ਵਾਸੀ ਮਹਾਰ ਕੌਮ ਨਾਲ ਸੰਬੰਧਤ ਦਲਿਤਾਂ ਤੋਂ ਇਲਾਵਾ ਡਾ. ਅੰਬੇਡਕਰ ਨਾਲ ਅਗਰ ਭਾਰਤ ਦੇ ਕਿਸੇ ਹੋਰ ਰਾਜ ਜਾਂ ਕਿਸੇ ਹੋਰ ਖਾਸ ਦਲਿਤ ਜਾਤ ਨਾਲ ਸੰਬੰਧਤ ਲੋਕਾਂ ਦੀ ਨੇੜਤਾ ਰਹੀ ਹੈ ਤਾਂ ਉਹ ਹੈ ਪੰਜਾਬ ਅਤੇ ਪੰਜਾਬ ਦੇ, ਖਾਸ ਕਰਕੇ ਦੁਆਬਾ ਖੇਤਰ ਦੇ, ਚਮਾਰ ਜਾਤ ਨਾਲ ਸੰਬੰਧਤ ਲੋਕ। ਡਾ. ਅੰਬੇਡਕਰ ਦੇ ਦਿੱਲੀ ਆ ਕੇ ਵਸਣ ਤੋਂ ਬਾਅਦ ਤਾਂ ਉਨ੍ਹਾਂ ਦੀ ਨੇੜਤਾ ਜ਼ਿਆਦਾਤਰ ਪੰਜਾਬ ਤੋਂ ਦਿੱਲੀ ਜਾ ਕੇ ਕੰਮਕਾਜਾਂ ਤੇ ਲੱਗੇ ਪੰਜਾਬੀ ਦਲਿਤ ਨੌਜਵਾਨਾਂ ਨਾਲ ਹੀ ਰਹੀ ਹੈ ਜਿਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਤਾਂ ਬਾਬਾ ਸਾਹਿਬ ਦੇ ਆਖਰੀ ਸਾਹਾਂ ਤੱਕ ਉਨ੍ਹਾਂ ਦਾ ਸਾਥ ਨਿਭਾਇਆ। ਨਾਨਕ ਚੰਦ ਰੱਤੂ, ਸੋਹਣ ਲਾਲ ਸ਼ਾਸਤਰੀ, ਬਿਮਲ ਚੰਦਰ, ਕਰਤਾਰ ਸਿੰਘ, ਦੇਵੀ ਦਾਸ, ਪ੍ਰਕਾਸ਼ ਚੰਦ, ਮੁਣਸ਼ੀ ਰਾਮ ਭਾਰਦਵਾਸ਼, ਚਾਨਣ ਗੋਬਿੰਦਪੁਰੀ, ਠਾਕਰ ਦਾਸ ਚੌਧਰੀ, ਨਾਮਾ ਰਾਮ, ਰਾਮ ਕਿਸ਼ਨ ਮਹਿਮੀ, ਪਾਖਰ ਰਾਮ ਅਹੀਰ, ਰਾਮ ਰਤਨ ਬੰਗਾ, ਬਿਸਨਾ ਰਾਮ, ਮਾ. ਖੁਸ਼ੀ ਰਾਮ, ਭਾਗ ਮੱਲ ਕਟਾਰੀਆ, ਚਾਨਣ ਰਾਮ ਘੁੱਗ, ਸ਼ੰਕਰ ਦਾਸ ਆਦਿ ਉਹ ਨਾਂ ਹਨ ਜਿਹੜੇ ਪੰਜਾਬ ਤੋਂ ਜਾ ਕੇ ਦਿੱਲੀ ਵਿਖੇ ਸਰਕਾਰੀ ਨੌਕਰੀਆਂ ਤੇ ਲੱਗੇ ਹੋਏ ਦਲਿਤ ਵਿਅਕਤੀ ਸਨ ਜਿਨ੍ਹਾਂ ਨੂੰ ਬਾਬਾ ਸਾਹਿਬ ਵੱਲੋਂ ਬਹੁਤ ਮੱਦਦ ਮਿਲੀ ਅਤੇ ਜਿਨ੍ਹਾਂ ਨੇ ਦਿੱਲੀ ਸ਼ਡਿਊਲਡ ਕਾਸਟ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਨਾਂ ਦੀ ਸੰਸਥਾ ਬਣਾ ਕੇ ਬਾਬਾ ਸਾਹਿਬ ਦੇ ਮਿਸ਼ਨ ਹਿੱਤ ਆਪਣਾ ਪੂਰਾ ਯੋਗਦਾਨ ਪਾਇਆ। ਡਾ. ਅੰਬੇਡਕਰ ਤਿੰਨ ਵਾਰ (1932, 1936, 1951) ਪੰਜਾਬ ਆਏ। ਉਨ੍ਹਾਂ ਨੂੰ ਆਦਿ ਧਰਮ ਲਹਿਰ ਵੱਲੋਂ ਵੀ ਲੰਡਨ ਵਿਖੇ ਗੋਲਮੇਜ਼ ਕਾਨਫਰੰਸਾਂ ਦੌਰਾਨ ਮਹਾਤਮਾ ਗਾਂਧੀ ਨਾਲ ਭਾਰਤ ਦੇ ਦਲਿਤ ਸਮਾਜ ਦੀ ਅਗਵਾਈ ਕਰਨ ਦੇ ਮੁੱਦੇ ਤੇ ਛਿੜੇ ਵਿਵਾਦ ਦੌਰਾਨ ਬਹੁਤ ਸਹਿਯੋਗ ਮਿਲਿਆ।

ਜਿੱਥੋਂ ਤੱਕ ਪੰਜਾਬੀ ਦਲਿਤ ਸਾਹਿਤ ਦਾ ਸਵਾਲ ਹੈ ਇਹ ਭਾਵੇਂ ਮਰਾਠੀ ਸਾਹਿਤ ਦੀ ਤਰ੍ਹਾਂ ਲੜੀਬੱਧ ਤੇ ਵਚਨਬੱਧ ਹੋ ਕੇ ਇੱਕ ਲਹਿਰ ਦੀ ਤਰ੍ਹਾਂ ਨਹੀਂ ਉੱਭਰ ਸਕਿਆ ਪਰ ਇਸ ਨੇ ਪੰਜਾਬੀ ਦਲਿਤ ਕਵਿਤਾ ਦੇ ਖੇਤਰ ਵਿੱਚ ਇੱਕ ਨਵੀਂ ਪਛਾਣ ਨੂੰ ਜਨਮ ਦਿੱਤਾ। ਸਹੀ ਮਾਅਨਿਆਂ ਵਿੱਚ ਗੁਰਦਾਸ ਰਾਮ ਆਲਮ, ਚਰਨ ਦਾਸ ਨਿਧੜਕ, ਚਾਨਣ ਗੋਬਿੰਦਪੁਰੀ ਅਤੇ ਪ੍ਰੀਤਮ ਰਾਮਦਾਸਪੁਰੀ ਪੰਜਾਬ ਵਿੱਚ ਉਠੀ ਅੰਬੇਡਕੇਰੀ ਲਹਿਰ ਦੀ ਹੀ ਉਪਜ ਹਨ। ਗੁਰਦਾਸ ਰਾਮ ਆਲਮ ਦਾ ਇਸ ਲਹਿਰ ਨਾਲ ਨਾਤਾ ਜੁੜਨ ਤੋਂ ਬਾਅਦ ਉਸ ਦੀ ਕਵਿਤਾ ਵਿੱਚ ਦਲਿਤ ਪਛਾਣ ਅਤੇ ਮੁਕਤੀ ਦੇ ਸਵਾਲ ਨੂੰ ਲੈ ਕੇ ਇੱਕ ਨਵਾਂ ਰੰਗ ਉਭਰਦਾ ਹੈ। ਸੁਖਦੇਵ ਸਿੰਘ ਸਰਸਾ ਦੇ ਸ਼ਬਦਾਂ ਵਿੱਚ, "ਗੁਰਦਾਸ ਰਾਮ ਆਲਮ ਦਲਿਤ ਮਨੁੱਖ ਦੇ ਯਥਾਰਥ ਨੂੰ ਹਰ ਤਰ੍ਹਾਂ ਦੇ ਰੁਮਾਂਸ ਤੋਂ ਮੁਕਤ ਹੋ ਕੇ ਉਸ ਦੇ ਆਪਣੇ ਨੁਕਤਾ-ਨਿਗਾਹ ਤੋਂ ਦੇਖਦਾ ਹੈ। ਉਸ ਦੇ ਸਰਲ ਸਬੋਧ ਪ੍ਰਗੀਤਾਂ ਦਾ ਕਾਵਿ-ਪਾਤਰ ਰੋਂਦੂ ਨਹੀਂ। ਆਲਮ ਰਾਜਸੀ ਤੌਰ ਤੇ ਵਧੇਰੇ ਸੁਚੇਤ ਕਵੀ ਹੈ। ਅੰਬੇਡਕਰੀ ਚੇਤਨਾ ਦੇ ਨਾਲ-ਨਾਲ ਉਸ ਦੇ ਕਾਵਿ ਦਾ ਵਿਚਾਰਧਾਰਕ ਪ੍ਰੇਰਨਾ ਸ੍ਰੋਤ ਪ੍ਰਗਤੀਵਾਦੀ ਚਿੰਤਨ ਬਣਦਾ ਹੈ"। ਇਹ ਉਸ ਸਮਾਂ ਹੈ ਜਦ ਪੰਜਾਬੀ ਦਲਿਤ ਕਵਿਤਾ ਡਾ. ਅੰਬੇਡਕਰ ਦੇ ਜੀਵਨ ਅਤੇ ਸੰਘਰਸ਼ ਉੱਤੇ ਕੇਂਦਰਤ ਸੀ। ਚਰਨ ਦਾਸ ਨਿਧੜਕ ਦੀਆਂ ਕੁਝ ਕਵਿਤਾਵਾਂ ਜਿਵੇਂ- 'ਮੈਂ ਤੇਰੇ ਉੱਤੋਂ ਜਾਨ ਵਾਰਦੀ', 'ਦੁਖੀ ਭੈਣ ਦੀ ਪੁਕਾਰ', 'ਭੀਮ ਰਾਓ ਜੀ ਮਰਨਾ ਤੇਰਾ', 'ਬਾਗੀ ਹੋਣਾ ਦੱਸ ਗਿਆ', 'ਬਖ਼ਸ਼ ਗਿਆ ਇਨਸਾਨੀ', 'ਟੁੱਟ ਗਈ ਤਾਣੀ', ਚਾਨਣ ਲਾਲ ਮਾਣਕ ਦੀ ਕਵਿਤਾ 'ਡਾ. ਅੰਬੇਡਕਰ ਜੀ', ਪ੍ਰੀਤਮ ਰਾਮਦਾਸਪੁਰੀ ਦੀਆਂ 'ਮੈਂ ਤਾਂ ਭੀਮ ਦੀਵਾਨੀ ਹੋਈ', 'ਆਪਣੀ ਕਿਸ਼ਤੀ ਦਾ ਖਵੱਈਆ ਆਪ ਹੋਣਾ ਆ ਗਿਆ', 'ਹਸਤੀ-ਏ-ਅੰਬੇਡਕਰ', 'ਭੀਮ ਦੀ ਔਲਾਦ ਹਾਂ' ਆਦਿ ਕਵਿਤਾਵਾਂ ਦਾ ਮੁੱਖ ਵਿਸ਼ਾ ਡਾ. ਅੰਬੇਡਕਰ ਤੇ ਉਨ੍ਹਾਂ ਦੇ ਸੰਘਰਸ਼ ਤੇ ਹੀ ਅਧਾਰਤ ਹੈ।

ਉਪਰੋਕਤ ਪੰਜਾਬੀ ਦਲਿਤ ਕਵਿਤਾ ਨੂੰ ਆਧੁਨਿਕ ਪੰਜਾਬੀ ਕਵਿਤਾ ਵਿੱਚ ਕੋਈ ਸਥਾਨ ਪ੍ਰਾਪਤ ਨਹੀਂ ਹੈ। ਇਸ ਤੋਂ ਇਹ ਸਾਫ-ਸਾਫ ਨਜ਼ਰੀ ਪੈਂਦਾ ਹੈ ਕਿ ਪੰਜਾਬੀ ਦਲਿਤ ਕਵਿਤਾ ਵਿਚਲੇ ਵਿਸ਼ਾ-ਵਸਤੂ ਜਾਂ ਤਾਂ ਸੰਪੂਰਨ ਪੰਜਾਬੀ ਸਮਾਜ ਦੇ ਵਿਸ਼ਿਆਂ ਤੋਂ ਅਲੱਗ ਹਨ ਜਾਂ ਫਿਰ ਉਨ੍ਹਾਂ ਨੂੰ ਕਾਵਿ-ਸੋਹਜ ਅਤੇ ਰਸ ਤੋਂ ਵੱਖ ਰੱਖ ਕੇ ਸਿਰਫ ਸਟੇਜੀ ਕਵਿਤਾ ਜਾਂ ਤੁਕਬੰਦੀ ਤਕ ਸੀਮਤ ਕੀਤਾ ਗਿਆ ਹੈ। ਇਸ ਬਾਰੇ ਦਲਿਤ ਅਤੇ ਗ਼ੈਰ-ਦਲਿਤ ਕਵੀ ਅਲੋਚਕਾਂ ਵਿੱਚ ਖਾਸੀ ਡੂੰਘੀ ਖਾਈ ਹੈ। ਡਾ. ਕੇਸਰ ਸਿੰਘ ਕੇਸਰ ਆਧੁਨਿਕ ਪੰਜਾਬੀ ਕਵਿਤਾ ਨੂੰ ਪੰਜ ਭਾਗਾਂ ਵਿੱਚ ਵੰਡ ਕੇ ਉਸ ਦਾ ਵਿਸ਼ਲੇਸ਼ਣ ਕਰਦੇ ਹਨ। ਇਹ ਪੰਜ ਭਾਗ ਇਸ ਤਰ੍ਹਾਂ ਹਨ: 1900-1935; 1935-1947; 1947-1960; 1960-1970; 1961-2000। ਇਨ੍ਹਾਂ ਵੱਖ-ਵੱਖ ਸਮਿਆਂ ਦੌਰਾਨ ਹੋਂਦ ਵਿੱਚ ਆਈ ਆਧੁਨਿਕ ਪੰਜਾਬੀ ਕਵਿਤਾ ਨੂੰ ਉਹ ਰਹੱਸਵਾਦ, ਅਧਿਆਤਮਕਵਾਦ, ਰਾਸ਼ਟਰਵਾਦ, ਰੋਮਾਂਸਵਾਦ, ਛਾਇਆਵਾਦ, ਪ੍ਰਗਤੀਵਾਦ, ਪ੍ਰਯੋਗਵਾਦ ਅਤੇ ਜੁਝਾਰਵਾਦ ਆਦਿ ਪੜਾਵਾਂ 'ਚ ਹੁੰਦੇ ਹੋਏ ਰੂਪ ਅਖਤਿਆਰ ਕਰਦੀ ਹੋਈ ਪੇਸ਼ ਕਰਦੇ ਹਨ। ਉਹ ਆਧੁਨਿਕ ਪੰਜਾਬੀ ਕਵਿਤਾ ਦੇ ਪਹਿਲੇ ਪੜਾਅ ਵਿੱਚ ਚਾਰ ਪ੍ਰਮੁੱਖ ਕਵੀਆਂ ਨੂੰ ਅੰਕਿਤ ਕਰਦੇ ਹਨ ਜਿਨ੍ਹਾਂ ਦੇ ਨਾਂ ਹਨ: ਭਾਈ ਵੀਰ ਸਿੰਘ (1872-1957); ਲਾਲਾ ਕਿਰਪਾ ਸਾਗਰ (1875-1939); ਲਾਲਾ ਧਨੀ ਰਾਮ ਚਾਤ੍ਰਿਕ (1876-1954); ਅਤੇ ਪ੍ਰੋ. ਪੂਰਨ ਸਿੰਘ (1881-1931)। ਇਸੇ ਤਰ੍ਹਾਂ ਆਧੁਨਿਕ ਪੰਜਾਬੀ ਕਵਿਤਾ ਦੇ ਦੂਸਰੇ ਪੜਾਅ (1935-1947), ਜਿਸ ਨੂੰ ਉਹ ਸਹੀ ਅਰਥਾਂ ਵਿੱਚ ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਪੜਾਅ ਮੰਨਦੇ ਹਨ, ਵਿੱਚ ਉਹ ਸੋਲਾਂ ਕਵੀਆਂ ਨੂੰ ਅੰਕਿਤ ਕਰਦੇ ਹਨ। ਇਹ ਕਵੀ ਹਨ: ਲਾਲਾ ਧਨੀ ਰਾਮ ਚਾਤ੍ਰਿਕ (ਕੇਸਰ ਕਿਆਰੀ ਤੇ ਨਵਾਂ ਜਹਾਨ), ਡਾ. ਦੀਵਾਨ ਸਿੰਘ ਕਾਲੇਪਾਣੀ (ਵਗਦੇ ਪਾਣੀ), ਅੰਮ੍ਰਿਤਾ ਪ੍ਰੀਤਮ (ਅੰਮ੍ਰਿਤ ਲਹਿਰਾਂ, ਓ ਗੀਤਾਂ ਵਾਲਿਆ, ਜੀਊਂਦਾ ਜੀਵਨ, ਬੱਦਲਾਂ ਦੇ ਪੱਲੇ ਵਿੱਚ, ਪੱਥਰ ਗੀਟੇ ਆਦਿ), ਪ੍ਰੋ. ਮੋਹਨ ਸਿੰਘ (ਸਾਵੇ ਪੱਤਰ, ਕਸੁੰਭੜਾ, ਅਧਵਾਟੇ), ਬਾਵਾ ਬਲਵੰਤ (ਮਹਾਨਾਚ, ਅਮਰ ਗੀਤ, ਜਵਾਲਾ ਮੁਖੀ), ਪ੍ਰੀਤਮ ਸਿੰਘ ਸਫ਼ੀਰ (ਕਤਕ ਕੂੰਜਾਂ, ਰਕਤ ਬੂੰਦਾਂ, ਰਾਗ ਰਿਸ਼ਮਾਂ), ਦੇਵਿੰਦਰ ਸਤਿਆਰਥੀ (ਧਰਤੀ ਦੀਆਂ ਵਾਜਾਂ), ਪਿਆਰਾ ਸਿੰਘ ਸਹਿਰਾਈ (ਸਹਿਰਾਈ ਪੰਛੀ, ਤਾਰਿਆਂ ਦੀ ਲੋਅ), ਸੰਤੋਖ ਸਿੰਘ ਧੀਰ (ਗੁੱਡੀਆਂ ਪਟੋਲੇ, ਪਹੁ ਫੁਟਾਲਾ), ਚੰਨਣ ਸਿੰਘ ਜੇਠੂਵਾਲੀਆ (ਮਨ-ਆਈਆਂ), ਅਜਾਇਬ ਚਿਤਰਕਾਰ (ਦੁਮੇਲ), ਪ੍ਰੋ. ਹਰਦਿਆਲ ਸਿੰਘ ਸੀਕਰੀ (ਫੁਟਦੇ ਸੋਮੇ, ਅਵਤਾਰ ਸਿੰਘ ਅਜ਼ਾਦ (ਵਿਸ਼ਵ-ਵੇਦਨਾ), ਜਰਨੈਲ ਸਿੰਘ ਅਰਸ਼ੀ (ਲਲਕਾਰ), ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫਰ।

ਆਧੁਨਿਕ ਪੰਜਾਬੀ ਕਵਿਤਾ ਦੇ ਉਪਰੋਕਤ 1935-1947 ਕਾਲ ਦੌਰਾਨ ਬਣਦੇ ਬਾਰਾਂ-ਤੇਰਾਂ ਵਰ੍ਹਿਆਂ ਦੌਰਾਨ ਡਾ. ਕੇਸਰ ਸਿੰਘ ਕੇਸਰ ਪੰਜਾਬੀ ਕਵਿਤਾ ਦਾ ਸਿਖਰ ਸਮਾਜਵਾਦੀ ਢਾਂਚੇ ਵਿੱਚ ਸਥਾਪਿਤ ਹੁੰਦਾ ਦੱਸਦੇ ਹਨ, ਜਿਸ ਨੂੰ ਉਹ ਸਮਾਜਵਾਦ-ਯਥਾਰਥਵਾਦੀ ਕਵਿਤਾ ਦੇ ਨਾਂ ਨਾਲ ਪੁਕਾਰਦੇ ਹਨ। ਇਸ ਸਮੇਂ ਵਿੱਚ ਉਹ ਮਜ਼ਦੂਰ ਅਤੇ ਸਰਮਾਏਦਾਰੀ ਵਿਚਲੇ ਖਿੱਚ-ਤਾਣ ਦੀ ਗੱਲ ਕਰਦੇ ਹੋਏ ਇਸ ਦਾ ਰੁਖ ਦੁਨੀਆਂ ਭਰ ਦੇ ਮਿਹਨਤਕਸ਼ਾਂ ਨੂੰ ਇੱਕਠੇ ਹੋਣ ਦੇ ਨਾਅਰੇ ਵੱਲ ਵਿਕਸਿਤ ਹੁੰਦਾ ਦੇਖਦੇ ਹਨ। 1947 ਤੋਂ ਬਾਅਦ ਆਧੁਨਿਕ ਪੰਜਾਬੀ ਕਵਿਤਾ ਦੇ ਤਿੰਨ ਪੜਾਵਾਂ (1947-1960, 1960-1970, 1961-2000) ਦੌਰਾਨ ਉਹ ਪੰਜਾਬੀ ਕਵਿਤਾ ਦਾ ਮੁੱਖ ਸੁਰ ਪ੍ਰਗਤੀਵਾਦੀ, ਪ੍ਰਯੋਗਵਾਦੀ ਅਤੇ ਜੁਝਾਰਵਾਦੀ ਕਵਿਤਾ ਵਿੱਚੋਂ ਹੁੰਦਾ ਹੋਇਆ ਪੰਜਾਬ ਸੰਕਟ ਪਿੰਡ-ਸ਼ਹਿਰ ਦਾ ਤਣਾਓ, ਵਿਰਾਸਤ ਤੇ ਇਸ ਦਾ ਰੁਮਾਂਸ, ਦਲਿਤ ਮੁਕਤੀ ਤੇ ਜਾਤੀ ਚੇਤਨਾ, ਨਾਰੀ ਕੇਂਦਰਤ ਕਵਿਤਾ, ਦੇਹ ਤੇ ਦੇਹਹੀਣਤਾ, ਸ਼ਬਦ/ਕਾਵਿ ਕੇਂਦਰ, ਦਰਸ਼ਨ ਕੇਂਦਰਤ, ਪ੍ਰਵਾਸ ਅਤੇ ਪਰਿਆਵਰਣ ਅਤੇ ਸੰਸਕ੍ਰਿਤੀ ਦਾ ਪ੍ਰਦੂਸ਼ਣ ਅਤੇ ਭ੍ਰਿਸ਼ਟਾਚਾਰ ਆਦਿ ਥੀਮਾਂ ਦੇ ਰਾਹੀਂ ਰੂਪਾਂਤਰਤ ਹੁੰਦਾ ਦਰਸਾਉਂਦੇ ਹਨ।

ਜਿੱਥੋਂ ਤੱਕ ਪੰਜਾਬੀ ਦਲਿਤ ਕਵਿਤਾ ਦਾ ਸੰਬੰਧ ਹੈ ਡਾ. ਕੇਸਰ ਸਿੰਘ ਕੇਸਰ ਉਸ ਨੂੰ ਇੱਕ ਅਲੱਗ ਧਿਰ ਨਾ ਮੰਨਦੇ ਹੋਏ ਉਸ ਦੀ ਸਮੀਖਿਆ ਸਮਾਜਵਾਦੀ, ਯਥਾਰਥਵਾਦੀ ਅਤੇ ਜੁਝਾਰਵਾਦੀ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਸੰਗਾ ਵਿੱਚ ਹੀ ਹੁੰਦੀ ਲਿਖਦੇ ਹਨ। ਉਹ ਦਲਿਤ ਕਵਿਤਾ ਨੂੰ ਪਰਿਭਾਸ਼ਿਤ ਕਰਨ ਤੋਂ ਪਹਿਲਾਂ ਦਲਿਤ ਸ਼ਬਦ ਦੀ ਪਰਿਭਾਸ਼ਾ ਦਾ ਉਲੇਖ ਕਰਦੇ ਹਨ। ਉਨ੍ਹਾਂ ਅਨੁਸਾਰ ਦਲਿਤ ਪ੍ਰਸ਼ਨ ਦੇ ਉੱਤਰ ਵਿੱਚ ਹੁਣ ਤੱਕ ਤਿੰਨ ਮੱਤ ਪ੍ਰਸਤੁਤ ਕੀਤੇ ਗਏ ਹਨ: (1) ਸ਼ੋਸ਼ਿਤ ਦਲਿਤ ਹੈ (ਦਲਿਤ ਦਾ ਜਮਾਤੀ ਸੰਕਲਪ), (2) ਅਛੂਤ ਸ਼ੂਦਰ (ਨਾਰੀ ਸਮੇਤ) ਦਲਿਤ ਹੈ। (ਵਰਣ ਆਧਾਰਿਤ ਸੰਕਲਪ), (3) ਅਛੂਤ ਸ਼ੂਦਰ ਦਲਿਤ ਹੈ। (ਅੰਬੇਡਕਰਵਾਦੀ ਸੰਕਲਪ)। ਇਨ੍ਹਾਂ ਤਿੰਨਾਂ ਮਤਾਂ ਵਿੱਚੋਂ ਉਹ ਦਲਿਤ ਦਾ ਸਹੀ ਉਤਰ ਅਧਿਕਾਰ ਸ਼ੋਸ਼ਿਤ ਦਲਿਤ ਹੈ, ਦੇ ਮੱਤ ਨੂੰ ਹੀ ਤਰਜੀਹ ਦਿੰਦੇ ਹਨ। ਇਸ ਨਜ਼ਰੀਏ ਤੋਂ ਉਹ ਦਲਿਤ ਨੂੰ ਜਮਾਤੀ ਜ਼ਲਾਲਤ 'ਚ ਉਪਜੀ ਹੋਈ ਜਾਤੀ ਤੇ ਆਧਾਰਤ ਵਿਤਕਰੇਮਈ ਜੀਵਨ ਦਾਸਤਾਂ ਮੰਨਦੇ ਹਨ।

ਮਾਰਕਸਵਾਦੀ ਵਿਚਾਰਧਾਰਾ ਅਨੁਸਾਰ 'ਸ਼ੋਸ਼ਿਤ ਦਲਿਤ ਹੈ' ਦਾ ਮੱਤ 'ਜਾਤ' ਨੂੰ ਬ੍ਰਾਹਮਣਵਾਦੀ ਸਮਾਜਿਕ ਦਰਜਾਬੰਦੀ ਤੋਂ ਉਖੇੜ ਕੇ ਉਸ ਨੂੰ 'ਜਮਾਤ' ਤੇ ਆਧਾਰਤ ਉਤਪਾਦਨ ਨਾਲ ਸੰਬੰਧਤ ਕਿੱਤਿਆਂ ਨਾਲ ਜੁੜਿਆ ਹੋਇਆ ਮੰਨਦਾ ਹੈ। ਇਸ ਮੱਤ ਦੇ ਧਾਰਨੀ ਜਾਤ ਨੂੰ "ਜਮਾਤੀ ਸਮਾਜ ਵਿੱਚ ਉਤਪਾਦਨ ਦੀਆਂ ਲੋੜਾਂ 'ਚ ਪੈਦਾ ਹੋਇਆ ਕਿੱਤਾ/ਕਿਰਤ ਵੰਡ ਸਮਝਦੇ ਹਨ। ਇਹ ਵਿਚਾਰਧਾਰਾ ਅਛੂਤ ਜਾਂ ਸ਼ੂਦਰ ਨੂੰ 'ਦਲਿਤ' ਉਸ ਦੀ ਜਨਮ-ਜਾਤ ਕਰਕੇ ਨਹੀਂ ਬਲਕਿ ਉਸ ਦੀ ਆਰਥਿਕਤਾ ਦੇ ਆਧਾਰ ਤੇ ਮੰਨਦੀ ਹੈ। ਇਸ ਅਨੁਸਾਰ ਛੂਤਛਾਤ ਅਤੇ ਭਿੱਟ ਆਦਿ ਦੀਆਂ ਅਲਾਮਤਾਂ ਦੀਆਂ ਜੜ੍ਹਾਂ ਬ੍ਰਾਹਮਣਵਾਦੀ ਵਿਵਸਥਾ ਵਿੱਚ ਪੂਰਨ ਤੌਰ ਤੇ ਉਤਰੀਆਂ ਹੋਈਆਂ ਹਨ ਜਿਸ ਨੇ 'ਸਮਾਜ ਦੇ ਸਾਰੇ ਆਰਥਿਕ ਸੋਮਿਆਂ ਅਤੇ ਉਤਪਾਦਨ ਦੀਆਂ ਸ਼ਕਤੀਆਂ ਤੇ' ਕਾਬਜ਼ ਹੁੰਦੇ ਹੋਏ ਆਪਣੀ ਚਤੁਰ ਵਰਣਾ ਵੈਧਤਾ (ਲੈਜੀਟੀਮੇਸੀ) ਨੂੰ ਸਦੀਆਂ ਤੋਂ ਕਾਇਮ ਰੱਖਿਆ ਹੋਇਆ ਹੈ। ਇਥੇ ਸ਼ੂਦਰ/ਅਤਿ ਸ਼ੂਦਰ ਦੇ ਦਲਿਤ ਹੋਣ ਅਤੇ ਬ੍ਰਾਹਮਣ ਦੇ ਉੱਚ/ਸਵਰਨ ਹੋਣ ਦਾ ਕਾਰਨ ਉਨ੍ਹਾਂ ਦੀ ਜਾਤ ਨੂੰ ਨਾ ਮੰਨ ਕੇ ਆਰਥਿਕ ਸਥਿਤੀ ਨੂੰ ਮੰਨਿਆ ਜਾਂਦਾ ਹੈ। ਅਜਿਹੀ ਧਾਰਨਾ ਬ੍ਰਾਹਮਣਵਾਦ ਨੂੰ ਵੱਖਰੇ ਤੌਰ ਤੇ ਅਸਵੀਕਾਰ ਕਰਦੇ ਹੋਏ ਉਸ ਨੂੰ ਪੂੰਜੀਵਾਦ ਦਾ ਹੀ ਰਹੱਸਮਈ ਅਤੇ ਮਾਇਆਵਾਦੀ ਰੂਪ ਦਰਸਾਉਂਦੀ ਹੈ। ਇਸ ਨੁਕਤਾ-ਨਿਗਾਹ ਤੋਂ ਇਹ ਵਿਚਾਰਧਾਰਾ ਜਾਤ ਦੀ ਅਸਲੀ ਪਛਾਣ ਨੂੰ ਜਮਾਤ ਦੇ ਪ੍ਰਸੰਗ ਵਿੱਚ ਹੀ ਪਰਿਭਾਸ਼ਿਤ ਕਰਨ ਨੂੰ ਤਰਜੀਹ ਦਿੰਦੀ ਹੈ। ਇਸੇ ਲਈ ਤਾਂ ਪ੍ਰਗਤੀਵਾਦੀ ਜਾਂ ਜੁਝਾਰਵਾਦੀ ਕਵਿਤਾ ਦੇ ਵਿਸ਼ਲੇਸ਼ਣ ਕਰਦਿਆਂ ਡਾ. ਕੇਸਰ ਸਿੰਘ ਕੇਸਰ ਨੇ ਉਸ ਵਿੱਚ ਜਾਤ ਜਾਂ ਜਮਾਤ ਦੀ ਗੱਲ ਮਾਰਕਸੀ ਦ੍ਰਿਸ਼ਟੀ ਤੋਂ ਹੀ ਹੁੰਦੀ ਦੱਸੀ ਹੈ। ਉਨ੍ਹਾਂ ਅਨੁਸਾਰ 'ਸ਼ੋਸ਼ਿਤ ਦਲਿਤ ਹੈ' ਦੀ ਵਿਚਾਰਧਾਰਾ ਤੇ ਆਧਾਰਤ ਜੁਝਾਰਵਾਦੀ ਕਵਿਤਾ ਜਮਾਤੀ ਘੋਲਾਂ ਦੇ ਨਾਲ-ਨਾਲ ਦਲਿਤ ਦੇ ਸਵਾਲ ਦੀ ਵੀ ਅਭਿਵਿਅਕਤੀ ਕਰਦੀ ਦੱਸੀ ਜਾਂਦੀ ਹੈ ਅਤੇ ਇਸ ਵਿੱਚ ਦਲਿਤ ਦੀ ਤਰਾਸਮਈ ਸਥਿਤੀ ਨੂੰ ਬਦਲਣ ਦੀ ਇੱਛਾ ਦੀ ਵੀ ਗੱਲ ਕੀਤੀ ਜਾਂਦੀ ਹੈ। ਡਾ. ਕੇਸਰ ਸਿੰਘ ਕੇਸਰ ਮੱਧਕਾਲੀ ਪੰਜਾਬੀ ਕਵਿਤਾ ਵਿਚਲੀ ਸੰਤਾਂ ਭਗਤਾਂ, ਸਿੱਖ ਗੁਰੂਆਂ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਤ ਬਾਣੀ ਦੇ ਨਾਲ-ਨਾਲ ਵੀਹਵੀਂ ਸਦੀ ਦੀਆਂ ਲੋਕਪੱਖੀ ਲਹਿਰਾਂ (ਗ਼ਦਰ ਲਹਿਰ, ਵਿਰਸਾ ਤੇ ਆਧਾਰ ਮੰਨਦੇ ਹਨ। ਉਹ ਮੱਧਕਾਲੀ ਪੰਜਾਬੀ ਕਵਿਤਾ ਵਿਚਲੀ ਦਲਿਤ ਚੇਤਨਾ ਨੂੰ ਬੁੱਧ ਚੇਤਨਾ ਦੀ ਹੀ ਪਰੰਪਰਾ ਦੀ ਪ੍ਰਤਿਨਿਧਤਾ ਕਰਦੀ ਪ੍ਰਸਤੁਤ ਕਰਦੇ ਹਨ। ਉਨ੍ਹਾਂ ਅਨੁਸਾਰ, "ਇਨ੍ਹਾਂ ਲਹਿਰਾਂ ਵਿਚਲੇ ਅਨੇਕਾਂ ਕਵੀ ਜਾਤ ਪੱਖੋਂ ਵੀ ਤੇ ਆਰਥਕਤਾ ਪੱਖੋਂ ਵੀ ਦਲਿਤ ਲੋਕਾਈ ਸੀ ਤੇ ਇਨ੍ਹਾਂ ਦਾ ਵਿਚਾਰਧਾਰਾਈ ਆਧਾਰ ਮਾਰਕਸਵਾਦੀ ਵਿਸ਼ਵ-ਦਰਸ਼ਨ ਸੀ, ਜੋ ਹਰ ਪ੍ਰਕਾਰ ਦੇ ਦਲਨ ਦੇ ਵਿਰੁੱਧ ਹੈ- ਆਰਥਿਕ, ਸਮਾਜਕ, ਸਭਿਆਚਾਰਕ। ਪਰ ਇਸ ਚੇਤਨਾ ਦਾ ਆਧਾਰ ਆਰਥਿਕਤਾ ਹੈ"।

**(ਲੜੀਵਾਰ ਲੇਖ, ਚਲਦਾ)**

---

ਦਲਿਤ ਕਵਿਤਾ ਸਿਰਫ ਇਸ ਲਈ ਦਲਿਤ ਕਵਿਤਾ ਨਹੀਂ ਹੈ ਕਿ ਉਹ ਦਲਿਤ ਜੀਵਨ ਨਾਲ ਜੁੜੀ ਹੋਈ ਹੈ ਬਲਕਿ ਉਹ ਇਸ ਲਈ ਵੀ ਦਲਿਤ ਕਵਿਤਾ ਹੈ ਕਿ ਉਸ ਨੇ ਸ਼ੋਸ਼ਣ ਕਰਨ ਵਾਲੀ ਵਿਵਸਥਾ ਨੂੰ ਬੇਨਕਾਬ ਕੀਤਾ ਹੈ। ਉਹ ਨਾ ਸਿਰਫ ਰਾਜਸੱਤਾ ਨਾਲ ਬਲਕਿ ਧਰਮਸੱਤਾ ਨਾਲ ਵੀ ਟੱਕਰ ਲੈਂਦੀ ਹੈ। ਦਲਿਤ ਸੁਭਾਵਕ ਤੌਰ ਤੇ ਕ੍ਰਾਂਤੀ ਚਾਹੁੰਦਾ ਹੈ ਨਹੀਂ ਤਾਂ ਉਹ ਧਰਮ ਪ੍ਰਵਰਤਨ ਨਾ ਕਰਦਾ।

**-ਕੰਵਲ ਭਾਰਤੀ**

ਕਵਿਤਾ ਦਰਸ਼ਨ ਤੋਂ ਵਧੇਰੇ ਅਰਥ ਰੱਖਦੀ ਹੈ। ਦਰਸ਼ਨ ਵਾਂਗ ਕਵਿਤਾ ਦਾ ਵਿਸ਼ਾ ਵੀ ਮਨੁੱਖ ਹੈ। ਜਿਵੇਂ ਦਰਸ਼ਨ ਕਿਸੇ ਮਸਲੇ ਦਾ ਡੂੰਘਾਈ ਨਾਲ ਅਧਿਐਨ ਕਰਦਾ ਹੈ। ਤੱਥਾਂ ਵਿੱਚੋਂ ਸੱਚ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਉਂ ਹੀ ਕਵਿਤਾ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਜਗਤ ਦੀ ਕਸ਼ੀਦਕਸ਼ੀ ਕਰਦੀ ਹੈ। ਉਸਦੇ ਮੂਲ ਮਸਲਿਆਂ ਦੀ ਘੋਖ ਕਰਦੀ ਹੈ। ਕਵਿਤਾ ਮਨੁੱਖ ਦੇ ਨਾਲ ਹੀ ਪੈਦਾ ਹੋਈ ਹੈ। ਜਦੋਂ ਤੱਕ ਮਨੁੱਖ ਕਾਇਮ ਹੈ ਕਵਿਤਾ ਵੀ ਕਾਇਮ ਰਹੇਗੀ। ਕਵਿਤਾ ਤਾਂ ਕੀ ਸਮੁੱਚੇ ਸਾਹਿਤ ਵਿੱਚ ਮਨੁੱਖ ਹੀ ਧੁਰੀ ਵਿੱਚ ਆਉਂਦਾ ਹੈ। ਜਿਹੜੀ ਕਵਿਤਾ ਮਨੁੱਖੀ ਸਰੋਕਾਰਾਂ ਤੋਂ ਆਰ-ਪਾਰ ਦੀਆਂ ਗੱਲਾਂ ਕਰਦੀ ਹੈ ਉਹ ਆਪਣਾ ਆਪ ਗੁਆ ਲੈਂਦੀ ਹੈ। ਉਹ ਜਨ-ਸਾਧਾਰਨ ਦੀ ਕਵਿਤਾ ਨਹੀਂ ਹੁੰਦੀ।

**-ਪ੍ਰੋ: ਪ੍ਰੀਤਮ ਸਿੰਘ ਰਾਹੀ**

ਆਧੁਨਿਕ ਪੰਜਾਬੀ ਕਵਿਤਾ ਦੇ ਦ੍ਰਿਸ਼ ਉੱਪਰ ਝਾਤੀ ਮਾਰਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਕੱਲੇਕਾਰੇ ਕਵੀ ਭਾਰਤੀ ਸਮਾਜ ਦੀ ਚੀੜ੍ਹੀ ਅਤੇ ਦਰਦਨਾਕ ਵਰਣ ਵਿਵਸਥਾ ਬਾਰੇ ਬੋਲਦੇ ਜਾਂ ਆਪਣਾ ਕਾਵਿ-ਸਵਰ ਉਚਾਰਦੇ ਰਹੇ ਹਨ ਪਰੰਤੂ ਇਹ ਇਕ ਨਿਵੇਕਲੀ ਲਹਿਰ ਜਾਂ ਧਾਰਾ ਵਜੋਂ ਉੱਭਰਕੇ ਸਾਹਮਣੇ ਨਹੀਂ ਆਈ। ਮੱਧਕਾਲ ਜਾਂ ਸਾਡੀ ਭਗਤੀ ਕਾਵਿ ਪਰੰਪਰਾ ਦੇ ਸਿਰਕੱਢ ਕਵੀ ਰਵੀਦਾਸ, ਕਬੀਰ ਆਦਿ ਵੀ ਤਤਕਾਲੀਨ ਸਮੇਂ ਵਿੱਚ ਬ੍ਰਹਮਣਿਕ ਕਦਰਾਂ-ਕੀਮਤਾਂ ਨਾਲ ਸੰਵਾਦ ਰਚਾ ਕੇ ਇਸ ਦਲਿਤ ਮਨੁੱਖ ਨੂੰ ਮਨੁੱਖ ਵਜੋਂ ਸਵੀਕਾਰੇ ਜਾਣ ਲਈ ਜੱਦੋ-ਜਹਿਦ ਕਰਦੇ ਹਨ। ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਸਾਡਾ ਬਹੁਤਾ ਸਾਹਿਤ ਪ੍ਰਗਤੀਸ਼ੀਲ ਮੁਹਾਵਰੇ ਦਾ ਹੋਣ ਕਰਕੇ, ਮੱਧਕਾਲ ਵੀ ਅਤੇ ਆਧੁਨਿਕ ਕਾਲ ਵੀ, ਮਾਨਵਵਾਦੀ ਪਰਿਪੇਖ ਸਿਰਜਦਾ ਹੈ ਜਿਹੜਾ ਹੋਰਨਾਂ ਵਿਕਾਰਾਂ ਦੇ ਨਾਲ-ਨਾਲ ਜਾਤੀ ਵਿਕਾਰਾਂ ਨੂੰ ਖ਼ਤਮ ਦੇਖਣ ਦਾ ਇੱਛਕ ਹੈ। ਸਾਡਾ ਬਹੁਤਾ ਸਾਹਿਤ ਦਰੜੀਆਂ, ਦੱਬੀਆਂ-ਕੁਚਲੀਆਂ ਅਤੇ ਦਬੇਲ ਬਣਾਈਆਂ ਧਿਰਾਂ ਦੇ ਹੱਕ ਅਤੇ ਹਿੱਤ ਵਿੱਚ ਖਲੋਂਦਾ ਰਿਹਾ ਹੈ ਪਰੰਤੂ ਨਿੱਠਕੇ ਜਾਤੀ ਮਸਲੇ 'ਤੇ ਕੋਈ ਲਹਿਰ ਨਾ ਉਗਮਣ ਕਰਕੇ ਇਹ ਵਰਤਾਰਾ ਕਿਸੇ ਨਾ ਕਿਸੇ ਰੂਪ ਵਿੱਚ ਦੂਜੈਲਾ ਬਣਦਾ ਰਿਹਾ ਹੈ।

**-ਡਾ. ਸਰਬਜੀਤ ਸਿੰਘ**

-ਨਵੀਂ ਪੰਜਾਬੀ ਕਵਿਤਾ ਵਿੱਚ ਵਿਭਿੰਨ ਮਾਨਸਿਕ ਤਰੰਗਾਂ ਇੱਕ ਖ਼ਾਸ ਸਪੇਸ ਗ੍ਰਹਿਣ ਕਰਦੀਆਂ ਜਾਪ ਰਹੀਆਂ ਹਨ। ਇਕ ਬੰਨੇ ਪਿੰਡ ਨਾਲ ਸੰਬੰਧਤ ਰੂੜ੍ਹੀਆਂ ਪੰਜਾਬੀ ਕਵਿਤਾ ਦੇ ਟੋਟਲ ਨੈਟਵਰਕ ਦਾ ਨਿਵੇਕਲਾ ਹਿੱਸਾ ਬਣ ਰਹੀਆਂ ਹਨ, ਦੂਸਰੇ ਬੰਨੇ ਕੁਝ ਕਵੀ ਆਪਣੇ ਆਪ ਨੂੰ ਸਮਾਜ ਨਾਲੋਂ ਅਲੱਗ ਉਦਯੋਗਿਕ ਯੁੱਗ ਦੇ ਵਰਤਾਰੇ ਦੇ ਰੂਪ 'ਚ ਨਿਜਭਾਵੀ ਤਜਰਬਿਆਂ। ਉਲਝਣਾਂ-ਮਨੋਵੇਗਾਂ-ਸੰਵੇਦਨਾਵਾਂ ਨੂੰ ਬ੍ਰਹਮੰਡਕੀ ਚੇਤਨਾ ਦੇ ਰੂਪ 'ਚ ਪ੍ਰਗਟ ਕਰ ਰਹੇ ਹਨ। ਜਿਨ੍ਹਾਂ ਦਾ ਸਮਾਜਕ, ਆਰਥਕ ਜਾਂ ਸਭਿਆਚਾਰਕ ਤੰਦਾਂ ਨਾਲ ਕੋਈ ਬਹੁਤਾ ਵਾਸਤਾ ਨਹੀਂ। ... ਇਸ ਦੇ ਸਮਾਨਾਂਤਰ ਹੀ ਔਰਤ/ਦਲਿਤ ਨੂੰ ਸਮਾਜ ਦੀ ਹਾਸ਼ੀਆ- ਕ੍ਰਿਤ-ਯਥਾਰਥਕ ਸੰਵੇਦਨਾ ਦੇ ਰੂਪ 'ਚ ਗ੍ਰਾਮੀਣ ਚੇਤਨਾ ਦੇ ਆਪਸੀ ਦਵੰਦ ਤੇ ਕਾਟਵੇਂ ਕਾਵਿ-ਪ੍ਰਵਚਨ ਦੇ ਰੂਪ 'ਚ ਰੂਪਾਂਤ੍ਰਿਤ ਕਰਦੀ ਕਵਿਤਾ ਵੀ ਲਿਖੀ ਜਾ ਰਹੀ ਹੈ। ਜਿਸ ਦੇ ਕਾਵਿ ਨਾਇਕ ਦੀ ਸੁਰ ਜੁਝਾਰਵਾਦੀ ਕਾਵਿ ਨਾਇਕ ਤੇ ਪ੍ਰਗਤੀਵਾਦੀ ਅੰਤਰ ਦ੍ਰਿਸ਼ਟੀ ਦੇ ਨੇੜੇ ਰਹਿੰਦੀ ਹੋਈ ਵੀ ਅਲੱਗ ਤੇ ਨਿਵੇਕਲੀ ਹੈ।

**-ਗੁਰਮੀਤ ਕੱਲਰਮਾਜਰੀ**


ਕਾਵਿ ਭਾਸ਼ਾ ਦੇ ਬਰਮੇਚਵੀਂ ਜਦੋਂ ਸ਼ਬਦਾਵਲੀ ਨਾ ਹੋਵੇ... ਸ਼ਬਦਕੋਸ਼ੀ ਸ਼ਬਦਾਂ 'ਚ ਤੁਸੀਂ ਆਪਣੀ ਗੱਲ ਕਹਿ ਨਾ ਸਕਦੇ ਹੋਵੋ ਤਾਂ ਦੂਜੇ ਸ਼ਬਦਾਂ 'ਚ ਆਪਣੀ ਗੱਲ ਕਹਿਣ ਦੀ ਲੋੜ ਪੈਂਦੀ ਏ। ਇਹ, ਦੂਜਾ ਕੋਈ ਵੀ ਮਾਧਿਅਮ ਹੋ ਸਕਦੈ, ਮਾਧਿਅਮ ਇਕੱ-ਲੇਕਾਰੇ, ਇਕਹਿਰੇ ਜਾਂ ਵਿਕੋਲਿਤਰੇ ਨਹੀਂ ਹੁੰਦੇ। ਪੂਰਾ ਬ੍ਰਹਿਮੰਡ ਹੁੰਦਾ ਇਨ੍ਹਾਂ ਦੇ ਪਿੱਛੇ, ਇਨ੍ਹਾਂ ਦਾ ਬ੍ਰਹਿਮੰਡ 'ਚ ਸੱਭ ਕੁੱਝ ਸਮਾਹਿਤ ਹੁੰਦੈ। ਸ਼ਬਦ ਅੰਦਰ ਸ਼ਬਦ ਦਾ ਅਧਿਆਤਮ ਫੈਲਿਆ ਹੁੰਦੈ...!

**-ਮਨਮੋਹਨ**

# ਸਾਹਿਤਕ ਪੈੜਾਂ

## ਸ਼ੇਅਰ

ਸਦੀਆਂ ਹੋਈਆਂ ਸਾਰੀ ਦੁਨੀਆਂ ਇਹੀਓ ਰਾਗ ਅਲਾਪੇ
ਤਿੰਨ ਰੰਗ ਨਹੀਂ ਲੱਭਣੇ ਹੁਸਨ ਜਵਾਨੀ ਮਾਪੇ।



ਫਾਦਰ ਡੇਅ ਨੂੰ ਸਮਰਪਿਤ

ਆਜ਼ਾਦ ਜਲੰਧਰੀ

## ਗ਼ਜ਼ਲ

ਸੇਵਾ ਕਰੋ ਬਜ਼ੁਰਗਾਂ ਦੀ ਨੌਜਵਾਨੋ
ਪਿਤਾ ਬੱਚਿਆਂ ਲਈ ਸਦਾ ਭਗਵਾਨ ਹੁੰਦਾ।

ਪਾਲ ਪੋਸ ਕੇ ਬੱਚਿਆਂ ਨੂੰ ਵੱਡੇ ਕਰਨਾ,
ਇਹ ਕੰਮ ਨਹੀਂ ਕੋਈ ਆਸਾਨ ਹੁੰਦਾ।

ਵੱਡਾ ਹੋ ਕੇ ਬਜ਼ੁਰਗਾਂ ਦੀ ਬਣੇ ਲਾਠੀ,
ਮਾਂ-ਬਾਪ ਦਾ ਦਿਲੀ ਅਰਮਾਨ ਹੁੰਦਾ।

ਜਿਨੇ ਕੀਤਾ ਸਤਿਕਾਰ ਹੈ ਮਾਪਿਆਂ ਦਾ,
ਸਹੀ ਮਾਅਨਿਆਂ ਵਿਚ ਇਨਸਾਨ ਹੁੰਦਾ।

ਨੇਕ ਸੀਰਤ, ਸਾਊ, ਸੱਚੇ ਬੱਚਿਆਂ 'ਤੇ
ਮਾਂ-ਬਾਪ ਨੂੰ ਬੜਾ ਹੀ ਮਾਣ ਹੁੰਦਾ।

ਕਰਕੇ ਸੇਵਾ ਚਿਤਾਰੇ ਜੋ ਮਾਪਿਆਂ ਦੀ,
ਇਹ ਕੋਈ ਸੇਵਾ ਨਹੀਂ ਹੁੰਦੀ, ਅਹਿਸਾਨ ਹੁੰਦਾ।

ਭੁੱਲ ਜਾਵੇ ਉਪਕਾਰ ਜੋ ਮਾਪਿਆਂ ਦੇ,
ਨੌਜਵਾਨ ਉਹ ਪੱਕਾ ਬੇਈਮਾਨ ਹੁੰਦਾ।

ਕਰੇ ਸੇਵਾ 'ਆਜ਼ਾਦ' ਜੋ ਮਾਪਿਆਂ ਦੀ,
ਦਰਗਾਹ ਵਿਚ ਉਹ ਬਸ਼ਰ ਪ੍ਰਵਾਨ ਹੁੰਦਾ।

## ਕੁੜੀਆਂ ਚਿੜੀਆਂ

### ਹਰਜਿੰਦਰ ਕੰਗ

ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ, ਪਰ ਨਹੀਂ ਹੁੰਦੇ ਕੁੜੀਆਂ ਦੇ
ਪੇਕੇ ਸਹੁਰੇ ਹੁੰਦੇ ਨੇ ਕਿਉਂ ਘਰ ਨਈਂ ਹੁੰਦੇ ਕੁੜੀਆਂ ਦੇ

ਧੀਆਂ ਬਣਕੇ ਡੋਲੀ ਚੜ੍ਹਦੀਆਂ ਨੂੰਹਾਂ ਬਣਕੇ ਸੜਦੀਆਂ ਨੇ
ਹੁੰਦੀਆਂ ਸੀ ਇਹ ਸਤੀ ਕਦੇ ਹੁਣ ਬਲੀ ਦਾਜ ਦੀ ਚੜ੍ਹਦੀਆਂ ਨੇ
ਸਦੀਆਂ ਡੂੰਘੇ ਜ਼ਖ਼ਮ ਪੁਰਾਣੇ ਭਰ ਨਈਂ ਹੁੰਦੇ ਕੁੜੀਆਂ ਦੇ

ਰਾਜੇ ਜੰਮਣ ਵਾਲੀ ਦੇ ਹੁਣ ਖੁਦ ਜੰਮਣ ਤੇ ਰੋਕਾਂ ਨੇ
ਕੀ ਦੱਸੀਏ ਕਿੱਦਾਂ ਕੁੱਖਾਂ ਦੀ ਬੇਅਦਬੀ ਕੀਤੀ ਲੋਕਾਂ ਨੇ
ਐਡੇ ਵੱਡੇ ਦੁੱਖੜੇ, ਦੁੱਖੜੇ ਜਰ ਨਈਂ ਹੁੰਦੇ ਕੁੜੀਆਂ ਦੇ

ਕੋਮਲ ਕੋਮਲ ਕਲੀਆਂ ਜੱਗ ਵਿਚ ਘੁੱਟ ਘੁੱਟ ਕੇ ਨਿੱਤ ਮਰਨ ਵੇ ਰੱਬਾ
ਮਾਪੇ ਵੀ ਨਿਰਮੋਹੇ ਹੋ ਗਏ ਤੂੰ ਹੀ ਦੱਸ ਕੀ ਕਰਨ ਵੇ ਰੱਬਾ
ਪੁੱਤਰਾਂ ਵਾਂਗੂੰ 'ਕੰਗ' ਕਿਉਂ ਚਾਹ ਕਰ ਨਈਂ ਹੁੰਦੇ ਕੁੜੀਆਂ ਦੇ

## ਗ਼ਜ਼ਲ

### ਸੁਰਿੰਦਰ ਸੀਰਤ

ਕਿਸੇ ਵੀ ਕੰਮ ਨ ਆਏ ਇਹ ਦੋਸਤੀ ਅਪਣੀ
ਕੁਝ ਇਸ ਤਰ੍ਹਾਂ ਹੀ ਗੁਜ਼ਰਦੀ ਏ ਜ਼ਿੰਦਗੀ ਅਪਣੀ

ਮੈਂ ਜਿਸ ਵੀ ਥਾਂ ਤੇ ਗਿਆ, ਨਾ-ਖ਼ੁਦਾ ਬਦਲਦਾ ਗਿਆ
ਐਪਰ ਨਾ ਟੁੱਟ ਸਕੀ ਇਸ਼ਟ-ਬੰਦਗੀ ਅਪਣੀ

ਕਦਮ ਕਦਮ ਤੇ ਨੇ ਉਲਝਾਵ, ਭੁਲ ਭੁਲਈਆਂ ਹੀ
ਨਜ਼ਰ ਨ ਆਏ ਕੁਈ ਰਾਹ ਹੀ ਸੁਲਝਦੀ ਅਪਣੀ

ਸੜਾਂਦ ਫੈਲ ਗਈ ਹੈ ਨਗਰ ਨਗਰ ਇਸ ਦੀ
ਦਬੀ ਨ ਅੱਗ ਰਹੀ ਖ਼ੂਬ ਚੜ੍ਹ ਮਚੀ ਅਪਣੀ

ਸਲੀਬ ਚੜ੍ਹ ਨ ਸਕੇ, ਦੇਗ਼ ਵਿਚ ਉਬਲ ਨ ਸਕੇ
ਹੈ ਰਾਸ ਆਈ ਜ਼ਮਾਨੇ ਨੂੰ ਖ਼ੁਦਕੁਸ਼ੀ ਅਪਣੀ

ਖ਼ਲੂਸ ਵਾਲੇ ਰਹੇ ਵੇਖਦੇ ਤਮਾਸ਼ਾ ਹੀ
ਜਨੂੰਨ ਵਾਲੇ ਬਣਾ ਕੇ ਰੋਹੇ ਛਬੀ ਅਪਣੀ

ਐ ਪਾਸ਼, ਸ਼ਿਵ, ਐ ਗਗਨ, ਸਾਰਥੀ, ਤੁਸਾਂ ਵਾਂਗੂੰ
ਮਿਰੇ ਸ਼ਉਰ 'ਚ ਰਹਿੰਦੀ ਏ ਖਲਬਲੀ ਅਪਣੀ

ਵਕਾਰ ਪਾ ਨਾ ਸਕੀ ਅਪਣੀ ਜ਼ਮੀਨ ਅੰਦਰ
ਤਿਰੀ ਜ਼ਮੀਨ ਨੇ 'ਸੀਰਤ' ਵੀ ਆ ਦਬੀ ਅਪਣੀ।

## ਗ਼ਜ਼ਲ

### ਹਰਭਜਨ ਢਿੱਲੋਂ

ਆਖ਼ਰੀ ਇਹ ਖ਼ਤ ਹੈ ਮੇਰਾ ਪੜ੍ਹ ਲਵੀਂ ਤਾਂ ਸ਼ੁਕਰੀਆ
ਨੈਣਾਂ ਵਿਚ ਦੋ ਨੀਰ ਖਾਰੇ ਭਰ ਲਵੀਂ ਤਾਂ ਸ਼ੁਕਰੀਆ

ਇਸ ਪਹਾੜੀ ਸ਼ਹਿਰ ਵਿਚ ਪੱਥਰ ਤੇ ਟੇਢੇ ਮੋੜ ਵੀ
ਦੋ ਕਦਮ ਜੇ ਨਾਲ ਮੇਰੇ ਚੜ੍ਹ ਲਵੀਂ ਤਾਂ ਸ਼ੁਕਰੀਆ

ਜੋ ਉਦੈ ਹੋਣਾ ਹੈ ਸੂਰਜ ਡੁੱਬਣਾ ਹੈ ਉਹ ਸ਼ਾਮ ਨੂੰ
ਉਸਦੀਆਂ ਕੁਝ ਕਿਰਨਾਂ ਜੇ ਤੂੰ ਫੜ ਲਵੀਂ ਤਾਂ ਸ਼ੁਕਰੀਆ

ਦੀਪ ਤੇਰੀ ਯਾਦ ਦਾ ਦਿੰਦਾ ਹੈ ਹਰ ਦਮ ਰੌਸ਼ਨੀ
ਤੂੰ ਵੀ ਕਿਧਰੇ ਯਾਦ ਮੈਨੂੰ ਕਰ ਲਵੀਂ ਤਾਂ ਸ਼ੁਕਰੀਆ

ਮੈਂ ਵਤਨ ਦਾ ਹਾਂ ਸਿਪਾਹੀ ਫਰਜ਼ ਮੇਰੇ ਬੇਸ਼ੁਮਾਰ
ਖ਼ਬਰਾਂ ਵਿਚ ਜੇ ਨਾਮ ਮੇਰਾ ਪੜ੍ਹ ਲਵੀਂ ਤਾਂ ਸ਼ੁਕਰੀਆ

ਰਾਖ ਮੇਰੀ ਵੀ ਮਿਲਾ ਦੇਵੀਂ ਵਤਨ ਦੀ ਪੌਣ ਵਿਚ
ਢਿੱਲੋਂ ਦੀ ਤਸਵੀਰ ਦਿਲ ਵਿਚ ਜੜ ਲਵੀਂ ਤਾਂ ਸ਼ੁਕਰੀਆ।

## ਗ਼ਜ਼ਲ

### ਈਸ਼ਰ ਸਿੰਘ ਮੋਮਨ

ਗਰਕਣ ਲੱਗਿਆਂ ਬੰਦਾ ਜਾਂਦਾ ਗਰਕ ਬੜਾ।
ਸੋਚਣ ਦਾ ਤੇ ਸਮਝਣ ਦਾ ਹੈ ਫ਼ਰਕ ਬੜਾ।

ਆਪਣੀ ਆਪਣੀ ਹੁੰਦੀ ਦੂਜੀ ਦੂਜੇ ਦੀ,
ਦੇਖਣ ਦਾ ਤੇ ਪਰਖਣ ਦਾ ਹੈ ਠਰਕ ਬੜਾ।

ਚੰਗੇ ਮਾੜੇ ਬੰਦੇ ਫਿਰ ਵੀ ਬੰਦੇ ਨੇ,
ਨਫ਼ਰਤ ਵਰਗਾ ਹੁੰਦਾ ਨਹੀਂ ਕੋਈ ਨਰਕ ਬੜਾ।

ਪੀਣੇ ਵਾਲੇ ਪੀ ਕੇ ਮੈਨੂੰ ਪੁੱਛਦੇ ਨੇ,
ਅਰਕਾਂ ਵਿਚੋਂ ਹੁੰਦਾ ਕਿਹੜਾ ਅਰਕ ਬੜਾ।

ਦਰਕਨ ਵਾਲੇ ਬੰਦੇ ਦੀ ਗੱਲ ਕਰਦੇ ਹੋ,
ਦਰਕਨ ਵਾਲਾ ਬੰਦਾ ਜਾਂਦਾ ਸਰਕ ਬੜਾ।

ਰੜਕਣ ਲੱਗਿਆਂ ਅੱਖਾਂ ਵਿਚ ਵੀ ਰੜਕਣਗੇ,
ਪੱਥਰ ਥਾਂ ਤੋਂ ਸਕਦਾ ਹੈ ਨਹੀਂ ਸਰਕ ਬੜਾ।

ਨੀਵੀਂ ਪਾ ਕੇ ਕਿਹੜੀ ਗੱਲੋਂ ਬੈਠੇ ਹੋ,
ਦੇਣੇ ਵਾਲਾ ਦਿੰਦਾ ਫਿਰਦਾ ਤਰਕ ਬੜਾ।

ਮੇਰੇ ਬਾਰੇ ਮੈਥੋਂ ਹੀ ਕੀ ਪੁੱਛਦੇ ਹੋ,
ਯਰਕਣ ਲੱਗਿਆਂ ਮੈਂ ਹਾਂ ਜਾਂਦਾ ਯਰਕ ਬੜਾ।

ਹੈਂਕੜਬਾਜੀ ਆਪਾਂ ਨੇ ਹੁਣ ਕੀ ਕਰਨੀ,
ਕਰਨੇ ਦੇ ਲਈ ਮੋਮਨ ਜੀ ਸੰਪਰਕ ਬੜਾ।

## ਗ਼ਜ਼ਲ

### ਕੁਲਵਿੰਦਰ ਪਲਾਹੇ

ਜੇ ਉਹ ਚਾਹੁੰਦੇ ਸਨ ਕਿ ਬੱਸ ਜੰਗਲ ਬਲੇ।
ਬਸਤੀਆਂ ਵਿਚ ਕਿਉਂ ਨੇ ਏਨੇ ਘਰ ਜਲੇ?

ਟੁਕੜਿਆਂ ਵਿਚ ਵੰਡਿਆ ਜਾਂਦਾ ਹਾਂ ਮੈਂ,
ਖੰਡਰਾਂ ਵਿਚ ਜਦ ਕਦੇ ਸੂਰਜ ਢਲੇ।

ਰੌਸ਼ਨੀ ਨੂੰ ਏਸ ਦਾ ਅਹਿਸਾਸ ਕੀ,
ਰਾਤ ਸਾਰੀ ਬਿਰਖ਼ ਉਸ ਖ਼ਾਤਰ ਬਲੇ।

ਆਪ ਹੀ ਦੀਵੇ ਜਗਾ ਕੇ ਲੋਕ ਕੁਝ,
ਆਪ ਹੀ ਝੱਖੜ 'ਚ ਕਿਉਂ ਨੇ ਜਾ ਰਲ਼ੇ?

ਲੋਕ ਜੋ ਸੋਨੇ ਦੇ ਵਸਤਰ ਪਹਿਨਦੇ,
ਬਾਰਸ਼ਾਂ ਵਿਚ ਕਾਗ਼ਜ਼ਾਂ ਵਾਂਗ ਗਲੇ।

ਮੇਰੀਆਂ ਅੱਖਾਂ 'ਚੋਂ ਵਹਿ ਤੁਰਦੀ ਨਦੀ,
ਤੇਰਿਆਂ ਨੈਣਾਂ 'ਚ ਜਦ ਸੂਰਜ ਢਲੇ।

## ਗ਼ਜ਼ਲ

### ਹਰਭਜਨ ਸਿੰਘ ਬੈਂਸ

ਆਵੋ ਜਿਨ੍ਹੇ ਜਾਣਾ ਮੈਂ ਪੰਜਾਬ ਚੱਲਿਆਂ।
ਖਾਬ ਲੈ ਕੇ ਨਾਲ ਬੇਹਿਸਾਬ ਚੱਲਿਆ।

ਅਪਣੇ ਹੀ ਘਰ ਨੂੰ ਤਾਂ ਚੱਲਿਆਂ ਹਾਂ ਮੈਂ,
ਕਹਿੰਦੇ-ਐਵੇਂ ਹੋਣ ਲਈ ਖ਼ਰਾਬ ਚੱਲਿਆਂ।

ਰੁੱਖਾਂ, ਰਾਹਾਂ, ਮੋੜਾਂ ਨੇ ਸਵਾਲ ਪੁੱਛਣੇ,
ਸਾਰਿਆਂ ਦੇ ਲੈ ਕੇ ਮੈਂ ਜਵਾਬ ਚੱਲਿਆਂ।

ਹੰਸਾਂ 'ਚ ਕਾਵਾਂ ਦਾ ਰਲੇਵਾਂ ਚੁੱਭਦੈ,
ਗਿਰਝਾਂ 'ਚੋਂ ਨਿਖੇੜਨ ਉਕਾਬ ਚੱਲਿਆਂ।

ਖ਼ਿੱਲਤਾਂ ਨਵਾਬੀਆਂ ਤੋਂ ਉੱਚਾ ਸੀ ਕਦੇ,
ਕਿੱਥੇ ਖੜ੍ਹਾ, ਦੇਖਣਾ ਨਵਾਬ ਚੱਲਿਆਂ।

ਸੱਤੋਂ ਪੰਜ, ਪੰਜਾਂ ਤੋਂ ਦੋਆਬ ਰਹਿ ਗਿਆ,
ਦੇਖਣ ਦੋਆਬੇ ਦਾ ਪੰਜਾਬ ਚੱਲਿਆਂ।

ਕਿਵੇਂ ਕੋਈ ਮਿਲੇਗਾ ਨਕਾਬ ਪਹਿਨ ਕੇ,
ਮੈਂ ਜੇ ਖੁਦ ਹੋ ਕੇ ਬੇ-ਨਕਾਬ ਚੱਲਿਆਂ।

## ਸੂਰਮਾ

### ਕਮਲਦੇਵ ਪਾਲ

ਉਸਨੂੰ ਅਜੇ ਦਾਰੂ ਚੜ੍ਹਦੀ ਹੈ
ਜਾਂ ਫਿਰ ਮੱਖਣ ਦੀ ਘੂਕੀ
ਜਾਂ ਸਿਆੜਾਂ ਦੀ ਖੁਮਾਰੀ
ਜਾਂ ਡੋਡਿਆਂ ਦੀ ਭੁੱਕੀ
ਜਾਂ ਸਰਦਾਰ ਜੀ, ਸਰਦਾਰ ਜੀ
ਕਰਦੇ ਮਿਹਨਤਕਸ਼ਾਂ ਦੇ ਤਰਲੇ

ਧਾੜਵੀ ਹਮਲਾਵਰਾਂ ਦੀਆਂ
ਜਗੀਰਾਂ ਦੀ ਜੂਠ ਜਦ
ਦਰਾਵਿੜਾਂ ਨੂੰ ਆਰੀਅਨ
ਬਣਾ ਦਿੰਦੀ ਹੈ- ਤਾਂ
''ਸੂਰਮਗਤੀ''
ਸ਼ਾਹਾਂ ਦੀਆਂ ਬਹੀਆਂ ਵਿਚ
ਬੈਂਕਾਂ ਦੇ ਵਿਆਜਾਂ ਵਿਚ
ਘੁਣ ਖਾਧੇ ਸ਼ਤੀਰਾਂ ਵਾਂਗ
ਲਿਸ਼ ਲਿਸ਼ ਕਰਦੀ ਹੈ- ਤਾਂ
ਦਿਲ ਕਰਦਾ ਹੈ
ਗਾ ਲਿਆ ਜਾਵੇ,
''ਮਾਰਦਾ ਦਮਾਮੇ...
ਮੇਲੇ ਆ ਗਿਆ''
ਸੂਰਮਾ?

# ਸ੍ਰ ਜਗਜੀਤ ਸਿੰਘ ਅਨੰਦ ਦੀ ਯਾਦ ਵਿਚ ਸ਼ੋਕ ਸਮਾਗਮ

ਪੰਜਾਬੀ ਦੇ ਉਘੇ ਲਿਖਾਰੀ ਅਤੇ ਸਿਰਮੌਰ ਪੱਤਰਕਾਰ ਸ੍ਰ ਜਗਜੀਤ ਸਿੰਘ ਅਨੰਦ ਦੀ ਮੌਤ ਦੀ ਖਬਰ ਸਾਰੇ ਹਲਕਿਆ ਵਿਚ ਬੜੇ ਦੁੱਖ ਨਾਲ ਸੁਣੀ ਗਈ ਹੈ। ਆਪ ਪਿਛਲੇ ਕੁਝ ਸਾਲਾ ਤੋਂ ਬਿਮਾਰ ਸਨ। ਸ੍ਰ ਅਨੰਦ ਪੰਜਾਬੀ ਦੇ ਪ੍ਰਸਿਧ ਰੋਜ਼ਾਨਾ ਅਖਬਾਰ 'ਨਵਾਂ ਜ਼ਮਾਨਾ' ਦੇ ਮੁਖ ਸੰਪਾਦਕ ਸਨ। ਇਸ ਤੋਂ ਇਲਾਵਾ ਉਨਾਂ ਨੇ ਬਹੁਤ ਸਾਰੇ ਜਗਤ ਪ੍ਰਸਿਧ ਰੂਸੀ ਅਤੇ ਹੋਰ ਭਸ਼ਾਵਾ ਦੇ ਨਾਵਲ ਅਤੇ ਕਹਾਣੀਆ ਦੀਆ ਕਿਤਾਬਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਅਤੇ ਉਹ ਕਿਤਾਬਾਂ ਪੰਜਾਬੀ ਦੁਨੀਆਂ ਵਿਚ ਬਹੁਤ ਮਕਬੂਲ ਹੋਈਆਂ। ਆਪ ਕਲਮ ਦੇ ਧਨੀ ਹੋਣ ਦੇ ਨਾਲ ਨਾਲ ਤਕਰੀਰ ਦੀ ਕਲਾ ਵਿਚ ਵੀ ਬਹੁਤ ਨਿਪੁੰਨ ਸਨ। ਉਨਾਂ ਵਿਚ ਸੁਰੋਤਿਆ ਨੂੰ ਆਪਣੇ ਸ਼ਬਦਾ ਨਾਲ ਕੀਲ ਕੇ ਰੱਖਣ ਅਤੇ ਆਪਣੇ ਨਾਲ ਵਹਾਅ ਲੈ ਜਾਣ ਦੀ ਬੇਮਿਸਾਲ



ਸਮਰੱਥਾ ਸੀ। ਆਪ ਭਾਰਤ ਦੀ ਅਗਾਂਹਵਧੂ ਅਤੇ ਜਮਹੂਰੀ ਲਹਿਰ ਨਾਲ ਸਾਰੀ ਉਮਰ ਮੂਹਰਲੀਆਂ ਕਤਾਰਾਂ ਵਿਚ ਰਹੇ। ਉਨਾਂ ਦੀ ਬਹੁਪੱਖੀ ਸ਼ਖਸੀਅਤ ਦੀ ਯਾਦ ਵਿਚ ਇਕ ਸ਼ੋਕ ਸਮਾਗਮ 5 ਜੁਲਾਈ 2015 ਨੂੰ ਕਰਵਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਚਰਨ ਸਿੰਘ ਜੱਜ ਨੂੰ 916-256-7497, ਨਵਦੀਪ ਸਿੰਘ ਧਾਲੀਵਾਲ ਨੂੰ 559-287-0822, ਮੱਖਣ ਸਿੰਘ ਬਾਸੀ ਨੂੰ 530-415-1680, ਨਰਿੰਦਰ ਸੁਜੋਂ ਨੂੰ 510-714-5058 ਜਾਂ ਮਹਿੰਗਾ ਸਿੰਘ ਚੱਠਾ ਨੂੰ 510-755-0767 ਤੇ ਸਪੰਰਕ ਕੀਤਾ ਜਾ ਸਕਦਾ ਹੈ। ਸਮਾਗਮ ਦੇ ਸਥਾਨ ਬਾਰੇ ਜਾਣਕਾਰੀ ਅਗਲੇ ਕੁਝ ਦਿਨਾਂ ਵਿਚ ਦਿੱਤੀ ਜਾਵੇਗੀ।




*ਸੁਰਿੰਦਰ ਖਾਨ ਅਤੇ ਪਰਮਜੀਤ ਕੌਰ ਦੀ ਗਜ਼ਲ ਮਹਿਫਲ ਸਥਾਨਕ ਮਹਿਰਾਨ ਰੈਸਟੋਰੈਂਟ ਵਿਚ 26 ਜੂਨ ਨੂੰ ਸ਼ਾਮੀ 6 ਵਜੇ ਆਯੋਜਿਤ ਹੋ ਰਹੀ ਹੈ। ਦੋਵੇਂ ਕਲਾਕਾਰ ਜਸਵੰਤ ਮਹਿਮੀ ਅਤੇ ਬਾਲੀਵੁੱਡ ਐਂਟਰਟੇਨਮੈਂਟ ਦੇ ਸੱਦੇ ਤੇ ਆਏ ਹਨ ਤੇ ਨਿਊਆਰਕ ਵਿਖੇ ਪ੍ਰੋਗਰਾਮ ਕਰਨਗੇ। ਹੋਰ ਜਾਣਕਾਰੀ ਲਈ ਅਵਤਾਰ ਲਾਖਾ ਨਾਲ 209-200-0818 ਜਾਂ ਵਿਜੇ ਸਿੰਘ ਨਾਲ 650-400-5156 ਤੇ ਸੰਪਰਕ ਕੀਤਾ ਜਾ ਸਕਦਾ ਹੈ।*

# ਨਹੀਓਂ ਲੱਭਣੇ ਲਾਲ ਗੁਆਚੇ...

## ਦਿੱਲੀ 1984—ਇਤਿਹਾਸਿਕ ਵਿਸ਼ਵਾਸਘਾਤ!



ਐਸ ਬਲਵੰਤ
44-745-021-1512

**ਜਦੋਂ** ਦਾ ਮੈਂ ਵਿਲਾਇਤ ਆਇਆਂ, ਬਹੁਤ ਸਾਰੀਆਂ ਗੱਲਾਂ ਹੋਰ ਵੀ ਦੇਖੀਆਂ, ਸੁਣੀਆਂ ਪਰ ਮੈਨੂੰ ਲਗਦਾ ਕਿ ਉਨ੍ਹਾਂ 'ਚੋਂ ਸਭ ਤੋਂ ਬਹੁਤ ਅਹਿਮ ਹੈ, ਚੁਗਲੀ। ਮੇਰੀ ਜਾਚੇ ਇਸ ਸ਼ਬਦ ਦਾ ਇਤਿਹਾਸ 'ਚ ਵੀ ਖਾਸਾ ਰੋਲ ਰਿਹਾ ਹੋਵੇਗਾ। ਐਥੇ ਇੰਨੇ ਪੜ੍ਹੇ ਲਿਖੇ ਸਮਾਜ ਦੀ ਸਿਰਜਣਤਾ ਦੇ ਬਾਵਜੂਦ ਵੀ ਇਹ ਇਥੋਂ ਦੀ ਬਹੁਤ ਅਹਿਮ ਗੱਲ ਹੈ। ਕੋਈ ਗੱਲ ਕਿਸੇ ਨੂੰ ਕਹਿ ਦੇਵੇ, ਲੋਕਾਂ 'ਚ ਲਿਪਸ ਕਮਿਊਨੀਕੇਸ਼ਨ ਰਾਹੀਂ ਇੰਜ ਫੈਲਦੀ ਹੈ ਜਿਵੇਂ ਜੰਗਲ 'ਚ ਅੱਗ। ਪਹਿਲਾਂ ਪਿੰਡਾਂ ਵਿਚ ਇਸੇ ਤਰ੍ਹਾਂ ਨਿੱਕੀ ਜਿਹੀ ਗੱਲ ਇਕ ਦੂਜੇ ਦੇ ਮੂੰਹੋਂ ਤੁਰਦੀ ਅੱਗ ਦੇ ਭਾਂਬੜ ਵਾਂਗ ਫੈਲ ਜਾਂਦੀ ਸੀ। ਹੁਣ ਇਸ ਕੰਮ ਲਈ ਇਥੇ ਧਾਰਮਿਕ ਸਥਾਨ ਤੇ ਨਵੀਂ ਲੱਗੀ ਬਿਮਾਰੀ-ਸੋਸ਼ਲ ਮੀਡੀਆ ਵੀ ਇਸ 'ਚ ਬਹੁਤ ਵੱਡਾ ਯੋਗਦਾਨ ਪਾ ਰਿਹਾ ਲਗਦਾ। ਫੇਸ-ਬੁਕ ਜਾਂ ਹੋਰ ਸੰਬੰਧਤ ਯੰਤਰਾਂ ਰਾਹੀਂ ਕੋਈ ਇਕ ਗੱਲ ਦਾ ਸੁਨੇਹਾ ਲਿਖ ਦੇਵੇ, ਕੋਈ ਨਹੀਂ ਸੋਚਦਾ ਕਿ ਇਹਦਾ ਦੂਸਰਾ ਪਹਿਲੂ ਵੀ ਹੋ ਸਕਦਾ ਹੈ ਤੇ ਸੱਚ ਵੀ ਪਤਾ ਕਰ ਲਿਆ ਜਾਵੇ, ਇਸ ਦੇ ਉਲਟ ਬੱਸ „ ਚੱਲ ਸੋ ਚੱਲ.!" ਹੋ ਜਾਦੀ ਹੈ। ਕਾਮੈਂਟਸ 'ਤੇ ਕਾਮੈਂਟਸ ਭਰ ਜਾਂਦੇ ਹਨ, ਕਮਾਲ, ਐਕਸੀਲੈਂਟ, ਸੁਪਰਬ, ਆਵਫੁੱਲ, ਸਿਰੇ 'ਲਾ 'ਤਾ, ਹਾਰਟ ਟਚਿੰਗ, ਤੇ ਹੋਰ ਇਸ ਤਰ੍ਹਾਂ ਦੇ ਅਣਗਿਣਤ ਲਫਜ਼ਾਂ ਨਾਲ। ਤੇ ਜੇ ਕੋਈ ਸੋਗ ਜਾਂ ਗੈਰ-ਕਾਨੂੰਨੀ ਧਾਂਦਲੀ ਹੋ ਜਾਵੇ, ਤਾਂ, ਸ਼ੇਮ, ਜੰਗਲ ਰਾਜ, ਜਾਂ ਇਸੇ ਤਰ੍ਹਾਂ ਦੇ ਸ਼ਬਦ ਵਰਤੋਂ ਵਿਚ ਲਿਆ ਕੇ ਮੋਦੀ ਜਾਂ ਬਾਦਲ ਨੂੰ ਗਾਹਲਾਂ ਕੱਢੀ ਜਾਏਗਾ।



ਲੇਖਕ ਐਸ. ਬਲਵੰਤ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਹੋਰ ਸ਼ਖਸੀਅਤਾਂ ਦੇ ਨਾਲ

ਇਹ ਕੰਮ ਪੂਰੇ ਭਾਰਤ ਵਿਚ ਤਾਂ ਪਹਿਲਾਂ ਵੀ ਸੀ। ਪਰ 1947 ਦੀ ਵੰਡ ਸਮੇਂ ਪੰਜਾਬ ਤੇ 1984 ਵਿਚ ਦਿੱਲੀ । ਦੋਹਾਂ ਵੇਲਿਆਂ ਦੇ ਕਤਲ-ਏ-ਆਮ ਸਮੇਂ ਇਸ ਤਰ੍ਹਾਂ ਦੀਆਂ ਅਫਵਾਹਾਂ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ।... ਜਿਵੇਂ 1947 'ਚ ਲੋਕਾਂ ਵਲੋਂ ਲਗਾਏ ਨਾਹਰਿਆਂ ਨੇ..."ਅੱਲਾ ਹੂ ਅਕਬਰ",...ਜੈ ਬਜਰੰਗ ਬਲੀ"...ਜੋ ਬੋਲੇ ਸੋ ਨਿਹਾਲ! " ਤੇ ਹੋਰ ਭੜਕਾਊ ਨਾਅਰਿਆਂ ਰਾਹੀਂ ਲੋਕਾਂ ਨੂੰ ਇਕ ਦੂਜੇ ਦੇ ਮਗਰ ਭਜਾਇਆ ਤੇ ਬੰਦੇ ਨੂੰ ਹਫਾ-ਹਫਾ ਕੇ ਕਤਲ ਕਰਵ-ਾਇਆ, ਇਸੇ ਤਰ੍ਹਾਂ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 ਵੇਲੇ ਦਿੱਲੀ 'ਚ ਵੀ ਅਫਵਾਹਾਂ ਨੇ ਬਹੁਤ ਵਧੇਰੇ ਮਾਤਰਾ ਵਿਚ ਬਲਦੀ 'ਤੇ ਤੇਲ ਦਾ ਕੰਮ ਕੀਤਾ। ਫਰਕ ਇੰਨਾ ਸੀ ਕਿ 1984 ਵਿਚ ਨਾਅਰਿਆਂ ਦੀ ਭਾਸ਼ਾ ਤੇ ਨਾਅਰੇ ਥੋੜ੍ਹੇ ਬਹੁਤ ਬਦਲੇ ਹੋਏ ਸਨ ਪਰ ਅਜਿਹੀਆਂ ਅਫਵਾਹਾਂ ਵਿਚਲਾ ਚਸਕਾ ਸਮਾਜ ਅੰਦਟਲੇ ਤਮਾਸ਼ਬੀਨ ਲੋਕ 1947 ਵਾਂਘ ਹੀ ਪੂਰਾ ਕਰ ਰਹੇ ਸਨ।

ਦਿੱਲੀ ਵਿਚ ਇੰਦਰਾ ਗਾਂਧੀ ਦੇ ਕਤਲ ਬਾਅਦ ਮੈਂ ਇਕ ਐਸੇ ਇਲਾਕੇ ਵਿਚ ਘਿਰਿਆ ਹੋਇਆ ਸਾਂ ਜਿਥੋਂ ਦੇ ਲੋਕ ਲੁੱਟਮਾਰ 'ਚ ਭਾਗੀਦਾਰ ਬਣਦੇ ਜਾ ਰਹੇ ਸਨ, ਜਾਂ ਇੰਜ ਕਹਿ ਲਵੋ, ਕਿ ਇਸ ਇਲਾਕੇ ਤੋਂ ਵੀ ਇਸ ਘੱਲੂਘਾਰੇ ਦਾ ਇਕ ਮੁੱਢ ਬੱਝਿਆ ਲਗਦਾ ਗਿਣਿਆ ਜਾ ਸਕਦਾ। ਇਸੇ ਕਰਕੇ ਮੈਨੂੰ ਘਰ ਬੈਠੇ ਸਭ ਕੁਝ ਦਾ ਪਤਾ ਵੀ ਲਗਦਾ ਰਿਹਾ, ਤੇ ਦੂਜੇ ਹੋਰ ਪਾਸਿਆਂ 'ਚ ਕੀ ਹੋ ਰਿਹਾ ਬਾਰੇ ਮੇਰੇ ਕਿੱਤੇ ਨਾਲ ਸੰਬੰਧਤ ਪੱਤਰਕਾਰ ਦੋਸਤ ਅਜਿਹੀ ਹਰ ਘਟਨਾ ਦੀ ਖਬਰ ਮੇਰੇ ਤੀਕ ਉੱਪੜਦੀ ਕਰ ਰਹੇ ਸਨ, ਜਿਨ੍ਹਾਂ 'ਚ ਅਸੰਭਵ ਅਫਵਾਹਾਂ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਸੁਣ ਸੁਣ ਹੈਰਾਨੀ ਹੁੰਦੀ ਸੀ।...1984 ਸਮੇਂ ਹੋਰ ਗੱਲਾਂ ਤੋਂ ਬਿਨਾਂ ਦਿੱਲੀ ਵਿਚ ਜਿਨ੍ਹਾਂ ਅਫਵਾਹਾਂ ਨੇ ਮਾਹੌਲ ਨੂੰ ਮਹਾਂ-ਗੰਧਲਾ ਕਰਨ 'ਚ ਹਿੱਸਾ ਪਾਇਆ, ਉਨ੍ਹਾਂ 'ਚੋਂ ਸਾਡੇ ਇਲਾਕੇ ਵਿਚ ਇਕ ਅਫਵਾਹ ਇਹ ਵੀ ਸੀ ਕਿ "ਸਿੱਖਾਂ ਨੇ ਬਦਲੇ ਦੀ ਭਾਵਨਾ ਨਾਲ ਕਸ਼ਮੀਰੀ ਗੇਟ ਇਲਾਕੇ 'ਚ ਪੈਂਦੇ ਇੰਦਰਪ੍ਰਸਥਾ ਕਾਲਜ 'ਚ ਪੜ੍ਹਦੀਆਂ ਕੁੜੀਆਂ ਦੇ ਹੋਸਟਲ 'ਚ ਵੜ ਕੇ ਉਨ੍ਹਾਂ ਦੀ ਇੱਜ਼ਤ ਲੁੱਟਣੀ ਸ਼ੁਰੂ ਕਰ ਦਿੱਤੀ ਹੈ", ਤੇ ਸਾਂਝੀਆਂ ਅਫਵਾਹਾਂ 'ਚ ਮੁੱਖ ਸਨ, ਸਿੱਖਾਂ ਨੇ ਪੀਣ ਵਾਲੀਆਂ ਪਾਣੀ ਦੀਆਂ ਪਾਈਪਾਂ 'ਚ ਜ਼ਹਿਰ ਮਿਲਾ ਦਿੱਤਾ ਹੈ... ਸਿੱਖਾਂ ਨੇ ਪੰਜਾਬ ਤੋਂ ਹਿੰਦੂਆਂ ਨੂੰ ਵੱਢ ਕੇ ਲਾਸ਼ਾਂ ਦੀ ਗੱਡੀ ਭਰ ਕੇ ਭੇਜੀ ਹੈ...", ਤੇ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਅਫਵਾਹਾਂ ਖੂਬ ਗਰਮ ਰਹੀਆਂ।...ਹਾਲਾਂਕਿ ਬਾਅਦ ਵਿਚ ਸਾਰੀਆਂ ਅਫਵਾਹਾਂ ਝੂਠੀਆਂ ਹੀ ਨਿਕਲੀਆਂ ਤੇ ਕੁੜੀਆਂ ਦੀ ਇੱਜ਼ਤ ਲੁੱਟਣ ਵਾਲੀ ਗੱਲ ਦੂਸਰੇ ਦਿਨ ਹੀ ਅਸਲੀਅਤ ਪਤਾ ਲਗਣ ਤੇ ਨਾਕਾਮ ਹੋ ਗਈ ਸੀ। ਪਰ ਇਸ ਅਫਵਾਹ ਨੇ ਐਂਟੀ-ਸਿੱਖ ਭਾਵਨਾ ਨੂੰ ਭੜਕਾਉਣ 'ਚ ਬਹੁਤ ਅਹਿਮ ਰੋਲ ਅਦਾ ਕੀਤਾ। ਇਥੋਂ ਤੀਕ ਕਿ ਇਹ ਸੁਣ ਮੈ ਖੁਦ ਪਸੀਜਿਆ ਗਿਆ ਸਾਂ। ਤੇ ਮੇਰਾ ਖੂਨ ਜਿਵੇਂ ਮੇਰੇ ਅੰਦਰ ਹੀ ਜੰਮ ਗਿਆ ਹੋਵੇ। ਮੈਨੂੰ ਹਾਲੇ ਵੀ ਐਨ ਉਸੇ ਤਰ੍ਹਾਂ ਚੇਤੇ ਹੈ ਜਦੋਂ ਸ਼ਰਮਾ ਜੀ ਨੇ ਮੈਨੂੰ ਆਣ ਕੇ ਇਹ ਗੱਲ ਦੱਸੀ ਸੀ, ਤਾਂ ਉਸ ਵੇਲੇ ਮੈਨੂੰ ਲੱਗਾ ਸੀ ਜਿਵੇਂ ਮੇਰੇ ਮੂਹਰੇ ਸਿੱਖ ਇਤਿਹਾਸ ਦੇ ਵਰਕੇ ਉੜ ਉੜ ਮੇਰੇ ਮੂੰਹ 'ਤੇ ਲਫੇੜਿਆਂ ਵਾਂਗ ਵੱਜ ਰਹੇ ਰਹੇ ਹੋਣ... ਜਿਨ੍ਹਾਂ ਵਰਕਿਆਂ 'ਤੇ ਮੋਟੇ ਮੋਟੇ ਅੱਖਰਾਂ 'ਚ ਉਕਰਿਆ ਇਸ ਦੇ ਉਲਟ ਹੋਵੇ। ਉਹ ਇਤਿਹਾਸ, ਜੋ ਅਸੀਂ ਪੜ੍ਹਦੇ ਸੁਣਦੇ ਰਹੇ ਸਾਂ, ਉਸ ਇਤਿਹਾਸ ਦੇ ਪੰਨਿਆਂ 'ਤੇ ਤਾਂ ਇਹੀ ਲਿਖਿਆ ਪੜ੍ਹਿਆ ਸੀ ਕਿ ਜਦੋਂ ਤੋਂ ਸਿੱਖ ਹੋਂਦ ਵਿਚ ਆਇਆ, ਉਦੋਂ ਤੋਂ ਹਰ ਕੌਮ ਦਾ ਬੰਦਾ ਮਾਣ ਨਾਲ ਇਹ ਕਸਮ





ਖਾ ਸਕਦਾ ਸੀ ਕਿ ਜੇ ਸੌ ਕੁੜੀਆਂ ਵਿਚ ਇਕ ਵੀ ਸਿੱਖ ਹੈ ਤਾਂ ਉਹ ਕੁੜੀਆਂ ਸੌ-ਫੀਸਦੀ ਸੁਰੱਖਿਅਤ ਹਨ। ਤੇ ਅੱਜ ਉਸੇ ਗੁਰੂ ਦਾ ਪਵਿੱਤਰ ਸਿੰਘ, ਭਾਵੇਂ ਲੱਖ ਲੱਬ-ਲਬੇੜ 'ਚ ਭਿੱਜਾ ਹੋਵੇ ਪਰ ਇਹੋ ਜਿਹੀ ਘਿਨਾਉਣੀ ਹਰਕਤ 'ਚ ਉਹ ਕਿਵੇਂ ਜਾਮਨ ਹੋ ਸਕਦਾ ਹੈ ਤੇ ਉਹ ਵੀ ਮਾਸੂਮ ਤੇ ਲਾਚਾਰ ਬੱਚੀਆ ਨਾਲ ਇਹੋ ਜਿਹੇ ਘਿਨਾਉਣੇ ਕਰਮ ਵਿਚ?...ਇਹ ਗੱਲ ਦੋ ਨਵੰਬਰ ਦੀ ਸ਼ਾਮ ਨੂੰ ਮੈਨੂੰ ਸ਼ਰਮਾ ਜੀ ਨੇ ਦੱਸੀ ਤਾਂ ਮੈਂ ਇਹ ਗੱਲ ਮੰਨਣੋਂ ਇਨਕਾਰ ਕਰ ਦਿੱਤਾ ਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਇੱਕਾ-ਦੁੱਕਾ ਇਨਸਾਨ ਤਾਂ ਹਰ ਕੌਮ ਵਿਚ ਮਾੜੇ ਹੋ ਸਕਦੇ ਹਨ ਪਰ ਪੂਰੀ ਕੌਮ ਦਾ ਇਹ ਵਿਹਾਰ ਹਜ਼ਮ ਕਰਨ ਯੋਗ ਨਹੀਂ। ਤੇ ਪੂਰੀ ਦੀ ਪੂਰੀ ਸਿੱਖ ਕੌਮ ਅਜਿਹਾ ਨਹੀਂ ਕਰ ਸਕਦੀ।

ਉਂਜ ਤਾਂ ਸ਼ਰਮਾ ਜੀ ਨੂੰ ਵੀ ਇਹ ਸੁਣ ਬਹੁਤ ਗਹਿਰਾ ਝਟਕਾ ਲੱਗਾ ਸੀ..„ਸਿੱਖ ਐਨੇ ਗਿਰ ਸਕਦੇ ਹਨ ?... ਕੀ ਸਿੱਖਾਂ 'ਚ ਦੀਨ-ਈਮਾਨ ਹੀ ਨਹੀਂ ਰਿਹਾ ?...ਧੀਆ- ਭੈਣਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ...ਇਹ ਕੀ ਲੋਹੜਾ ਆ ਗਿਆ?...ਉਨ੍ਹਾਂ ਨੂੰ ਯਕੀਨ ਨਹੀਂ ਸੀ ਆ ਰਿਹਾ । ਪਰ ਉਨ੍ਹਾਂ ਨੂੰ ਸ਼ਾਇਦ ਇਹ ਵੀ ਮਹਿਸੂਸ ਹੋਣ ਲਗਾ ਸੀ ਕਿ 'ਜੇ ਸਿੱਖ ਕੌਮ ਹੀ ਐਸੀ ਹੈ ਤਾਂ ਇਸ ਸਪੋਲੀਏ ਦੀ ਮਦਦ ਉਹ ਕਿਉਂ ਕਰ ਰਹੇ ਹਨ? ...ਇਨ੍ਹਾਂ ਦੀ ਗੱਚੀ ਤਾਂ ਇੱਥੇ ਹੀ ਨੱਪ ਦੇਣੀ ਚਾਹੀਦੀ ਹੈ!' " ਮੈਨੂੰ ਵੀ ਯਕੀਨ ਹੀ ਨਹੀਂ ਸੀ ਆ ਰਿਹਾ...! ਦੁਆ ਕਰ ਰਿਹਾ ਸਾਂ ਕਿ ਰੱਬ ਕਰੇ ਇਹ ਝੂਠ ਹੋਵੇ...! ਘਰ 'ਚ ਸਾਰੇ ਜੀਅ ਇਕ ਦੂਜੇ ਵਲ ਦੇਖ ਰਹੇ ਸਨ...ਟੀ. ਵੀ. ਦੀ ਖੰਬਰ ਕਿਸੇ ਦੇ ਕੰਨਾਂ 'ਚ ਨਹੀਂ ਸੀ ਜਾ ਰਹੀ... ਸਾਰੇ ਇਸ ਲੋਹੜੇ ਤੋਂ ਦੁਖੀ ਸਨ...! ਇਸ ਕਾਲਜ ਦੀ ਵਾਈਸ ਪ੍ਰਿੰਸੀਪਲ ਸਾਡੇ ਘਰ ਦੇ ਕੋਲ ਹੀ ਰਹਿੰਦੇ ਸਨ। ਸ਼ਰਮਾ ਜੀ ਨੂੰ ਵੀ ਪਹਿਲਾਂ ਉਸੇ ਤੋਂ ਪਤਾ ਲੱਗਾ ਸੀ। ਪਰ ਸਵੇਰ ਹੁੰਦਿਆਂ ਹੀ ਇਹ ਖਬਰ ਝੂਠੀ ਦੱਸੀ ਗਈ।...ਬਾਅਦ ਵਿਚ ਇਹ ਗੱਲ ਸ਼ਰਮਾ ਜੀ ਨੇ ਖੁਦ ਹੀ ਤਸਦੀਕ ਕੀਤੀ ਕਿ ਕਸ਼ਮੀਰੀ ਗੇਟ ਵਿਖੇ ਕੁੜੀਆਂ ਦੇ ਕਾਲਜ ਉਪਰ ਸਿੱਖਾਂ ਨੇ ਹਮਲਾ ਨਹੀਂ ਸੀ ਕੀਤਾ...ਸਗੋਂ ਉਹ ਤਾਂ ਅੱਧੀ ਰਾਤ ਵੇਲੇ ਆਪਣੀ ਜਾਨ ਬਚਾਉਣ ਲਈ ਛੱਤ ਭਾਲਦੇ ਉਸ ਕਾਲਜ 'ਚ ਵੜ ਰਹੇ ਸਨ...ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਹ ਕੁੜੀਆਂ ਦਾ ਕਾਲਜ ਹੈ...! ਲੋਕਾਂ ਵਿਚ ਇਹ ਚਰਚਾ ਸੀ ਕਿ ਪੁਲੀਸ ਵਾਲੇ ਸਿੱਖ ਪਰਿਵਾਰਾਂ ਨੂੰ ਦਿੱਲੀ ਦੇ ਪਿੰਡਾਂ 'ਚੋਂ ਕੱਢ ਕੇ ਲਿਆਏ ਸਨ, ਕਿਉਂਕਿ ਜਿੱਥੇ ਪੂਰੇ ਪਿੰਡ ਵਿਚ ਸਿੱਖਾ ਦੇ ਇਕਾ-ਦੁੱਕਾ ਪਰਿਵਾਰ ਹੀ ਹਨ, ਉਨ੍ਹਾਂ ਨੂੰ ਵਧੇਰੇ ਖਤਰਾ ਹੈ, ਇਸ ਲਈ ਉਨ੍ਹਾਂ ਨੂੰ ਪਿੰਡਾਂ ਦੇ ਖਤਰੇ 'ਚੋਂ ਕੱਢ ਕੇ ਸਰਕਾਰੀ ਜਾਂ ਗੈਰ-ਸਰਕਾਰੀ ਕੈਂਪਾਂ 'ਚ ਪਹੁੰਚਾ ਦਿੱਤਾ ਜਾਵੇ...ਪਰ ਪੁਲੀਸ ਵਾਲਿਆਂ ਨੇ ਉਨ੍ਹਾਂ ਨੂੰ ਪਿੰਡਾਂ 'ਚੋਂ ਤਾਂ ਲੈ ਆਂਦਾ ਪਰ ਕੁਝ ਸ਼ਰਾਰਤੀ ਪੁਲਸੀਆਂ ਨੇ ਉਨ੍ਹਾਂ ਲੋਕਾਂ ਨੂੰ ਲਿਆ ਕੇ ਸੜਕ 'ਤੇ ਹੀ ਬੱਸਾਂ 'ਚੋਂ ਹੇਠਾਂ ਲਾਹ ਲਾਵਾਰਿਸ ਛੱਡ ਦਿੱਤਾ...ਉਹ ਵਿਚਾਰੇ ਤਾਂ ਅੱਧੀ ਰਾਤੇ ਥਾਂਹ ਭਾਲ ਰਹੇ ਸਨ ਸਿਰ ਲੁਕਾਉਣ ਦੀ...ਪਰ ਉਨ੍ਹਾਂ ਪੁਲੀਸ ਵਾਲਿਆਂ ਨੇ ਹੀ ਨਾਲ ਨਾਲ ਇਹ ਅਫਵਾਹ ਉਡਾ ਦਿੱਤੀ ਕਿ ਸੀ "ਅਸੀਂ ਤਾਂ ਇਨ੍ਹਾਂ ਨੂੰ ਪਿੰਡਾਂ ਦੇ ਖਤਰਿਆਂ ਤੋਂ ਬਚਾ ਕੇ ਲਿਆਏ ਸਾਂ ਪਰ ਇਹੀ ਸਿੱਖ ਹੋਸਟਲ ਦੀਆਂ ਕੁੜੀਆਂ ਦੀ ਬੇਹੁਰਮਤੀ ਕਰਨ ਤੁਰ ਪਏ ਹਨ..!"

31 ਅਕਤੂਬਰ 1984 ਦੇ ਦਿਨ ਮੈਂ ਆਪਣੇ ਦਫਤਰ ਦੀ ਪਹਿਲੀ ਮੰਜ਼ਲ 'ਤੇ ਬੈਠਾ ਕੰਮ ਕਰ ਰਿਹਾ ਸਾਂ। ਬਾਹਰਲੀ ਦੀਨ ਦੁਨੀਆਂ ਤੋਂ ਬੇਖਬਰ । ਦੁਪਹਿਰ ਬਾਅਦ, ਅਚਾਨਕ ਮੇਰਾ ਬਾਈਂਡਰ ਅਹਿਮਦ ਦੀਨ ਮੇਰੇ ਕੋਲ ਆਇਆ ਤੇ ਉਸ ਦੱਬੀ ਦੱਬੀ ਜ਼ਬਾਨ 'ਚ ਕਿਹਾ, ਕੁਛ ਸੁਨਾ ਆਪ ਨੇ?...ਨੀਚੇ ਜੁੰਡਲੀਆਂ ਬਨਾ ਲੋਗ ਖੁਸਰ ਫੁਸਰ ਕਰ ਰਹੇ ਹੈਂ...ਇੰਦਰਾ ਗਾਂਧੀ ਕੋ ਕਿਸੀ ਸਿੱਖ ਬਾਡੀਗਾਰਡ ਨੇ ਗੋਲੀ ਮਾਰ ਦੀ ਹੈ ! "ਮੈਂ ਘਬਰਾਇਆ, ਤੇ ਆਪਣੇ ਦਰਾਜ 'ਚੋਂ ਟ੍ਰਾਂਜ਼ਿਸਟਰ ਕੱਢ ਚਾਲੂ ਕੀਤਾ ਤਾਂ ਪਾਕਿਸਤਾਨ ਰੇਡੀਉ 'ਤੇ ਖਬਰਾਂ ਦਾ ਸਪੈਸ਼ਲ ਬੁਲੀਟਨ ਆ ਰਿਹਾ ਸੀ। ਇਸ ਨੂੰ ਬੰਦ ਕਰਨ ਤੋਂ ਪਹਿਲਾਂ ਮੈਂ ਉਸੇ ਬੈਂਡ 'ਤੇ ਮੈਚ ਸੁਣ ਰਿਹਾ ਸਾਂ...। ਪਾਕਿਸਤਾਨ ਤੋਂ ਨਸ਼ਰ ਹੋ ਰਿਹਾ ਸੀ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ ਹੈ ਤੇ ਉਹ ਕ੍ਰਿਟੀਕਲ ਹਾਲਾਤ ਵਿਚ ਹਸਪਤਾਲ ਲਿਜਾਏ ਗਏ ਹਨ। ਇੰਦਰਾ ਗਾਂਧੀ ਦੇ ਕਤਲ ਦੀ ਖਬਰ ਭਾਰਤ ਸਰਕਾਰ ਨੇ ਤਾਂ ਕਈ ਕਾਰਨਾਂ ਕਰਕੇ ਤਸਦੀਕ ਨਹੀਂ ਸੀ ਕੀਤੀ, ਪਰ ਬੀ.ਬੀ.ਸੀ. ਤੋਂ ਖਬਰ ਆ ਚੁੱਕੀ ਸੀ !...ਆਸਟਰੇਲੀਆ ਰੇਡੀਓ ਵੀ ਦਸ ਚੁੱਕਾ ਸੀ!...ਪਾਕਿਸਤਾਨ ਨੇ ਵੀ ਮੈਚ ਕੈਂਸਲ ਕਰ ਦਿੱਤਾ ਸੀ! ਮੈਂ ਦਫਤਰ ਬੰਦ ਕਰ ਘਰ ਨੂੰ ਭੱਜਾ। ਪਤਨੀ ਨਾਲ ਸਲਾਹ ਕਰਨ ਮਗਰੋਂ ਅਸੀਂ ਫੈਸਲਾ ਕਰ ਲਿਆ ਕਿ ਕੁਝ ਦਿਨਾਂ ਲਈ ਘਰੋਂ ਕਿਤੇ ਹੋਰ ਚਲੇ ਚੱਲੀਏ। ਪਰ ਕਿੱਥੇ? ਇਹ ਸੁਆਲ ਕਾਫੀ ਚਿਰ ਨਾ ਸੁਲਝਿਆ। ਘਰ ਰਹਿ ਨਹੀਂ ਸੀ ਸਕਦੇ ਤੇ ਗੁਰਦੁਆਰੇ ਸ਼ਰਣ ਲੈਣ 'ਚ ਸਾਨੂੰ ਗੁਰੇਜ਼ ਸੀ ਕਿਉਂਕਿ ਮੇਰੇ ਸਿਰ ਤੇ ਕੇਸ ਬਚਪਨ ਤੋਂ ਹੀ ਨਹੀਂ ਸਨ ਤੇ ਮੈਨੂੰ ਦੂਹਰਾ ਖਤਰਾ ਮਹਿਸੂਸ ਹੋਇਆ। ਇਕ ਤਾਂ ਇਹ ਕਿ ਮੇਰੇ ਮੋਨਾ ਹੋਣ ਕਰਕੇ ਕੋਈ ਸਿੱਖ ਗੁੱਸੇ 'ਚ ਆ ਮੇਰਾ ਘਾਣ ਨਾ ਕਰ ਦੇਵੇ ਪਰ ਜੇ ਆਪਣੇ ਘਰ ਰਹਾਂ ਤਾਂ ਲੋਕਾਂ ਦਾ ਕੋਈ ਭਰੋਸਾ ਨਹੀਂ। ਇਸ ਕਰਕੇ ਮੈਂ ਇਕ ਹੋਟਲ ਚੁਣਿਆਂ। ਕਿਰਇਆ ਵੀ ਮੁਨਾਸਬ ਸੀ ਤੇ ਹੋਟਲ ਵੀ ਸਰਕਾਰੀ ਹੋਣ ਕਰਕੇ ਸਕਿਊਰਿਟੀ ਵੀ ਮਨਾਸਬ ਹੁੰਦੀ ਸੀ ਉਥੇ ਤੇ ਨਾਲੇ ਸਾਡੇ ਉਥੇ ਰਹਿਣ ਕਰਕੇ ਕਿਸੇ ਨੂੰ ਕਿਸੇ ਨੂੰ ਅਜਿਹਾ ਚਿੱਤ ਚੇਤਾ ਵੀ ਨਹੀਂ ਹੋ ਸਕਦਾ ਸੀ ਕਿ ਅਸੀਂ ਉਸ ਹੋਟਲ 'ਚ ਕਿਉਂ ਰਹਿ ਰਹੇ ਹਾਂ। ਪਰ ਜਦੋਂ ਅਸੀਂ ਤਿਆਰੀ ਕਰ ਲਈ ਤਾਂ ਸਾਡੇ ਮਾਲਕ ਮਕਾਨ ਸ਼ਰਮਾ ਜੀ ਤੇ ਉਸ ਦੀ ਪਤਨੀ ਨੇ ਸਾਨੂੰ ਨਾ ਜਾਣ ਦਿੱਤਾ। ਸ਼ਰਮਾ ਜੀ ਦਾ ਬਹੁਤ ਵੱਡਾ ਪਰਿਵਾਰ ਸੀ ਤੇ ਲੋਕਾਂ 'ਚ ਦੱਬ-ਦਬਾ ਵੀ ਬਹੁਤ ਸੀ। ਮੈਨੂੰ ਇਸ ਗੱਲ ਦਾ ਭਰੋਸਾ ਸੀ ਕਿ ਜੇ ਇਹ ਸੱਚੇ ਦਿਲੋਂ ਕਹਿ ਰਹੇ ਹਨ ਤਾਂ ਸਾਡਾ ਕੋਈ ਵਾਲ ਤਕ ਬਾਂਕਾ ਨਹੀਂ ਸੀ ਕਰ ਸਕਦਾ। ਸੋ ਅਸੀਂ ਉਥੋਂ ਜਾਣ ਦਾ ਫੈਸਲਾ ਇਸੇ ਆਧਾਰ 'ਤੇ ਰੱਦ ਤਾਂ ਕਰ ਲਿਆ ਪਰ ਮੰਨ 'ਚ ਧੁੜਕੂ ਬਰਕਰਾਰ ਸੀ। ਸ਼ਰਮਾ ਜੀ ਨੇ ਹਿਦਾਇਤ ਕਰਦਿਆਂ ਇਹ ਵੀ ਕਿਹਾ ਸੀ ਕਿ ਸਾਡੇ 'ਚੋਂ ਬਾਜ਼ਾਰ ਕੋਈ ਨਾ ਜਾਵੇ ਤੇ ਜੋ ਸਾਨੂੰ ਚਾਹੀਦਾ ਹੋਵੇ ਉਨ੍ਹਾਂ ਨੂੰ ਦੱਸੀਏ। ਉਹ ਆਪੇ ਉਸ ਦਾ ਇੰਤਜ਼ਾਮ ਕਰ ਦੇਣਗੇ। ਸ਼ਰਮਾ ਜੀ ਦੀ ਪਤਨੀ ਵੀ ਬਹੁਤ ਦਲੇਰ ਸੀ ਤੇ ਆਸੇ ਪਾਸੇ ਦੇ ਮਰਦ ਵੀ ਉਸ ਕੋਲੋਂ ਡਰਦੇ ਸਨ । ਉਹ ਸੀ ਹੀ ਇੰਨੀਂ ਧੜੱਲੇਦਰ ਕਿ ਕਿਸੇ ਨੂੰ ਕੁੱਟਣ ਵੇਲੇ ਇਹ ਨਹੀਂ ਸੀ ਦੇਖਦੀ ਕਿ ਉਹ ਮਰਦ ਹੈ ਜਾਂ ਔਰਤ। ਕਿਉਂਕਿ ਉਹਨੂੰ ਜੇ ਮਰਦ ਦੀ ਗਲਤੀ ਹੋਣ ਕਾਰਣ ਗੁੱਸਾ ਆ ਜਾਂਦਾ, ਤਾਂ ਉਹ ਆਅ ਨਾ ਦੇਖਦੀ ਨਾ ਤਾਅ, ਬੱਸ ਝੱਟ 'ਚ ਹੀ ਉਸ ਮਰਦ ਨੂੰ ਫੂੰਡ ਦਿੰਦੀ। ਪੂਰੇ ਇਲਾਕੇ ਵਿਚ ਰੋਹਬ ਸੀ ਉਨ੍ਹਾਂ ਦਾ।

ਇੰਦਰਾ ਗਾਂਧੀ ਬਾਰੇ ਮੇਰੇ ਦਿੱਲ 'ਚ ਬਹੁਤ ਇੱਜ਼ਤ ਸੀ। ਜਦੋਂ ਦੇਸ਼ 'ਚ ਐਮਰਜੈਂਸੀ ਲੱਗੀ ਤੇ ਸਾਰੇ ਦੇਸ਼ ਦੇ ਪੋਲੀਟੀਸ਼ਨ, ਗੁੰਡੇ, ਸਰਕਾਰ ਦੇ ਰਾਹ 'ਚ ਰੋੜਾ ਅਟਕਾਊ ਵਿਅਕਤੀ ਰਾਤੋ ਰਾਤ ਫੜ੍ਹ ਕੇ ਜੇਲ੍ਹਾਂ ਅੰਦਰ ਤੁੰਨ 'ਤੇ ਸਨ ਉਸ ਨੇ। ਮੇਰਾ ਪਹਿਲਾ ਵੀ, ਪਰ ਉਸ ਦਿਨ ਤੋਂ ਇੰਤਹਾ ਵਿਸ਼ਵਾਸ ਬਣਿਆਂ ਕਿ ਭਾਰਤੀ ਪੁਲੀਸ ਦੁਨੀਆਂ ਭਰ ਦੀ ਪੁਲੀਸ ਨਾਲੋਂ ਵਧੇਰੇ ਇੰਟੈਲੀਜੈਂਟ ਤੇ ਮਿਹਨਤੀ ਹੈ, ਪਰ ਉਸ ਨੂੰ ਆਜ਼ਾਦ ਤੌਰ 'ਤੇ ਕੰਮ ਕਰਨ ਦਾ ਮੌਕਾ ਨਹੀਂ ਮਿਲਦਾ। ਖੈਰ ਇਸ ਬਾਰੇ ਫਿਰ ਕਦੇ।

1975 ਦੀ ਐਮਰਜੈਂਸੀ ਮਗਰੋਂ ਜਦੋਂ ਚੋਣਾਂ ਹੋਈਆਂ ਤਾਂ ਇੰਦਰਾ ਦੇ ਖਿਲਾਫ ਲੋਕਾਂ ਨੇ ਫਤਵਾ ਦੇ ਦਿੱਤਾ ਕਿਉਂਕਿ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਲਗਭਗ ਰੋਅ ਰਐਂ ਕੇ ਲੋਕਾਂ ਨੂੰ ਪਸੀਜ ਲਿਆ ਕਿ ਜੇਲ੍ਹਾਂ 'ਚ ਉਨ੍ਹਾਂ ਉਪਰ ਬਹੁਤ ਜ਼ੁਲਮ ਹੋਇਆ। ਮੈਂ ਅਟੱਲ ਬਿਹਾਰੀ ਵਾਜਪਾਈ ਜੀ ਨੂੰ "ਜੇਲ੍ਹਾਂ 'ਚ ਮੋਟੇ ਮੋਟੇ ਮੱਛਰਾਂ ਨੇ ਉਨ੍ਹਾਂ ਨੂੰ ਵੱਢ ਵੱਢ ਖਾ ਲਿਆ", ਵਰਗੀਆਂ ਗੱਲਾਂ ਕਹਿੰਦਾ ਆਪ ਸੁਣਿਆਂ। ਇਹੋ ਜੇਹੀਆਂ ਤੇ ਹੋਰ ਬਹੁਤ ਸਾਰੀਆਂ ਗੱਲਾਂ ਜਦ ਲੋਕਾਂ ਵਿਚ ਭਾਵਕਤਾ ਨਾਲ ਪੇਸ਼ ਕੀਤੀਆਂ ਗਈਆਂ ਤਾਂ ਲੋਕੀਂ ਭਾਵਕ ਹੋ ਗਏ। ਉਦੋਂ ਲੋਕਾਂ ਵੋਟਾਂ ਇੰਦਰਾ ਗਾਂਧੀ ਦੀ ਪਾਰਟੀ ਦੇ ਵਿਰੁਧ ਪਾ ਦਿੱਤੀਆਂ ਤੇ ਉਹ ਚੋਣਾਂ ਹਾਰ ਗਈ। ਉਂਜ ਜੇ ਆਜ਼ਾਦ ਭਾਰਤ 'ਤੇ ਸਮੁੱਚੇ ਤੌਰ ਤੇ ਦੇਖੀਏ, ਤਾਂ ਇਹੀ ਨਤੀਜਾ ਨਿਕਲਦਾ ਆਮ ਚੋਣਾਂ ਸਮੇਂ ਹਮੇਸ਼ਾ ਭਾਵੁਕਤਾ ਨੂੰ ਹੀ ਮੁੱਦਾ ਬਣਾ ਉਨ੍ਹਾ ਨੂੰ ਲੜਿਆ ਗਿਆ। ਭਾਵੇਂ ਪਹਿਲਾਂ ਆਜ਼ਦੀ ਦੀ ਜਿੱਤ ਨੂੰ ਮੁੱਦਾ ਬਣਾਇਆ ਗਿਐ, ਤੇ ਮਗਰੋਂ ਭਾਵੇਂ ਚੀਨ ਜਾਂ ਪਾਕਿਸਤਾਲ ਨਾਲ ਹੋਈਆਂ ਲੜਾਈਆਂ ਦਾ ਮੱਦਾ, ਭਾਵੇਂ ਐਮਰਜੈਂਸੀ ਹੋਵੇ ਤੇ ਭਾਵੇਂ ਫੈਮਿਲੀ ਪਲੈਨਿੰਗ, ਭਾਵੇਂ ਇੰਦਰਾ ਗਾਂਧੀ ਦਾ ਕਤਲ ਤੇ ਭਾਵੇਂ ਰਾਜੀਵ ਦੀ ਮੌਤ। ਖੈਰ!

ਇੰਦਰਾ ਗਾਂਧੀ ਦੇ ਹਾਰਨ ਮਗਰੋਂ ਉਸ ਬਾਰੇ ਮੋਟੇ ਮੋਟੇ ਗਰੰਥ ਪ੍ਰਕਾਸ਼ਿਤ ਹੋਣ ਲਗੇ "ਟੂ ਫੇਸਿਸ ਆਫ ਇੰਦਰਾ ਗਾਂਧੀ"..."ਜੱਜਮੈਂਟ" ਵਰਗੀਆਂ ਕਿਤਾਬਾਂ ਦੇ ਢੇਰ ਲਗ ਗਏ। ਮੇਰੇ ਮਨ 'ਚ ਇਹ ਵਿਚਾਰ ਪਣਪਦਾ ਗਿਆ ਕਿ ਇੰਦਰਾ ਐਨਾ ਚਿਰ ਪ੍ਰਧਾਨ ਮੰਤਰੀ ਰਹੀ ਹੈ, ਪਰ ਕੀ ਉਸ ਨੇ ਕੋਈ ਚੰਗਾ ਕੰਮ ਨਹੀਂ ਕੀਤਾ?

ਸੋ ਏਸ ਗੱਲ ਨੂੰ ਲੈ ਮੈਂ ਬਹੁਤ ਲੋਕਾਂ ਨੂੰ ਇਕ ਐਸੀ ਕਿਤਾਬ ਲਿਖਣ ਲਈ ਬੇਨਤੀ ਕੀਤੀ ਜੋ ਸੱਚ ਮੁੱਚ ਕਰੀਟੀਕਲ ਹੋਵੇ ਤੇ ਇੰਦਰਾ ਗਾਂਧੀ ਦੇ ਕਾਰਜ ਕਾਲ ਦੇ ਸਮੇਂ ਨੂੰ ਪੂਰੀ ਤਰ੍ਹਾਂ ਘੋਖੇ । ਜੇ ਇੰਦਰਾ ਗਾਂਧੀ ਨੇ ਕੋਈ ਚੰਗਾ ਕੰਮ ਕੀਤਾ ਉਸ 'ਚ ਉਹ ਵੀ ਦਰਜ ਹੋਵੇ ਤੇ ਜੋ ਮਾੜਾ ਕੀਤਾ ਉਹ ਵੀ । ਅਖੀਰ ਪੰਜਾਬ ਯੂਨੀਵਰਸਿਟੀ ਦੇ ਪ੍ਰੋ ਵਿਸ਼ਵਾ ਨਾਥ ਤਿਵਾੜੀ ਮੈਨੂੰ ਪੂਨੇ ਮਿਲੇ। ਹਿੰਦੁਸਤਾਨ ਦੀ ਮਹਾਨ ਸੰਸਥਾ ਭੰਡਾਰਕਰ ਉਰੀਐਂਟਲ ਰੀਸਰਚ ਇੰਸਟੀਚਿਊਟ ਦੀ ਗੋਲਡਨ ਜੁਬਲੀ ਸੀ। ਪ੍ਰੋ ਤਿਵਾੜੀ ਪੰਜਾਬ ਯੂਨੀਵਰਸਿਟੀ ਵਲੋਂ ਡੈਲੀਗੇਟ ਸਨ ਤੇ ਮੈਂ ਇੰਸਟੀਚਿਊਟ ਦਾ ਪ੍ਰਕਾਸ਼ਕ ਹੋਣ ਨਾਤੇ ਡੈਲੀਗੇਟ ਸਾਂ। ਪ੍ਰੋ ਤਿਵਾੜੀ, ਅਮਿਤੋਜ ਵਰਗੇ ਬਰੀਲੀਐਂਟ ਸਟੂਡੈਂਟ ਦੇ ਉਸਤਾਦ ਸਨ। ਮੇਰੇ ਮਨ 'ਚ ਵਿਸ਼ਵਾਸ ਜਾਗਿਆ ਕਿ ਉਹ ਬਿਲਕੁਲ ਉਹੋ ਜਿਹੀ ਕਿਤਾਬ ਲਿਖਣਗੇ, ਜਿਹੋ ਜਿਹੀ ਮੈਂ ਲੋਚਦਾ ਸਾਂ। ਪਰ ਖੈਰ। ਉਹ ਕਿਤਾਬ ਲਿਖੀ ਗਈ। ਦਿੱਲੀ ਦੇ ਪਰੈਸ ਕਲੱਬ ਵਿਚ ਰੀਲੀਜ਼ ਫੰਕਸ਼ਨ ਹੋਇਆ। ਕੁਲਦੀਪ ਨਈਅਰ ਨੇ ਆਉਣਾ ਮੰਨਿਆਂ, ਪਰ ਅਖੀਰ ਮੁਕਰ ਗਏ। ਖੁਸ਼ਵੰਤ ਸਿੰਘ ਤੇ ਇੰਦਰਾ ਗਾਂਧੀ ਆਏ। ਹਰ ਪਾਸੇ ਰੌਲਾ ਪੈ ਗਿਆ। ਇਸ ਕਿਤਾਬ ਬਾਰੇ, ਪ੍ਰੋ ਤਿਵਾੜੀ ਤੇ ਮੇਰੇ ਖੁਦ ਦੇ ਖਿਲਾਫ ਵੀ ਬਹੁਤ ਕੁਝ ਲਿਖਿਆ ਗਿਆ। ਕਈ ਕੁਝ ਤੇ ਊਲ-ਜਲੂਲ ਵੀ। ਵਿਰੋਧੀ ਪਾਰਟੀਆਂ ਦਾ ਜ਼ੋਰ ਲਗ ਗਿਆ ਕਿ ਇੰਦਰਾ ਗਾਂਧੀ ਦੋਬਾਰਾ ਪਾਵਰ 'ਚ ਨਾ ਆਵੇ, ਪਰ ਲੋਕਾਂ ਨੇ ਦੇਖ ਲਿਆ ਸੀ ਕਿ ਮਿਲੀ ਜੁਲੀ ਸਰਕਾਰ ਜਨਤਾ ਨੂੰ ਕੁਝ ਦੇਣ ਜੋਗੀ ਹੀ ਨਹੀਂ ਸੀ ਤੇ ਇੰਦਰਾ ਦੋਬਾਰਾ ਪਵਿਰ 'ਚ ਆ ਗਏ। ਮੈਂ ਇਥੇ ਇਨ੍ਹਾਂ ਗੱਲਾਂ ਦਾ ਜ਼ਿਕਰ ਇਸ ਲਈ ਵੀ ਕੀਤਾ ਕਿ ਸ਼ਰਮਾ ਜੀ ਵੀ ਇੰਦਰਾ ਗਾਂਧੀ ਦੇ ਭਗਤ ਸਨ ਤੇ ਮੇਰੀ ਇਸ ਕਿਤਾਬ ਰੀਲੀਜ਼ ਦੇ ਫੰਕਸ਼ਨ 'ਚ ਆਏ ਵੀ ਸਨ। ਉਨ੍ਹਾਂ ਨੂੰ ਉਥੇ ਹੀ ਇੰਦਰਾ ਗਾਂਧੀ ਨੂੰ ਜ਼ਾਤੀ ਤੌਰ 'ਤੇ ਦੇਖਣ ਤੇ ਨਮਸਤੇ ਕਰਨ ਦਾ ਮੌਕਾ ਵੀ ਮਿਲਿਆ ਤੇ ਇਹ ਫੰਕਸ਼ਨ ਮੇਰਾ ਹੋਣ ਕਾਰਨ ਉਹ ਮੇਰੇ ਤੋਂ ਕਾਫੀ ਪ੍ਰਭਾਵਤ ਵੀ ਹੋਏ। ਸ਼ਾਇਦ ਇਹ ਵੀ ਇਕ ਮੁਖ ਕਣਰਨ ਸੀ, ਸ਼ਰਮਾ ਵਲੋਂ ਮਦਦ ਦਾ ਤੇ ਉਨ੍ਹਾਂ ਦੀ ਮਦਦ ਨਾਲ ਓਸ ਸਮੇਂ ਬਚਣ ਦਾ।

ਇਥੇ ਇਕ ਗੱਲ ਦਾ ਜ਼ਿਕਰ ਮੈਂ ਹੋਰ ਕਰਨਾ ਚਾਹਾਂਗਾ। ਉਹ ਇਹ ਕਿ ਮੈਂ ਜਦੋਂ ਪੰਜਾਬ ਤੋਂ ਦੁਬਾਰਾ ਦਿੱਲੀ, ਬੰਬਈ ਤੇ ਫਿਰ ਦਿੱਲੀ ਆਇਆ ਅਤੇ ਆਪਣੇ ਖੁਦ ਦੇ ਪ੍ਰਕਾਸ਼ਨ ਦਾ ਕੰਮ ਸ਼ੁਰੂ ਕੀਤਾ, ਤਾਂ ਮੇਰੇ ਕੋਲ ਕੋਈ ਵਪਾਰਕ ਸਿਰਨਾਵਾਂ ਨਾ ਹੋਣ ਕਾਰਣ ਮੈਂ ਆਪਣੇ ਭਰਾ ਦੀ ਦੁਕਾਨ ਦਾ ਐਡਰੈਸ ਵਰਤਿਆ ਸੀ ਕਿਉਂਕਿ ਡਾਕੀਆ ਰਜਿਸਟਰੀ ਨਾ ਦੇਣ ਲਈ ਜ਼ਿਦ ਕਰਦਾ ਸੀ ਕਿ ਸਰਕਾਰੀ ਘਰ 'ਚ ਕਾਰੋਬਾਰੀ ਚਿੱਠੀ ਉਹ ਨਹੀਂ ਦੇ ਸਕਦਾ । ਤੇ ਸ਼ਰਮਾ ਜੀ ਦਾ ਘਰ ਇਸ ਦਫਤਰ ਤੋਂ ਬਹੁਤ ਨੇੜੇ ਸੀ। ਇਸ ਲਈ ਮੈਂ ਕਰੋਲ ਬਾਗ ਤੋਂ ਇਥੇ ਸ਼ਿਫਟ ਕਰਨ ਦੀ ਸੋਚੀ। ਸ਼ਰਮਾ ਜੀ ਕੋਲ ਇਕ ਪੋਰਸ਼ਨ ਖਾਲੀ ਸੀ ਤੇ ਮੈਨੂੰ ਉਹ ਪਸੰਦ ਵੀ ਸੀ ਤੇ ਮੇਰੇ ਕੰਮ ਕਰਕੇ ਮੈਨੂੰ ਮੁਨਾਸਿਬ ਵੀ ਗਹੁਤ ਲੱਗਾ। ਪਰ ਜਦੋਂ ਕਿਰਾਇਆ ਵਗੈਰਾ ਤੈਅ ਹੋ ਗਿਆ ਤੇ ਸਫੇਦੀ ਹੋਣ ਲਗੀ, ਤਾਂ ਮੈਨੂੰ ਉਹ ਘਰ ਕਿਰਾਏ 'ਤੇ ਦੇਣ ਲਈ ਸ਼ਰਮਾ ਜੀ ਮੁਕਰ ਗਏ।

**(ਲੜੀਵਾਰ ਲੇਖ, ਚਲਦਾ)**

# International Yoga Day, 2015 in San Francisco











**San Francisco-** The Indian Consulate, San Francisco has organized the first International Yoga Day, 2015 event yesterday i.e. on 21.06.15 in Marina Green Park, Marina Boulevard, San Francisco from 9.30 AM - 2.30 PM. The event was organized on a large scale and it has become a huge and grand success. Approx. 3000 people from San Francisco and surrounding areas of the California state have participated in the event. Hon' ble Union Minister of Finance, Government of India, Sh. Arun Jaitley was the Chief Guest at the event.

The event was organized in association with the Art of Living Foundation and other like minded organizations including Isha Foundation, Bramha Kumaris, Yoga Ascent of North America (YANA), Ashtanga, Overseas Volunteers for better India (OVBI), Hindu Swayam Sevak Sangh (HSS), Yoga Bharathi, Iyengar Yoga etc.

The event started with a prayer and it was followed by several sessions by above mentioned Yoga associations. The video message given by Hon' ble Indian Prime Minister Sh. Narendra Modi on the occasion of International Yoga Day, 2015 was also played during the event. In his message, Shri Narendra Modi stated that the whole world is committed, determined and looking forward to June 21, the International Yoga Day. India feels proud of the fact that the United Nations has taken forward this mission of Yoga to the world and it was co-sponsored by 177 countries and India's invaluable heritage has become the world's invaluable heritage today.

Stating that each country in the present day world is feeling isolated today, he added that this situation is not in the collective interest. Highlighting the positive aspects of the Yoga, he stated that it would lead to a stress free human mind, through which it would ultimately lead to the stress free society. He heartily felicitated the world community for supporting the International Yoga Day.

In his address to the audience, the Chief Guest of the event, Sh. Arun Jaitley described Yoga as an art and science that stabilizes the human mind, controls the human emotions and brings the human body back in tandem in a state of fitness. Stating that it is now a codified science and the world today adopts it as an established practice, he added that "I must say that we are delighted that coming from a civilization where it started that it carries the message of peace, humanity, well being of the human being and the human mind world across". The participants have enthusiastically participated in the event and they have done the 'Yogasanas' with much discipline and commitment. Significantly, a large number of local and native Americans have also participated in the event. Several other dignitaries including the Consul General, Consulate of India, San Francisco, Sh. Ashok Venkatesan; CEOs of several Tech Companies; a Council Member from the Bay Area; prominent photographer Benoy Behl etc. have also participated in the event.




# ਕੁਝ ਵਿਹਲੇ ਤੇ ਕੁਝ ਹੋਰ ਕੰਮ ਕਰਦੇ ਰਹੇ ਵੱਡੀ ਉਮਰ ਦੇ ਕਲਾਕਾਰ



ਬੀਤੇ ਜ਼ਮਾਨੇ ਦੇ ਦੋ ਵੱਡੇ ਫ਼ਿਲਮੀ ਸਿਤਾਰੇ ਦਲੀਪ ਕੁਮਾਰ ਅਤੇ ਸ਼ਸ਼ੀ ਕਪੂਰ ਨੂੰ ਬੀਤੇ ਦਿਨੀਂ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਆ ਗਿਆ। 'ਟ੍ਰੈਜਡੀ ਕਿੰਗ' ਦਲੀਪ ਕੁਮਾਰ ਨੂੰ ਪਦਮ ਵਿਭੂਸ਼ਨ ਮਿਲਿਆ ਤਾਂ ਹਰਫ਼ਨਮੌਲਾ ਅਭਿਨੇਤਾ ਸ਼ਸ਼ੀ ਕਪੂਰ ਨੂੰ ਦਾਦਾ ਸਾਹਬ ਫਾਲਕੇ ਪੁਰਸਕਾਰ। ਇਹ ਦੇਖ ਕੇ ਉਨ੍ਹਾਂ ਉਮਰਦਰਾਜ ਫ਼ਿਲਮੀ ਸਿਤਾਰਿਆਂ ਦੀ ਯਾਦ ਅਚਾਨਕ ਤਾਜ਼ਾ ਹੋ ਉੱਠੀ ਜਿਨ੍ਹਾਂ ਦੀਆਂ ਫ਼ਿਲਮਾਂ ਕਦੀ ਟਿਕਟ ਖਿੜਕੀ 'ਤੇ ਨਵੇਂ ਰਿਕਾਰਡ ਬਣਾਉਂਦੀਆਂ ਸਨ।

ਭਾਵੇਂ ਉਹ ਆਪਣੀ ਫਿਟਨੈੱਸ ਪ੍ਰਤੀ ਅਜੇ ਵੀ ਸੁਚੇਤ ਹਨ, ਪਰ ਉਨ੍ਹਾਂ 'ਚੋਂ ਗਿਣਤੀ ਦੇ ਹੀ ਵੱਡੇ ਜਾਂ ਛੋਟੇ ਪਰਦੇ 'ਤੇ ਕਦੇ-ਕਦੇ ਦਿਖਾਈ ਦਿੰਦੇ ਹਨ। ਕਈਆਂ ਦੇ ਕੰਮ ਕਰਨ ਦੇ ਖੇਤਰ ਜ਼ਰੂਰ ਬਦਲ ਗਏ ਹਨ। ਜਿਵੇਂ ਮਨੋਜ ਕੁਮਾਰ ਫ਼ਿਲਮ ਨਿਰਮਾਣ ਅਤੇ ਅਦਾਕਾਰੀ ਦੇ ਨਾਲ ਸ਼ਾਇਰੀ ਦਾ ਸ਼ੌਕ ਫਰਮਾ ਰਹੇ ਹਨ। ਆਓ, ਜਾਣਦੇ ਹਾਂ ਕਿ ਉਮਰ ਦੇ ਇਸ ਪੜਾਅ 'ਤੇ ਇਹ ਕਲਾਕਾਰ ਕੀ ਕਰ ਰਹੇ ਹਨ?

**ਵਹੀਦਾ ਰਹਿਮਾਨ:** 'ਗਾਈਡ', 'ਮੁਝੇ ਜੀਨੇ ਦੋ', 'ਨੀਲ ਕਮਲ', 'ਪ੍ਰੇਮ ਪੁਜਾਰੀ', 'ਤੀਸਰੀ ਕਸਮ', 'ਧਰਤੀ', 'ਖਾਮੋਸ਼ੀ', 'ਰੇਸ਼ਮਾ ਔਰ ਸ਼ੇਰਾ' ਆਦਿ ਦੋ ਦਰਜਨ ਨਾਲੋਂ ਵੱਧ ਫ਼ਿਲਮਾਂ ਵਿੱਚ ਵਹੀਦਾ ਰਹਿਮਾਨ ਦੀ ਅਦਾਕਾਰੀ ਹਮੇਸ਼ਾਂ ਯਾਦ ਰਹੇਗੀ। 1991 ਵਿੱਚ ਯਸ਼ ਚੋਪੜਾ ਦੀ 'ਲਮਹੇਂ' ਰਿਲੀਜ਼ ਹੋਣ ਤੋਂ ਬਾਅਦ ਉਨ੍ਹਾਂ ਨੇ ਤੈਅ ਕੀਤਾ ਕਿ ਹੁਣ ਉਹ ਫ਼ਿਲਮੀ ਪਰਦੇ ਦੀ ਚਮਕ ਨਹੀਂ ਬਣਨਗੇ। ਇਸ ਤੋਂ ਬਾਅਦ ਉਹ ਬਾਰ੍ਹਾਂ ਸਾਲ ਤਕ ਕਿਸੇ ਤਰ੍ਹਾਂ ਦੇ ਪ੍ਰਚਾਰ ਤੋਂ ਦੂਰ ਰਹੇ। ਇਸ ਦੌਰਾਨ ਇੱਕ ਲੰਮੀ ਬਿਮਾਰੀ ਦੇ ਬਾਅਦ ਉਨ੍ਹਾਂ ਦੇ ਪਤੀ ਕੰਵਲਜੀਤ ਦੀ ਮੌਤ ਹੋ ਗਈ। ਹੁਣ ਉਨ੍ਹਾਂ ਆਪਣੇ ਇਸ ਪਸੰਦੀਦਾ ਖੇਤਰ ਵਿੱਚ ਵਾਪਸੀ ਕੀਤੀ ਹੈ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਦੋਵੇਂ ਬੱਚੇ ਵੱਡੇ ਹੋ ਗਏ ਸਨ ਅਤੇ ਮੁੰਬਈ ਤੋਂ ਉਨ੍ਹਾਂ ਨੂੰ ਯਾਦ ਕੀਤਾ ਜਾ ਰਿਹਾ ਸੀ। ਇਸ ਲਈ ਉਹ ਫਿਰ ਤੋਂ ਮੁੰਬਈ ਆਪਣੇ ਬੰਗਲੇ ਵਿੱਚ ਰਹਿਣ ਆ ਗਈ। ਇਸ ਨਾਲ ਅਦਾਕਾਰੀ ਦੀ ਦੂਜੀ ਪਾਰੀ ਵੀ ਸ਼ੁਰੂ ਹੋ ਗਈ ਅਤੇ ਹੁਣ ਉਮਰ ਦਾ ਖ਼ਿਆਲ ਪਿੱਛੇ ਰਹਿ ਗਿਆ ਹੈ। ਹੁਣ ਇਸ ਉਮਰ ਵਿੱਚ ਅਦਾਕਾਰੀ ਉਨ੍ਹਾਂ ਲਈ ਇੱਕ ਸ਼ੌਕ ਵਾਂਗ ਹੈ। ਇੱਛਾ ਹੁੰਦੀ ਹੈ ਤਾਂ ਕਦੀ-ਕਦਾਈਂ ਕਿਸੇ ਫ਼ਿਲਮ ਵਿੱਚ ਦਿਖਾਈ ਦੇ ਜਾਂਦੇ ਹਨ। ਉਨ੍ਹਾਂ ਦੇ ਪ੍ਰਸ਼ੰਸਕ ਇਸੇ ਨਾਲ ਖ਼ੁਸ਼ ਹਨ।

**ਦਲੀਪ ਕੁਮਾਰ:** 91 ਸਾਲ ਦੇ ਦਲੀਪ ਕੁਮਾਰ ਵੀ ਇਸ ਮਾਮਲੇ ਵਿੱਚ ਕਿਸੇ ਤੋਂ ਘੱਟ ਨਹੀਂ ਸਨ। ਹਾਲਾਂਕਿ ਪਿੱਛੇ ਜਿਹੇ ਉਨ੍ਹਾਂ ਦੀ ਸਿਹਤ ਕਾਫ਼ੀ ਖ਼ਰਾਬ ਸੀ ਅਤੇ ਯਾਦਦਾਸ਼ਤ 'ਤੇ ਵੀ ਫ਼ਰਕ ਪਿਆ ਸੀ, ਪਰ ਫਿਰ ਵੀ ਉਨ੍ਹਾਂ ਨੇ ਆਪਣੇ ਆਪ ਨੂੰ ਕਾਫ਼ੀ ਚੁਸਤ-ਦਰੁਸਤ ਰੱਖਿਆ ਹੋਇਆ ਹੈ। ਪਾਲੀ ਹਿੱਲ ਸਥਿਤ ਆਪਣੇ ਬੰਗਲੇ ਦੇ ਨੇੜੇ ਤੇੜੇ ਰਹਿਣ ਵਾਲੇ ਬੱਚਿਆਂ ਨਾਲ ਉਨ੍ਹਾਂ ਦੀ ਚੰਗੀ ਦੋਸਤੀ ਹੈ। ਬੱਚੇ, ਉਨ੍ਹਾਂ ਨੂੰ ਯੂਸਫ਼ ਅੰਕਲ ਕਹਿ ਕੇ ਸੰਬੋਧਨ ਕਰਦੇ ਹਨ। ਬੱਚਿਆਂ ਨਾਲ ਹੱਸ ਖੇਡ ਕੇ ਉਨ੍ਹਾਂ ਦੇ ਚਿਹਰੇ 'ਤੇ ਵੀ ਬੱਚਿਆਂ ਜਿਹੀ ਮੁਸਕਰਾਹਟ ਉੱਭਰ ਆਉਂਦੀ ਹੈ। ਵਧਦੀ ਉਮਰ ਦੀ ਵਜ੍ਹਾ ਨਾਲ ਕੁਝ ਦੇਰ ਗੱਲ ਕਰਨ ਬਾਅਦ ਉਨ੍ਹਾਂ ਦਾ ਸਾਹ ਫੁੱਲਣ ਲੱਗਦਾ ਹੈ, ਪਰ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਉਵੇਂ ਹੀ ਚੱਲ ਰਹੀ ਹੈ। ਆਪਣੇ ਸ਼ੌਕ ਨੂੰ ਉਹ ਅਜੇ ਵੀ ਕਾਫ਼ੀ ਸਮਾਂ ਦਿੰਦੇ ਹਨ। ਉਨ੍ਹਾਂ ਦੀ ਪਤਨੀ ਸਾਇਰਾ ਬਾਨੋ ਕਹਿੰਦੀ ਹੈ ਕਿ ਡਾਕ-ਟਰਾਂ ਦੀ ਕਹਿਣਾ ਨਹੀਂ ਮੰਨਦੇ। ਅੱਜ ਵੀ ਕਦੀ-ਕਦੀ ਬਰਿਆਨੀ ਬਣਾਉਣ ਤੁਰ ਪੈਂਦੇ ਹਨ। ਵਿੱਚ-ਵਿੱਚ ਦੋਸਤਾਂ ਨੂੰ ਦਾਅਵਤ 'ਤੇ ਸੱਦਣਾ ਉਨ੍ਹਾਂ ਨੂੰ ਚੰਗਾ ਲੱਗਦਾ ਹੈ।

ਉਨ੍ਹਾਂ ਦੇ ਫੁਟਬਾਲ ਦੇ ਸ਼ੌਕ ਬਾਰੇ ਸਾਰੇ ਜਾਣਦੇ ਹਨ। ਕਦੇ ਫੁਟਬਾਲ ਦੇ ਪ੍ਰਤੀ ਉਨ੍ਹਾਂ ਦਾ ਬਹੁਤ ਲਗਾਉ ਸੀ। ਉਨ੍ਹਾਂ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਫੁਟਬਾਲ ਵਿੱਚ ਅਸੀਂ ਕਾਫ਼ੀ ਪੱਛੜੇ ਹੋਏ ਹਾਂ। ਅੱਜ ਵੀ ਵਿਸ਼ਵ ਕੱਪ ਦੇ ਕੁਝ ਚੋਣਵੇਂ ਮੈਚ ਦੇਖਣਾ ਉਹ ਕਦੇ ਨਹੀਂ ਭੁੱਲਦੇ। ਉਹ ਹੱਸ ਕੇ ਦੱਸਦੇ ਹਨ, ''ਫੁਰਸਤ ਹੀ ਫੁਰਸਤ ਹੈ। ਉਸ ਵਿੱਚੋਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਚੰਗੇ ਮੈਚ ਦਾ ਮਜ਼ਾ ਲੈ ਲੈਂਦਾ ਹਾਂ।''

**ਮਾਲਾ ਸਿਨਹਾ:** ਨਾਇਕਾ ਮਾਲਾ ਸਿਨਹਾ ਵੀ ਫੁਰਸਤ ਦੇ ਇੱਕ-ਇੱਕ ਪਲ ਦਾ ਲੁਤਫ਼ ਲੈ ਰਹੀ ਹੈ। ਬਾਂਦਰਾ ਪੱਛਮ ਦੇ ਕਾਟਰ ਰੋਡ ਸਥਿਤ ਆਪਣੇ ਵੱਡੇ ਬੰਗਲੇ ਵਿੱਚ ਉਹ ਪਿਛਲੇ ਇੱਕ ਅਰਸੇ ਤੋਂ ਇਕੱਲੀ ਰਹਿ ਰਹੀ ਹੈ, ਪਰ ਆਪਣੇ ਇਸ ਇਕੱਲੇਪਣ ਨੂੰ ਉਸ ਨੇ ਬੋਰੀਅਤ ਦਾ ਜਾਮਾ ਨਹੀਂ ਪਹਿਨਣ ਦਿੱਤਾ। ਇੱਕੋ-ਇੱਕ ਬੇਟੀ ਪ੍ਰਤਿਭਾ ਸਿਨਹਾ ਦਾ ਕਰੀਅਰ ਕੁਝ ਖ਼ਾਸ ਨਹੀਂ ਜੰਮਿਆ ਤਾਂ ਉਸ ਨੇ ਵਿਆਹ ਕਰ ਕੇ ਘਰ ਵਸਾ ਲਿਆ। ਉਹ ਕਿਤੇ- ਕਿਤੇ ਉਨ੍ਹਾਂ ਨੂੰ ਮਿਲਣ ਲਈ ਆ ਜਾਂਦੀ ਹੈ। ਸ਼ੁਰੂ ਤੋਂ ਹੀ ਮਾਲਾ ਸਿਨਹਾ ਨੂੰ ਕੁੱਤੇ ਪਾਲਣ ਦਾ ਸ਼ੌਕ ਰਿਹਾ ਹੈ। ਇੱਥੋਂ ਤਕ ਕਿ ਗਲੀ ਦੇ ਕੁੱਤੇ ਵੀ ਉਨ੍ਹਾਂ ਨੂੰ ਬੜੀ ਚੰਗੀ ਤਰ੍ਹਾਂ ਨਾਲ ਪਛਾਣਦੇ ਹਨ। ਮਾਲ ਸਿਨਹਾ ਆਪਣੇ ਢੰਗ ਨਾਲ ਸਮਾਜਿਕ ਕੰਮ ਕਰਦੀ ਰਹਿੰਦੀ ਹੈ।

ਉਨ੍ਹਾਂ ਦਾ ਕਹਿਣਾ ਹੈ, ''ਮੇਰਾ ਇਹ ਮੰਨਣਾ ਹੈ ਕਿ ਮਦਦ ਹਾਸਲ ਕਰਨ ਵਾਲੇ ਨੂੰ ਇਹ ਪਤਾ ਨਹੀਂ ਲੱਗਣਾ ਚਾਹੀਦਾ ਕਿ ਮਦਦ ਕਰਨ ਵਾਲਾ ਹੱਥ ਕਿਸ ਦਾ ਹੈ। ਇਸ ਨਾਲ ਮਦਦ ਕਰਨ ਵਾਲੇ ਅਤੇ ਮਦਦ ਲੈਣ ਵਾਲੇ, ਦੋਵਾਂ ਲੋਕਾਂ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ।'' ਮਾਲਾ ਸਿਨਹਾ ਆਪਣੇ ਪਾਲਤੂ ਕੁੱਤਿਆਂ ਨੂੰ ਲੈ ਕੇ ਬਾਕੀ ਸਾਰੇ ਨਾਇਕ ਨਾਇਕਾਵਾਂ ਨਾਲੋਂ ਜ਼ਿਆਦਾ ਵਿਅਸਤ ਹੈ। ਇਸ ਸਮੇਂ ਉਨ੍ਹਾਂ ਕੋਲ ਛੇ ਵਿਦੇਸ਼ੀ ਨਸਲ ਦੇ ਕੁੱਤੇ ਹਨ, ਜਿਨ੍ਹਾਂ ਦੀ ਦੇਖਭਾਲ ਵਿੱਚ ਹੀ ਸਾਰਾ ਸਮਾਂ ਬੀਤ ਜਾਂਦਾ ਹੈ। ਉਂਜ, ਅੱਜ ਵੀ ਉਹ ਆਪਣੀਆਂ



ਸੁਪਰਹਿੱਟ ਫ਼ਿਲਮਾਂ ਦੀ ਯਾਦ ਤਾਜ਼ਾ ਕਰ ਲੈਂਦੇ ਹਨ।

**ਆਸ਼ਾ ਪਾਰਿਖ:** ਆਸ਼ਾ ਪਾਰਿਖ ਨੂੰ ਪਿੱਛੇ ਜਿਹੇ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾ-ਜਿਆ ਗਿਆ ਹੈ। ਉਨ੍ਹਾਂ ਦੇ ਨਾਂ ਦਾ ਇੱਕ ਹਸਪਤਾਲ ਹੈ। ਉੱਥੋਂ ਦੀ ਦੇਖ-ਰੇਖ ਵਿੱਚ ਹੀ ਉਨ੍ਹਾਂ ਦਾ ਬਹੁਤਾ ਸਮਾਂ ਬੀਤ ਜਾਂਦਾ ਹੈ। ਦੂਜੀਆਂ ਪੁਰਾਣੀਆਂ ਨਾਇਕਾਵਾਂ ਦੀ ਤੁਲਨਾ ਵਿੱਚ ਉਨ੍ਹਾਂ ਨੇ ਆਪਣੇ-ਆਪ ਨੂੰ ਕੁਝ ਜ਼ਿਆਦਾ ਹੀ ਵਿਅਸਤ ਕਰ ਰੱਖਿਆ ਹੈ। ਉਹ ਕਦੇ-ਕਦੇ ਫ਼ਿਲਮਾਂ ਵਿੱਚ ਵੀ ਦਿਖਾਈ ਦੇ ਜਾਂਦੇ ਹਨ। ਉਂਜ, ਉਨ੍ਹਾਂ ਦੀ ਇੱਕ ਟੀ.ਵੀ. ਕੰਪਨੀ ਵੀ ਹੈ ਜੋ ਲਗਾਤਾਰ ਕੁਝ ਨਵਾਂ ਕਰਨ ਦੀਆਂ ਸਕੀਮਾਂ ਬਣਾਉਂਦੀ ਰਹਿੰਦੀ ਹੈ। ਉਨ੍ਹਾਂ ਦੇ ਇੱਕ ਬਹੁਤ ਹੀ ਚਰਚਿਤ ਸੀਰੀਅਲ 'ਕੋਰਾ ਕਾਗਜ਼' ਨੂੰ ਦਰਸ਼ਕ ਅਜੇ ਤਕ ਨਹੀਂ ਭੁਲਾ ਸਕੇ। ਆਸ਼ਾ ਜੀ ਦੀ ਦਿਲਕਸ਼ ਮੁਸਕਰਾਹਟ ਉਨ੍ਹਾਂ ਦੇ ਚਿਹਰੇ 'ਤੇ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਉਹ ਕਹਿੰਦੇ ਹਨ ਕਿ ਮੈਂ ਵਿਆਹ ਕਰਕੇ ਘਰ ਨਹੀਂ ਵਸਾਇਆ, ਪਰ ਸਮਾਜ ਨੂੰ ਮੈਂ ਹਮੇਸ਼ਾਂ ਇੱਕ ਵੱਡਾ ਪਰਿਵਾਰ ਸਮਝਿਆ ਹੈ। ਮੈਂ ਉਨ੍ਹਾਂ ਦੇ ਕਿਸੇ ਕੰਮ ਆ ਸਕਾਂ, ਇਹ ਗੱਲ ਮੇਰੇ ਅੰਦਰ ਹੌਸਲਾ ਪੈਦਾ ਕਰ ਦਿੰਦੀ ਹੈ। ਇਸੇ ਖ਼ੁਸ਼ੀ ਨਾਲ ਜੀਵਨ ਦਾ ਇਹ ਸਫਰ ਬਹੁਤ ਚੰਗੀ ਤਰ੍ਹਾਂ ਨਾਲ ਬਤੀਤ ਹੋ ਰਿਹਾ ਹੈ। ਅੱਗੇ ਦਾ ਜੀਵਨ ਵੀ ਇਵੇਂ ਹੀ ਵਿਅਸਤ ਰਹੇਗਾ।


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆਂ ਤੋਂ
ਵਧੀਆਂ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆਂ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ
KASH FABRICS
ONE STOP SHOPPING CENTRE
29576 Mission Blvd, Hayward, CA 94544
www.kashfabrics.com
Tel: 510-538-1138
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
The Threading Queen
threading & Heena Tattoos
Call for appointment
(916) 297-0150, (916) 316-8199
EYEBROW THREADING & HENNA TATTOO (EACH HAND)
ONLY FOR $5.00
REGULAR $8.00
WALK IN WELCOME
MON-SAT 10am TO 7pm
WE ACCEPT EBT CARDS
1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: nfo@skyhighinsuranceagency.com
Website: www.skyhighinsuranceagency.com



| ਮਨਦੀਪ ਖਿਆੜਾ | ਜਸਵੀਰ ਕੌਰ | ਗਗਨਦੀਪ ਸਿੰਘ | ਹਰਮਨ ਸਿੰਘ |
|---|---|---|---|
| ਏਜੰਟ | ਬਰੋਕਰ | ਏਜੰਟ | ਏਜੰਟ |
| 209-666-0032 | 925-895-8140 | 925-724-7070 | 510-415-8154 |

# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।




**Bhajji Gill (510-277-6315), Chain Gill 510-542-1181**

**42400 Boyce Rd., Unite F, Fremont, CA 94538**

**Truck, Trailer Repair & Tyre Servicse**